I N T E R N A T I O N A L   M A G A Z I N E

RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਜਨਵਰੀ 2022





ਤਹੀ ਪ੍ਰਕਾਸ ਹਮਾਰਾ ਭਯੋ॥
ਪਟਨਾ ਸਹਰ ਬਿਖੈ ਭਵ ਲਯੋ॥



'ਸ਼ਹੀਦਾਂ ਦੀ ਯਾਦ' ਵਿੱਚ ਹੋਏ ਸਾਲਾਨਾ ਸਮਾਗਮ ਸਮੇਂ ਘਨੌਰ ਮੰਡੀ ਵਿਖੇ ਟਰੱਸਟ ਰਤਵਾੜਾ ਸਾਹਿਬ ਦੇ
ਮੌਜੂਦਾ ਮੁਖੀ ਸ੍ਰੀ ਮਾਨ ਸੰਤ ਬਾਬਾ ਲਖਬੀਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ,
ਨਾਲ ਸੁਸ਼ੋਭਿਤ ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ।







# ਆਤਮ ਮਾਰਗ

ਸਾਲ-ਸਤਾਈਵਾਂ, ਮਹੀਨਾ-ਜਨਵਰੀ, 2022

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

**ਸੱਚਖੰਡ ਵਾਸੀ**

**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ — ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

**ਫੋਨ :- 84378-12900, 94172-14391, 94172-14379**

**Email :atammarg1@yahoo.co.in**

**Postal Address for any Enquiry, Money Order, Cheque and drafts :**

**'ATAM MARG' MAGAZINE**

**Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India**

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| | Annual | Life (20 years) |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

**Please visit us on internet at :-**

**For Atam Marg Email : atammarg1@yahoo.co.in,**

**Website & Live video -**

**www.ratwarasahib.org**
**www.ratwarasahib.com**
**www.ratwarasahib.in**

Apps: RATWARASAHIB TV (for both apple & andriod) (Availeble 24 Hours)

**Email : sratwarasahib.in@gmail.com**

**Live Programme & Cable Tv Network**

**98728-14385, 94172-14385**

**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
**001-408-263-1844**

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
**001-604-433-0408**

**ਭਾਈ ਤਰਸੇਮ ਸਿੰਘ ਬੈਂਸ**
**001-604-862-9525**

**ਭਾਈ ਜਸਬੀਰ ਸਿੰਘ ਰਾਣੂ**
**001-604-589-9189**

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
**0044-121-200-2818**

**ਭਾਈ ਅਰਵਿੰਦਰ ਸਿੰਘ (ਰਾਜ)**
**0044-7968734058**

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
**0061-406619858**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ
   9417214391, 84378-12900, 9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ: 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ 94172-14382
8. ਅਕਾਲ ਬਿਰਧ ਆਸ਼ਰਮ : 98157-28220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 8 |
| | *ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ* | |
| 3. | **ਰੱਬ ਵਸਦੈ, ਰੱਬ ਦੇ ਪਿਆਰਿਆਂ 'ਚ** | 10 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਨੂਰ ਦਰ ਹਰ ਚਸ਼ਮ ਗੁਰੂ ਗੋਬਿੰਦ ਸਿੰਘ** | 19 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਜਿਥੈ ਜਾਇ ਬਹੈ ਮੇਰਾ ਸਤਿਗੁਰੂ..........** | 37 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਬਾਬਾ ਦੀਪ ਸਿੰਘ ਜੀ** | 40 |
| | *(ਸਿੱਖ ਇਤਿਹਾਸ ਵਿਚੋਂ)* | |
| 7 | **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ** | 42 |
| | *ਭਾਈ ਚਮਕੌਰ ਸਿੰਘ* | |
| 8. | **ਗੁਰਬਾਣੀ ਅਰਥ ਭੰਡਾਰ** | 45 |
| | ***ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*** | |
| 9. | **ਜਨ ਪਰਉਪਕਾਰੀ ਆਏ** | 47 |
| | *ਪ੍ਰੋ. ਗੁਰਦੇਵ ਸਿੰਘ* | |
| 10. | **ਗੁਰੂ ਨਾਨਕ ਆਗਮਨ** | 51 |
| | *ਡਾ. ਭਾਈ ਵੀਰ ਸਿੰਘ* | |
| 11. | **ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ** | 54 |
| | *ਡਾ. ਸਵਾਮੀ ਰਾਮ ਜੀ* | |
| 12. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ ਅਤੇ ਪੁਸਤਕ ਸੂਚੀ** | 56 |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

*ਵੇਲਾ ਵਖਤ ਸਭਿ ਸੁਹਾਇਆ ॥*
*ਜਿਤੁ ਸਚਾ ਮੇਰੇ ਮਨਿ ਭਾਇਆ ॥ ਅੰਗ - ੧੧੫*

ਈਸਵੀ ਸੰਨ 2022 ਦੀ ਆਮਦ 'ਤੇ ਸਭਨਾਂ ਨੂੰ ਮੁਬਾਰਕਬਾਦ। ਸਮਾਂ ਅਰੁੱਕ ਹੈ। ਗਤੀਸ਼ੀਲ ਹੈ। ਸ਼ਬਦਿਕ ਅਰਥਾਂ ਵਿਚ ਇਸ ਦੀ ਸੰਗਿਆ ਕਾਲ, ਵੇਲਾ, ਵਰ੍ਹਾ, ਸਾਲ ਹੈ। ਦੂਸਰੇ ਅਰਥ ਰੁੱਤ, ਮੌਸਮ, ਅੱਧਾ ਸਾਲ (ਤਿੰਨ ਰੁੱਤਾਂ) ਵੀ ਹਨ। ਸਮੇਂ ਦੇ ਅਰੁੱਕ ਸੁਭਾਅ ਨੂੰ ਡਾ. ਭਾਈ ਵੀਰ ਸਿੰਘ ਇਸ ਤਰ੍ਹਾਂ ਬਿਆਨ ਕਰਦੇ ਹਨ-

*ਰਹੀ ਵਾਸਤੇ ਘੱਤ ਸਮੇਂ ਨੇ ਇਕ ਨਾ ਮੰਨੀ।*
*ਫੜ ਫੜ ਰਹੀ ਧਰੀਕ, 'ਸਮੇਂ' ਖਿਸਕਾਈ ਕੰਨੀ।*
*ਕਿਵੇਂ ਨ ਸੱਕੀ ਰੋਕ ਅਟਕ ਜੋ ਪਾਈ ਭੰਨੀ।*
*ਤ੍ਰਿਖੇ ਆਪਣੇ ਵੇਗ ਗਿਆ ਟਪ ਬੰਨੇ ਬੰਨੀ।*
*ਹੋਸ਼! ਅਜੇ ਸੰਭਲ ਇਸ ਸਮੇਂ ਨੂੰ,*
*ਕਰ ਸਫਲ ਉਡੰਦਾ ਜਾਂਵਦਾ,*
*ਇਹ ਠਹਿਰਨ ਜਾਚ ਨ ਜਾਣਦਾ*
*ਲੰਘ ਗਿਆ ਨ ਮੁੜ ਕੇ ਆਂਵਦਾ। ਭਾਈ ਵੀਰ ਸਿੰਘ ਜੀ*

ਖਗੋਲ ਵਿਗਿਆਨੀਆਂ ਨੇ ਇਸ ਨੂੰ ਤਿੰਨ ਪੜਾਵਾਂ ਵਿਚ ਵੀ ਨਾਪਣ ਤੋਲਣ ਦੀ ਕੋਸ਼ਿਸ਼ ਕੀਤੀ ਹੈ। ਅੰਗਰੇਜ਼ੀ ਦੇ ਵਿਚ Past, Present & Future. ਭਾਵ ਲੰਘ ਗਿਆ ਸਮਾਂ ਭੂਤਕਾਲ, ਚੱਲ ਰਿਹਾ ਵਰਤਮਾਨ ਤੇ ਆਉਣ ਵਾਲਾ ਭਵਿੱਖ ਕਾਲ। ਇਨ੍ਹਾਂ ਤਿੰਨ ਕਾਲਾਂ ਨੂੰ ਧਾਰਮਿਕ ਜਗਤ ਵਿਚ ਕਰਮਾਂ ਦੀ ਥਿਊਰੀ ਨਾਲ ਸੁਮੇਲ ਕਰਕੇ ਵੀ ਦੇਖਿਆ ਜਾਂਦਾ ਹੈ। ਅਧਿਆਤਮਕ ਸੰਸਾਰ ਵਿਚ ਤਿੰਨ ਤਰ੍ਹਾਂ ਦੇ ਕਰਮ ਮੰਨੇ ਜਾਂਦੇ ਹਨ। ਪਹਿਲੇ ਸੰਚਿਤ ਕਰਮ, ਦੂਸਰੇ ਕਿਰਿਆਮਾਨ ਤੇ ਤੀਸਰੇ ਪਰਾਲਬਧ ਕਰਮ। ਜੋ ਕਰਮ ਸਾਡੇ ਕੋਲੋਂ ਭੂਤਕਾਲ ਵਿਚ ਹੋ ਚੁੱਕੇ ਹਨ, ਉਹ ਸੰਚਿਤ ਕਰਮ ਬਣ ਕੇ ਸਟੋਰ ਵਿਚ ਜਮ੍ਹਾਂ ਹੋ ਗਏ। ਜਿਨ੍ਹਾਂ ਵਲ ਗੁਰਬਾਣੀ ਇਸ਼ਾਰਾ ਕਰਦੀ ਹੈ -

*ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ*
*ਤੇਤੇ ਅਉਗਣ ਹਮਾਰੇ ॥ ਅੰਗ - ੧੫੬*

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਅੰਗ- ੧੩੩*

ਜੋ ਕਰਮ ਅਸੀਂ ਹੁਣ ਵਰਤਮਾਨ ਵਿਚ ਕਰ ਰਹੇ ਹਾਂ, ਉਹ ਹਨ ਕਿਰਿਆਮਾਨ ਕਰਮ। ਇਨ੍ਹਾਂ ਬਾਰੇ ਬਾਣੀ ਸਾਨੂੰ ਸੇਧ ਬਖਸ਼ਦੀ ਹੈ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*
*ਅੰਗ- ੯੧੮*

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ ੫੯ ॥*
*ਅੰਗ- ੧੩੮੧*

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*
*ਅੰਗ - ੧੨*

*ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥*
*ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥*
*ਅੰਗ- ੧੩੬੫*

ਤੀਸਰਾ ਜੋ ਭਵਿੱਖਤ ਕਾਲ ਹੈ, ਆਉਣ ਵਾਲਾ ਸਮਾਂ ਉਹ ਹਨ ਪਰਾਲਬਧ ਕਰਮ। ਜਿਨ੍ਹਾਂ ਬਾਰੇ ਪਵਿੱਤਰ ਬਾਣੀ ਚਾਨਣਾ ਪਾਉਂਦੀ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ੨ ॥ ੨ ॥ ੧੧੯ ॥*
*ਅੰਗ- ੨੦੪*

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥*
*ਅੰਗ- ੬੪੨*

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥ ਅੰਗ - ੪੫੦*

ਇਸ ਤਰ੍ਹਾਂ ਕਾਲ ਤੇ ਕਰਮਾਂ ਦਾ ਆਪਸ ਵਿਚ ਸੁਮੇਲ ਹੈ, ਸਮਤੋਲ ਹੈ। ਕਾਲ/ਸਮਾਂ ਤੇ ਕਰਮ ਨਾਲੋਂ ਨਾਲ ਚਲਦੇ ਹਨ। ਜਿਵੇਂ ਸਰੀਰ ਤੇ ਰੂਹ ਦਾ ਸੁਮੇਲ ਹੈ। ਸਰੀਰ ਸਮੇਂ ਦੇ ਨਾਲ-ਨਾਲ ਬਦਲਦੇ ਰਹਿਣਗੇ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
.....................................
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥ ਅੰਗ - ੧੭੬*

ਸਰੀਰ ਤੇ ਸਮਾਂ ਬਦਲਾਅ ਵਿਚ ਹਨ। ਹੁਣ ਸਰੀਰ

ਹੋਰ ਹੈ, ਸਮਾਂ ਵੀ ਹੋਰ ਹੈ। ਸੌ ਸਾਲ ਪਹਿਲਾਂ ਸਰੀਰ ਹੋਰ ਸੀ ਤੇ ਸਮਾਂ ਵੀ ਹੋਰ। ਇਸ ਤਰ੍ਹਾਂ ਸਮੇਂ ਅਨੁਸਾਰ ਸਰੀਰ ਧਾਰਨ ਕਰਨ ਦਾ ਸਫ਼ਰ ਜਾਰੀ ਹੈ। ਦੂਜੇ ਪਾਸੇ ਜੀਵ ਤੇ ਕਰਮਾਂ ਦੀ ਚਾਲ ਵੀ ਨਿਰੰਤਰ ਹੈ। ਜੀਵ ਉਹੀ ਹੈ ਪਰ ਕਰਮਾਂ ਦੀ ਪੰਡ ਭਾਰੀ ਹੁੰਦੀ ਜਾ ਰਹੀ ਹੈ। ਜੀਵ ਇਕ ਹੈ ਸ਼ਿਕਾਰੀ ਬਹੁਤੇ ਹਨ -

*ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥*
*ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥ ੧੨੫ ॥*
*ਅੰਗ- ੧੩੮੪*

ਸਮੇਂ ਨੇ ਚਲਦੇ ਰਹਿਣਾ ਹੈ। ਸੂਰਜ, ਚੰਦਰਮਾ, ਅਕਾਸ਼ ਮੰਡਲ ਦੇ ਗ੍ਰਹਿਾਂ ਤੇ ਉਪਗ੍ਰਹਿਾਂ ਅਨੁਸਾਰ ਇਹਨੇ ਗਤੀਸ਼ੀਲ ਰਹਿਣਾ ਹੀ ਹੈ। ਸਾਰੇ ਉਸ ਪ੍ਰਮੇਸ਼ਰ ਦੇ ਭੈ ਵਿਚ ਦਿਨ ਰਾਤ ਚਲ ਰਹੇ ਹਨ -

*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*
*ਕੋਹ ਕਰੋੜੀ ਚਲਤ ਨ ਅੰਤੁ ॥ ਅੰਗ- ੪੬੪*

ਇਥੇ ਸਿਆਣਾ ਪੁਰਸ਼, ਜਗਿਆਸੂ ਜਨ ਜਿਸ ਨੂੰ ਕੁਝ ਪ੍ਰਮਾਰਥ ਦੀ ਸੋਝੀ ਹੈ, ਜਿਹੜਾ ਆਤਮ ਮਾਰਗੀ ਪੈਂਡੇ ਦਾ ਰਾਹੀ ਹੈ, ਉਹ ਭਲਾ ਪੁਰਸ਼ ਸੋਚਦਾ ਹੈ ਕਿ ਇਸ ਜੀਵ ਦਾ ਸਫਰ ਅਰੁੱਕ ਹੈ। ਕੀ ਕੋਈ ਐਸਾ ਪੜਾਅ ਹੈ ਜਿਥੇ ਰੂਹ ਦਾ ਸਫਰ ਖਤਮ ਹੋ ਜਾਵੇਗਾ ਜਾਂ ਸਮੇਂ ਦੇ ਨਾਲ-ਨਾਲ ਚਲਦਾ ਹੀ ਰਹੇਗਾ। ਫਿਰ ਉਸ ਜਗਿਆਸੂ ਜਨ ਨੂੰ ਗੁਰਬਾਣੀ ਰਾਹ ਦਸੇਰਾ ਬਣ ਕੇ ਦਸਦੀ ਹੈ ਕਿ -

*ਨਾਨਕ ਬਧਾ ਘਰੁ ਤਹਾਂ*
*ਜਿਥੈ ਮਿਰਤੁ ਨ ਜਨਮੁ ਜਰਾ ॥ ੪ ॥ ੬ ॥ ੭੬ ॥*
*ਅੰਗ- ੪੪*

*ਅਬਿਨਾਸੀ ਪੁਰਖੁ ਪਾਇਆ ਪਰਮੇਸਰੁ*
*ਬਹੁ ਸੋਭ ਖੰਡ ਬ੍ਰਹਮੰਡਾ ਹੇ ॥ ੩ ॥ ਅੰਗ- ੧੩*
*ਭਗਵਤ ਭੀਰਿ ਸਕਤਿ ਸਿਮਰਨ ਕੀ*
*ਕਟੀ ਕਾਲ ਭੈ ਫਾਸੀ ॥*
*ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ॥*
*੬ ॥ ੯ ॥ ੧੭ ॥*
*ਅੰਗ- ੧੧੬੨*

*ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ*
*ਬਹੁਰਿ ਨ ਹੋਇਗੋ ਫੇਰਾ॥੩॥ ਅੰਗ- ੧੩*

ਉਹ ਨਿਜ ਘਰ ਹੈ, ਅਬਿਨਾਸੀ ਪਦਵੀ ਹੈ ਜਿਥੇ ਜਾ ਕੇ ਜੀਵ ਦਾ ਸਫਰ ਖਤਮ ਹੋ ਜਾਂਦਾ ਹੈ। ਪਰ ਇਸ ਅਵਸਥਾ ਨੂੰ ਹਾਸਲ ਕਰਨ ਲਈ ਕੁਝ ਹੋਰ ਰਸਤੇ ਹਨ ਜਿਨ੍ਹਾਂ 'ਤੇ ਚੱਲਣਾ ਪਵੇਗਾ। ਆਤਮ ਮਾਰਗੀ ਪੈਂਡਿਆਂ ਦੀ ਤਲਾਸ਼ ਕਰਨੀ ਪਵੇਗੀ। ਮਿਲੇ ਹੋਇਆਂ ਨੂੰ ਮਿਲਣਾ ਪਵੇਗਾ। ਅਰਦਾਸ ਵਿਚ ਜੁੜਨਾ ਹੋਵੇਗਾ -

*ਹਉ ਵਾਰਿਆ ਅਪਣੇ ਗੁਰੂ ਕਉ*
*ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ॥੨੪॥ ਅੰਗ-੬੫੨*

ਰਸਤੇ ਦਾ ਵਾਕਫ਼ ਹੀ ਰਸਤੇ ਦੀ ਸੋਝੀ ਕਰਵਾ ਸਕਣ ਦੇ ਸਮਰੱਥ ਹੁੰਦਾ ਹੈ।

ਸਮੇਂ ਦੇ ਇਤਿਹਾਸ ਨੇ ਦੋ ਤਰ੍ਹਾਂ ਦੇ ਜੀਵਨ ਦਰਸਾਏ ਹਨ। ਇਕ ਉਹ ਹਨ ਜੋ ਜਾਗ ਕੇ ਜੀਵਨ ਬਸਰ ਕਰਦੇ ਰਹੇ। ਉਹ ਸਰੀਰ ਕਰਕੇ ਭਾਵੇਂ ਚਲੇ ਗਏ ਹੋਣ ਪਰ ਜਾ ਕੇ ਵੀ ਨਹੀਂ ਗਏ -

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ ਅੰਗ- ੨੭੩*

ਦੂਸਰੇ ਉਹ ਹਨ ਜਿਨ੍ਹਾਂ ਦੀ ਸਾਰੀ ਜ਼ਿੰਦਗੀ ਸੁੱਤਿਆਂ ਦੀ ਲੰਘ ਗਈ -

*ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥*
*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥ ੧ ॥*
*ਅੰਗ- ੧੫੬*

ਜਾਗਦਾ ਕੌਣ ਹੈ? ਲੱਖਾਂ ਕ੍ਰੋੜਾਂ ਤਾਂ ਕੇਵਲ ਸਰੀਰਕ ਵਰਜਿਸ਼ ਲਈ ਹੀ ਜਾਗਦੇ ਹਨ। ਲੱਖਾਂ ਵਿਚ ਇਕ ਅੱਧਾ ਹੀ ਹੈ ਜੋ ਬੁੱਧੀ ਮੰਡਲ 'ਤੇ ਜਾਗਦਾ ਹੈ। ਅਰਬਾਂ ਵਿਚੋਂ ਕੋਈ ਜੋ ਗਿਆਨ ਦੀ ਪ੍ਰਾਪਤੀ ਦਾ ਚਾਹਵਾਨ ਹੈ ਤੇ ਉਸੇ ਲਈ ਯਤਨਸ਼ੀਲ ਹੈ। ਪੰਜਵੇਂ ਪਾਤਸ਼ਾਹ ਫੁਰਮਾਨ ਕਰਦੇ ਹਨ -

*ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ॥ ੧ ॥*
*ਅੰਗ- ੧੩੦੨*
*ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥*
*੧ ॥ ਰਹਾਉ ॥*
*ਅੰਗ- ੪੯੫*

ਵਿਗਿਆਨ ਦਾ ਯੁੱਗ ਹੈ। ਟੈਕਨਾਲੋਜੀ ਦੇ ਖੇਤਰ ਵਿਚ ਬੇਸ਼ੁਮਾਰ ਕਾਢਾਂ ਨੇ ਸਿਰ ਕੱਢਿਆ ਹੈ। ਰੰਗਲੀ ਦੁਨੀਆਂ ਹੋਰ ਰੰਗੀਲੀ ਭਾਸ ਰਹੀ ਹੈ। ਪਰ ਹੈ ਇਕ ਭਰਮ। ਬਹੁਤਾਤ ਖਲਕਤ ਸੁੱਤੇ ਪਏ ਜੀਵਨ ਬਸਰ ਕਰ ਰਹੀ ਹੈ। ਤਾਂਹੀ ਮਹਾਰਾਜ ਸਮਝਾਉਂਦੇ ਹਨ -

*ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥*
*੧ ॥ ਰਹਾਉ ॥*
*ਅੰਗ - ੭੨੬*

ਗ਼ਫ਼ਲਤ ਦੀ ਨੀਂਦ ਵਿਚ ਵਿਚ ਬੇਚੈਨੀ ਹੈ, ਅਸ਼ਾਂਤੀ ਹੈ, ਆਪਣੀਆਂ ਪਰੇਸ਼ਾਨੀਆਂ, ਚਿੰਤਾਵਾਂ ਤੋਂ ਅੱਗੇ ਕੁਝ ਹੋਰ ਦਿਸਦਾ ਹੀ ਨਹੀਂ। ਪ੍ਰਸਥਿਤੀ ਗੰਭੀਰ ਹੈ। ਹੱਲ ਕੀ ਹੈ? ਲੋੜ ਹੈ ਪਵਿੱਤਰ ਗੁਰਬਾਣੀ ਦੇ ਸਿਧਾਂਤ ਸਮਝਣ ਦੀ, ਝਾਤੀ ਮਾਰਨੀ ਪਊ ਆਪਣੇ ਅੰਦਰ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਅੰਗ- ੪੪੧*

ਲੋੜ ਹੈ ਆਪਣੇ ਅੰਦਰ ਆਪ ਝਾਤੀ ਮਾਰਨ ਦੀ -

*ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥*
*ਅੰਗ- ੭੨੭*

*ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*
*॥੯੫ ॥ ਅੰਗ - ੧੩੮੨*

ਇਕਨਾਂ ਦੀ ਜ਼ਿੰਦਗੀ ਚਲ ਹੀ ਨਹੀਂ ਰਹੀ ਦੌੜ ਰਹੀ ਹੈ। ਦੂਸਰੇ ਦੀ ਜ਼ਿੰਦਗੀ ਨਾ ਆਪਣੇ ਜੋਗੀ, ਨਾ ਕੁਟੰਬ ਜੋਗੀ ਕੇਵਲ ਧਨ ਜਾਇਦਾਦ ਸੰਪਤੀ ਜੋਗੀ ਹੋ ਗਈ। ਤੀਸਰੇ ਦੀ ਜ਼ਿੰਦਗੀ ਸਮੇਂ ਦੀ ਭੇਂਟ ਚੜ੍ਹੀ ਹੋਈ ਹੈ। ਆਪਣੇ ਹੱਥ ਵਸ ਕੁਝ ਨਹੀਂ। ਜਿਵੇਂ ਦਰਿਆ ਦਾ ਪਾਣੀ ਡੁੱਬੇ ਹੋਏ ਨੂੰ ਰੋੜ੍ਹ ਕੇ ਲੈ ਜਾਂਦਾ ਹੈ। ਇਸ ਤਰ੍ਹਾਂ ਬੇਬਸੀ ਲਾਚਾਰੀ ਵਿਚ ਜ਼ਿੰਦਗੀਆਂ ਬਸਰ ਹੋ ਰਹੀਆਂ ਹਨ। ਹੀਰੇ ਜੈਸਾ ਜਨਮ ਕੌਡੀਆਂ ਦੇ ਭਾਅ ਜਾ ਰਿਹਾ ਹੈ। ਕਬੀਰ ਸਾਹਿਬ ਅਜਿਹੀ ਸਥਿਤੀ ਦਾ ਬਿਆਨ ਕਰਦੇ ਹਨ -

*ਸਭ ਮਦ ਮਾਤੇ ਕੋਊ ਨ ਜਾਗ ॥*
*ਸੰਗ ਹੀ ਚੋਰ ਘਰੁ ਮੁਸਨ ਲਾਗ ॥ ੧ ॥ ਰਹਾਉ ॥*
*ਅੰਗ- ੧੧੯੩*

ਦੁਨਿਆਵੀ, ਮਾਇਆਵੀ ਨਸ਼ੇ 'ਚ ਧੁੱਤ ਬੇਹੋਸ਼ ਹੋਏ ਜੀਵਾਂ ਦਾ ਘਰ ਲੁੱਟਿਆ ਜਾ ਰਿਹਾ ਹੈ। ਪੰਜਾਂ ਚੋਰਾਂ, ਪੰਜਾਂ ਠੱਗਾਂ, ਆਸਾ, ਤ੍ਰਿਸਨਾ, ਹੰਸ, ਹੇਤ, ਕੋਪ, ਮੋਹ ਆਦਿਕ ਵਲੋਂ -

*ਕਿਆ ਤੂ ਸੋਇਆ ਜਾਗੁ ਇਆਨਾ ॥*
*ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥ ੧ ॥ ਰਹਾਉ ॥*
*ਅੰਗ - ੭੯੪*

ਇਸ ਜੀਵਨ ਨੂੰ ਸੱਚ ਮੰਨ ਰਿਹਾ ਹੈ। ਅਸਲ ਵਿਚ ਜੋ ਸੱਚ ਹੈ ਉਹ ਸਾਨੂੰ ਦਿਸ ਨਹੀਂ ਰਿਹਾ। ਜੋ ਦਿਸਦਾ ਹੈ, ਉਹ ਸੱਚ ਨਹੀਂ।

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥*
*ਅੰਗ - ੧੪੨੯*

ਸੋ ਸਮੱਸਿਆ ਸਰੀਰ ਤੇ ਜੀਵ ਦੀ ਗੰਭੀਰ ਹੈ। ਸਰੀਰ ਚਲਾਇਮਾਨ ਹੈ, ਬਦਲਾਅ ਵਿਚ ਹੈ -

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥*
*ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ*
*॥ ੩੫ ॥ ਅੰਗ- ੧੪੨੮*

ਤਿੰਨ ਪੜਾਅ ਸਰੀਰ ਦੇ ਹਨ ਬਾਲ, ਜੁਆਨੀ ਤੇ ਬਿਰਧ ਅਵਸਥਾ।

ਸਮੇਂ ਦੇ ਫੇਰ ਬਦਲ ਨਾਲ ਸੰਨ ਈਸਵੀ ਬਦਲ ਰਹੇ ਹਨ। ਪਹਿਲਾਂ ਸਕਿੰਟ, ਫਿਰ ਮਿੰਟ, ਫਿਰ ਘੰਟੇ, ਦਿਨ, ਫਿਰ ਮਹੀਨੇ ਤੇ ਫਿਰ ਸਾਲ, ਫਿਰ ਦਹਾਕੇ ਤੇ ਫਿਰ ਅੱਧੀ ਸਦੀ ਤੇ ਪੂਰੀ ਸਦੀ ਤੇ ਫਿਰ ਸਦੀਆਂ ਲੰਘ ਰਹੀਆਂ ਹਨ। ਜੀਵ ਦਾ ਸਫਰ ਵੀ ਜਾਰੀ ਹੈ। ਲੋੜ ਇਸ ਚਲ ਰਹੇ ਸਮੇਂ ਨੂੰ ਸਾਰਥਕ ਬਣਾਉਣ ਦੀ ਹੈ।

ਨਵਾਂ ਸਾਲ 2022 ਮੁਬਾਰਕਬਾਦ ਹੈ। ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ ਆਪਣੇ-ਆਪਣੇ ਢੰਗ ਤਰੀਕਿਆਂ ਨਾਲ। ਪਰ ਅਸਲੀਅਤ ਨੂੰ ਪਛਾਣੀਏ। ਮੁਬਾਰਕਬਾਦ ਲੈਣ ਤੇ ਦੇਣ ਜੋਗੇ ਹੋ ਜਾਈਏ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ।*
*ਭਾਈ ਗੁਰਦਾਸ ਜੀ, ਵਾਰ ੩/੧੮*

ਪੁੱਗ ਜਾਈਏ, ਭਾਅ ਜਾਈਏ, ਪ੍ਰਵਾਨ ਹੋ ਜਾਈਏ-

*ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ॥*
*ਪਰਵਾਣੁ ਗਣੀ ਸੇਈ ਇਹ ਆਏ*
*ਸਫਲ ਤਿਨਾ ਕੇ ਕਾਮਾ ॥ ੧ ॥ ਅੰਗ- ੭੪੯*

ਉਹ ਪੁੱਗੀਆਂ ਰੂਹਾਂ ਸੰਤ ਜਨ, ਪਰਵਾਨ ਹਨ, ਉਨ੍ਹਾਂ ਦੇ ਕਾਰਜ ਵੀ ਸਫਲੇ ਹਨ। ਸਾਰੇ ਸਮੇਂ ਸੁਹਾਵਣੇ ਬਣ ਜਾਣਗੇ। ਜੁੜੀਏ ਅਰਦਾਸ ਵਿਚ -

*ਦਿਨੁ ਰੈਣਿ ਸਭ ਸੁਹਾਵਣੇ ਪਿਆਰੇ*
*ਜਿਤੁ ਜਪੀਐ ਹਰਿ ਨਾਉ॥੫॥ ਅੰਗ - ੪੩੨*

ਭਾਵ ਜਦੋਂ ਸਮਾਂ, ਸੁਆਸ ਲੇਖੇ ਵਿਚ ਲਗ ਗਏ, ਸਮਰੱਥ ਸਤਿਗੁਰੂ ਦੇ ਲੜ ਲੱਗ ਕੇ ਆਤਮ ਮਾਰਗੀ ਪੈਂਡੇ ਦੇ ਰਾਹੀ ਬਣ ਗਏ, ਫਿਰ ਮੰਜ਼ਿਲੇ ਮਕਸੂਦ ਦੂਰ ਨਹੀਂ, ਫਿਰ ਸਾਰੀਆਂ ਘੜੀਆਂ ਸਫਲ ਹਨ -

*ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ*
*ਸਫਲੁ ਹੈ ਮੇਰੀ ਜਿੰਦੁੜੀਏ*
*ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥*
*ਅੰਗ - ੫੪੦*

*ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ॥*
*ਅੰਗ- ੫੨੦*

*ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥*
*ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ ॥ ੧ ॥*
*ਅੰਗ - ੩੧੮*

ਆਉਂ ਸਮੇਂ ਦੀ ਨਿਰੰਤਰਤਾ ਨੂੰ ਸਮਝੀਏ। ਸਾਲਾਂ ਦੇ ਸਾਲ ਬੀਤਦੇ ਜਾ ਰਹੇ ਹਨ। ਕਬੀਰ ਸਾਹਿਬ ਦਾ ਫੁਰਮਾਨ, ਗੁਰਮਤਿ ਦਾ ਸਿਧਾਂਤ, ਪੱਲੇ ਬੰਨ੍ਹ ਲਈਏ -

*ਕਬੀਰ ਕਾਲਿ ਕਰੰਤਾ ਅਬਹਿ ਕਰੁ*
*ਅਬ ਕਰਤਾ ਸੁਇ ਤਾਲ ॥*
*ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥*
*ਅੰਗ - ੧੩੭੧*

*(ਬਾਕੀ ਪੰਨਾ 9 'ਤੇ)*

# ਮਾਘਿ

## ਸੰਗਰਾਂਦ-ਜਨਵਰੀ 14 (ਦਿਨ ਸ਼ੁਕਰਵਾਰ)

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥**
**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥**
**ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥**
**ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥**
**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥**
**ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥**
**ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥**
**ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥**
**ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥ ੧੨ ॥**

*ਅੰਗ - ੧੩੫*

### ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥

ਮਾਘ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਜਿਸ ਤਰ੍ਹਾਂ ਮਾਘ ਦੇ ਮਹੀਨੇ ਮਕਰ ਰਾਸ਼ੀ ਵਿਚ ਹਿੰਦੂ ਲੋਕ ਪ੍ਰਾਗ ਰਾਜ ਜਾ ਕੇ ਤ੍ਰਿਬੈਣੀ ਵਿਚ ਇਸ਼ਨਾਨ ਕਰਨ ਦਾ ਬਹੁਤ ਵੱਡਾ ਮਹਾਤਮ ਸਮਝਦੇ ਹਨ, ਇਸੇ ਤਰ੍ਹਾਂ ਜੋ ਸਾਧੂਆਂ=ਸ੍ਰੇਸ਼ਟ ਗੁਣਾਂ ਵਾਲੇ ਸਤਿਪੁਰਸ਼ਾਂ ਦੇ ਸੰਗਿ=ਨਾਲ ਮਿਲ ਕੇ ਉਨ੍ਹਾਂ ਦੀ ਚਰਨ ਧੂੜ ਵਿਚ ਇਸ਼ਨਾਨ ਕਰਿ=ਕਰਦਾ ਹੈ, ਉਸਨੂੰ ਮਜਨੁ=ਪੁਰਬਾਂ ਦੇ ਇਸ਼ਨਾਨ ਤੋਂ ਵੀ ਵਧੇਰੇ ਫਲ ਪ੍ਰਾਪਤ ਹੁੰਦਾ ਹੈ ਅਥਵਾ ਸਤਿਸੰਗਤ ਰੂਪੀ ਮਾਘ ਦੇ ਮਹੀਨੇ ਵਿਚ ਸ਼ਰਧਾ ਰੂਪੀ ਮਕਰ ਰਾਸ਼ੀ, ਗਿਆਨ ਰੂਪੀ ਸੂਰਜ ਚੜ੍ਹਿਆ ਹੋਇਆ ਹੈ, ਭਗਤੀ ਦੀ ਵੀਚਾਰ ਰੂਪੀ ਗੰਗਾ ਵਗ ਰਹੀ ਹੈ। ਨਿਸ਼ਕਾਮ ਕਰਮਾਂ ਫਲ ਰੂਪੀ ਜਮੁਨਾ ਵਗ ਰਹੀ ਹੈ। ਗਿਆਨ ਦੀ ਵੀਚਾਰ ਰੂਪੀ ਸਰੁਸਤੀ ਵਗ ਰਹੀ ਹੈ, ਇਉਂ ਇਹ ਪੁਰਬ ਲੱਗਿਆ ਹੈ। ਸਾਧੂਆਂ ਦੀ ਸੰਗਿ=ਸੰਗਤ ਰੂਪੀ ਤ੍ਰਿਬੇਣੀ ਹੈ, ਇਸ ਵਿਚ ਮਜਨੁ=ਇਸ਼ਨਾਨ ਕਰੇ।

### ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥

ਹੇ ਭਾਈ! ਹਰਿ=ਪਰਮੇਸ਼ਰ ਕਾ=ਦਾ ਨਾਮ ਸ਼ਰਧਾ ਤੇ ਵਿਸ਼ਵਾਸ਼ ਰੂਪੀ ਕੰਨਾਂ ਨਾਲ ਸੁਣਿ=ਸ੍ਰਵਨ ਕਰਕੇ ਪ੍ਰੀਤ ਰੂਪੀ ਰਸਨਾ ਨਾਲ ਧਿਆਇ=ਧਿਆਉਣਾ ਕਰ ਜਿਸ ਨਾਲ ਅੰਤਹਕਰਣ ਧਿਆਤਾ, ਧਿਆਨ, ਧੇਅ ਇਕ ਹੋ ਜਾਵੇਗਾ, ਇਉਂ ਅਰਾਧਨਾ ਕਰ। (ਧਿਆਤਾ=ਅੰਤਹਕਰਣ, ਧਿਆਨ=ਬਿਰਤੀ ਧਿਆਉਣ ਵਾਲੀ, ਧੇਅ=ਜਿਸ ਨੂੰ ਧਿਆਉਂਦਾ ਹੈ)=ਇਹ ਤਿੰਨੇ ਇਕ ਹੋ ਜਾਣ। ਉਸ ਦਾ ਹੀ ਰੂਪ ਹੋ ਜਾਣ। ਇਉਂ ਨਾਮ ਨੂੰ ਧਿਆਉਣਾ ਕਰ ਅਤੇ ਸਭਨਾ=ਸਾਰਿਆਂ ਨੂੰ ਪਰਮੇਸ਼ਰ ਦਾ ਨਾਮ ਜਪਾਉਣ ਰੂਪੀ ਦਾਨ ਕਰ ਅਥਵਾ ਨਾਮ ਜਪਣ ਦੇ ਨਾਲ ਸਭਨਾ=ਸਾਰੇ ਹੀ ਲੋੜਵੰਦਾਂ ਦੇ ਤਾਈਂ ਮੇਰ-ਤੇਰ ਛੱਡ ਕੇ ਇਕੋ ਜਿਹਾ ਦਾਨ ਕਰਿਆ ਕਰ।

### ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥

ਇਸ ਨਾਮ ਦੇ ਧਿਆਉਣੇ ਕਰਕੇ ਜਨਮਾਂ ਜਨਮਾਤਰਾਂ ਦੇ ਕਰਮਾਂ ਦੀ ਵਾ: ਜਨਮ ਦੇਣ ਵਾਲੇ ਸੰਚਤ ਕਰਮਾਂ ਦੀ ਮੈਲ ਉਤਰੈ=ਉਤਰ ਜਾਂਦੀ ਹੈ ਅਤੇ ਮਨ=ਹਿਰਦੇ ਤੇ=ਤੋਂ ਗੁਣਾਂ ਆਦਿਕਾਂ ਦਾ ਗੁਮਾਨੁ=ਹੰਕਾਰ ਵੀ ਚਲਿਆ ਜਾਇ=ਜਾਂਦਾ ਹੈ।

### ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥

ਕਾਮ ਕ੍ਰੋਧ ਆਦਿਕ ਵੀ ਮੋਹੀਐ=ਮੋਹਿਤ ਨਹੀਂ ਕਰਨਗੇ ਅਤੇ ਲੋਭ ਰੂਪੀ ਸੁਆਨੁ=ਕੁੱਤਾ ਵੀ ਬਿਨਸੈ=ਵਿਸ਼ੇਸ਼ ਕਰਕੇ ਨਾਸ਼ ਹੋ ਜਾਵੇਗਾ ਵਾ: ਜਿਹੜੇ

ਗੁਰਮੁਖ ਪਰਮੇਸ਼ਰ ਦੇ ਨਾਮ ਨੂੰ ਧਿਆਉਂਦੇ ਹਨ, ਉਨ੍ਹਾਂ ਨੂੰ ਕਾਮ, ਕ੍ਰੋਧ, ਲੋਭ, ਮੋਹ ਆਦਿਕ ਵਿਕਾਰ ਮੋਹ ਨਹੀਂ ਸਕਦੇ।

**ਸਚੈ ਮਾਰਗਿ ਚਲਦਿਆ**
**ਉਸਤਤਿ ਕਰੇ ਜਹਾਨੁ॥**

ਪ੍ਰੇਮਾ-ਭਗਤੀ ਦੇ ਸੱਚੇ ਮਾਰਗਿ=ਰਸਤੇ 'ਤੇ ਚਲਦਿਆ=ਚੱਲਣ ਵਾਲਿਆਂ ਸਤਿਪੁਰਸ਼ਾਂ ਦੀ ਸਾਰਾ ਜਹਾਨੁ=ਸੰਸਾਰ ਉਸਤਤਿ=ਸ਼ੋਭਾ ਕਰੇ=ਕਰਦਾ ਹੈ। ਭਾਵ ਗੁਰਮਤ ਦੇ ਆਸ਼ੇ ਅਨੁਸਾਰ ਜੀਵਨ ਬਤੀਤ ਹੋਣ ਵਾਲਿਆਂ ਦੀ ਸਦਾ ਹੀ ਵਡਿਆਈ ਹੁੰਦੀ ਹੈ।

**ਅਠਸਠਿ ਤੀਰਥ ਸਗਲ ਪੁੰਨ**
**ਜੀਅ ਦਇਆ ਪਰਵਾਨੁ॥**

ਅਠਸਠਿ=ਅਠਾਹਠ ਤੀਰਥਾਂ ਦੇ ਇਸ਼ਨਾਨ ਆਦਿ ਸਗਲ=ਸਾਰੇ ਪੁੰਨਾਂ ਦਾ ਫਲ, ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ, ਜੋ ਜੀਅ=ਜੀਵਾਂ ਵਾ: ਆਪਣੇ ਜੀਵ ਆਤਮਾ ਉਪਰ ਦਇਆ ਕਰਦੇ ਹਨ ਕਿਉਂਕਿ ਇਹੋ ਹੀ ਪਰਮੇਸ਼ਰ ਦੀ ਦਰਗਾਹ ਵਿਚ ਪਰਵਾਨੁ=ਪ੍ਰਮਾਣੀਕ ਹੈ।

**ਜਿਸ ਨੋ ਦੇਵੈ ਦਇਆ ਕਰਿ**
**ਸੋਈ ਪੁਰਖੁ ਸੁਜਾਨੁ॥**

ਇਹ ਮਹਾਨ ਗੁਣ ਜਿਸ ਨੋ=ਨੂੰ ਵਾਹਿਗੁਰੂ ਪਰਮੇਸ਼ਰ ਨੇ ਦਇਆ ਦ੍ਰਿਸ਼ਟੀ ਕਰਿ=ਕਰਕੇ ਦੇਵੈ=ਦੇਣਾ ਕੀਤੇ ਹਨ, ਸੋਈ=ਉਹੀ ਸੁਜਾਨੁ=ਚਤੁਰ, ਸਿਆਣੇ, ਸ੍ਰੇਸ਼ਟ, ਗਿਆਨਵਾਨ, ਪੂਰਨ ਪੁਰਖੁ=ਪੁਰਸ਼ ਹਨ।

**ਜਿਨਾ ਮਿਲਿਆ ਪ੍ਰਭੁ ਆਪਣਾ**
**ਨਾਨਕ ਤਿਨ ਕੁਰਬਾਨੁ॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ=ਉਹਨਾਂ ਗੁਰਮੁਖਾਂ ਤੋਂ ਅਸੀਂ ਕੁਰਬਾਨੁ=ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੂੰ ਆਪਣਾ ਪ੍ਰਭੂ=ਮਾਲਕ ਮਿਲਿਆ=ਮਿਲ ਗਿਆ ਹੈ।

**ਮਾਘਿ ਸੁਚੇ ਸੇ ਕਾਂਢੀਅਹਿ**
**ਜਿਨ ਪੂਰਾ ਗੁਰੁ ਮਿਹਰਵਾਨੁ॥੧੨॥**

ਮਾਘ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਸੇ=ਉਹ ਪੁਰਸ਼ ਸਤੋਗੁਣੀ ਸੁਚੇ=ਪਵਿੱਤਰ ਹਿਰਦੇ ਵਾਲੇ ਕਾਂਢੀਅਹਿ=ਕਹੀਦੇ ਹਨ, ਜਿਨ=ਜਿਨ੍ਹਾਂ ਉਤੇ ਪੂਰਾ=ਪੂਰਨ ਗੁਰੁ=ਸਤਿਗੁਰੂ ਜੀ ਮਿਹਰਵਾਨੁ=ਕ੍ਰਿਪਾਲੂ ਹੋਏ ਹਨ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਹੀ ਉਹ ਜੰਮਣ ਮਰਣ ਤੋਂ ਰਹਿਤ ਹੋ ਕੇ ਪਰਉਪਕਾਰੀ ਬਣੇ ਹਨ।

*(ਪੰਨਾ 7 ਦੀ ਬਾਕੀ)*

ਕਿੰਨੇ ਸਰੀਰ ਸਾਡੇ ਤੋਂ ਵਿਛੜ ਗਏ, ਕਿੰਨੇ ਸਰੀਰ ਜਨਮ ਲੈ ਕੇ ਨਵੇਂ ਜੁੜੇ -

*ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ॥*
*ਅੰਗ- ੬*

ਜੁੜ ਜਾਈਏ ਅਜੇ ਵੀ ਸਮਾਂ ਹੈ -

*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ ੨ ॥ ੧॥*
*ਅੰਗ- ੨੨੬*

ਫਿਰ ਦਿਤੀਆਂ ਤੇ ਲਈਆਂ ਹੋਈਆਂ ਮੁਬਾਰਕਾਂ ਪ੍ਰਵਾਨ ਹਨ ਜਦੋਂ -

*ਗੁਰਸਿਖਾ ਮਨਿ ਵਾਧਾਈਆ*
*ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ॥ ਅੰਗ - ੪੫੧*

ਜਦੋਂ ਪੂਰੇ ਸਤਿਗੁਰੂ ਜੀ ਦੀ ਬਖਸ਼ਿਸ਼ ਹੋ ਗਈ ਫਿਰ 'ਨਾਨਕ ਭਗਤਾ ਸਦਾ ਵਿਗਾਸ' -

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥*
*ਅੰਗ- ੯੧੭*
*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥*
*ਅੰਗ- ੯੧੭*

ਐਸੀ ਅਵਸਥਾ ਦਾਸ ਸਮੇਤ ਸਭਨਾਂ ਨੂੰ ਪ੍ਰਾਪਤ ਹੋਵੇ। ਆਤਮ ਮਾਰਗੀ ਪੈਂਡਿਆਂ ਦੀ ਸਭ ਨੂੰ ਪਗਡੰਡੀ ਪ੍ਰਾਪਤ ਹੋਵੇ। ਰਾਹੇ ਰਾਹੀਂ ਚਲਦੇ ਇਕ ਦਿਨ ਮੰਜ਼ਿਲ-ਏ-ਮਕਸੂਦ ਪ੍ਰਾਪਤ ਹੋ ਹੀ ਜਾਏਗੀ। ਪੂਰੇ ਸਤਿਗੁਰੂ ਦੀ ਬਖਸ਼ਿਸ਼ ਨਾਲ ਦਾਸ 'ਤੇ ਵੀ ਕਰੋ ਕ੍ਰਿਪਾ -

*ਦੇਹੁ ਸਜਣ ਅਸੀਸੜੀਆ*
*ਜਿਉ ਹੋਵੈ ਸਾਹਿਬ ਸਿਉ ਮੇਲੁ॥੩॥ ਅੰਗ - ੧੨*

ਫਿਰ ਹੀ ਮੇਰੇ ਵਰਗੇ ਨੂੰ ਕਹਿਣਾ ਸ਼ੋਭਨੀਕ ਹੋਵੇਗਾ ਸਾਲ 2022 ਮੁਬਾਰਕਬਾਦ ਹੈ।

ਨਵੇਂ ਵਰ੍ਹੇ ਦੀ ਆਮਦ 'ਤੇ ਨਵਾਂ ਕੁਝ ਕਰੀਏ। ਵਧਾਈਏ ਆਤਮ ਮਾਰਗੀ ਪੈਂਡਿਆਂ ਦੀ ਸਾਂਝ। ਆਤਮ ਮਾਰਗੀ ਕਾਫਲੇ ਨੂੰ ਹੋਰ ਪ੍ਰਫੁੱਲਤ ਕਰੀਏ। 5-5 ਨਵੇਂ ਮੈਂਬਰ ਤੇ 1-1 ਲਾਈਫ ਮੈਂਬਰ ਬਣਾ ਕੇ ਕਾਫਲਾ-ਏ-ਸੰਗਤ ਵਿਚ ਵਾਧਾ ਕਰੀਏ। ਇਸ ਤਰ੍ਹਾਂ ਲੋਕ ਤੇ ਪਰਲੋਕ ਸੁਹੇਲੇ ਹੋਣ ਦੇ ਪਾਤਰ ਬਣ ਜਾਵਾਂਗੇ। ਸਭਨਾਂ ਨੂੰ ਲੱਖ-ਲੱਖ ਵਧਾਈ, ਨਵੇਂ ਵਰ੍ਹੇ 2022 ਦੀ ਆਮਦ 'ਤੇ।

ਗੁਰੂ ਭਲੀ ਕਰੇ।

# ਰੱਬ ਵਸਦੈ, ਰੱਬ ਦੇ ਪਿਆਰਿਆਂ 'ਚ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੁ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥ ਰਹਾਉ ॥*
*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥ ੨ ॥*
*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥ ੩ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥ ੪ ॥ ੨੫ ॥ ੩੬ ॥*

*ਅੰਗ- ੮੯੪*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਹਫਤਾ ਵਾਰੀ ਸਤਿਸੰਗ ਦੇ ਵਿਚ, ਗੁਰੂ ਮਹਾਰਾਜ ਦੀ ਕ੍ਰਿਪਾ ਦੇ ਨਾਲ ਸਸ਼ੋਭਿਤ ਹੋਂ। ਵਾਹਿਗੁਰੂ ਬੇਅੰਤ ਹੈ। ਕੋਈ ਵੀ ਕੁਛ ਨਹੀਂ ਆਖ ਸਕਦਾ ਉਨ੍ਹਾਂ ਬਾਰੇ ਕਿਉਂਕਿ infinity (ਬੇਅੰਤਤਾ) ਜੋ ਹੋਇਆ ਕਰਦੀ ਹੈ, ਅੰਗ੍ਰੇਜ਼ੀ ਪੜ੍ਹੇ ਹੋਏ, ਗਣਿਤ ਨੂੰ ਜਾਨਣ ਵਾਲੇ, ਉਹਨਾਂ ਦੀ ਸਮਝ ਵਿਚ ਇਹ ਗੱਲ, infinity (ਬੇਅੰਤਤਾ) ਕਹਿੰਦੇ ਨੇ, ਆ ਜਾਇਆ ਕਰਦੀ ਹੈ। ਜੇ ਅਸੀਂ ਬੇਅੰਤ-ਬੇਅੰਤ ਕਹਿੰਦੇ ਹਾਂ, ਇਕ ਪਾਸੇ infinity ਕਹਿੰਦੇ ਹਾਂ, infinity ਛੇਤੀ ਸਮਝ 'ਚ ਆਉਂਦੀ ਹੈ। ਬੇਅੰਤ ਹੋਲੀ ਆਉਂਦੀ ਹੈ। ਕਿਉਂਕਿ ਕਰਕੇ ਦਿਖਾਇਆ ਹੁੰਦੈ, ਗਣਿਤ ਵਾਲਿਆਂ ਨੇ। ਜਿਹਦਾ ਅੰਤ ਹੀ ਨਾ ਹੋਵੇ ਕੋਈ ਵੀ, ਹੱਦ ਬੰਨਾ ਨਾ ਹੋਵੇ। ਗੁਰੂ ਮਹਾਰਾਜ ਕਹਿੰਦੇ ਹਨ -

*ਨਹੀ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥*
*ਕਹਾ ਨਾਮ ਤਾਕੋ ਕਹਾ ਕੈ ਕਹਾਵੈ॥*
*ਕਹਾ ਮੈ ਬਖਾਨੋ ਕਹੇ ਮੋ ਨ ਆਵੈ॥*

*ਅਕਾਲ ਉਸਤਤਿ*

ਬੜੀ ਅਜੀਬ ਬਾਤ ਹੈ, ਨਾ ਤਾਂ ਉਹਦੇ ਬਾਰੇ ਕੁਛ ਕਿਹਾ ਜਾਂਦੈ, ਨਾ ਦੱਸਿਆ ਜਾਂਦੈ। ਜੋ ਕੁਛ ਦਸਦੇ ਹਾਂ ਉਸ ਤੋਂ ਪਰ੍ਹੇ ਹੈ। ਜੋ ਕੁਛ ਸਿਫ਼ਤਾਂ ਅਸੀਂ ਵਰਨਣ ਕਰਦੇ ਹਾਂ। ਉਸ ਤੋਂ ਹੋਰ ਅਗਾਂਹਾਂ ਹੈ, ਹੋਰ ਅਗਾਂਹਾਂ ਹੈ। ਬੜੀ ਮੁਸ਼ਕਲ ਹੋ ਜਾਂਦੀ ਹੈ। ਮਹਾਰਾਜ ਕਹਿੰਦੇ, ਐਸਾ ਹੈ ਬ੍ਰਹਮਾ ਨੂੰ ਵੀ ਨਹੀਂ ਉਹਦਾ ਪਤਾ ਲਗਦਾ। ਐਸਾ ਜੋ ਵਾਹਿਗੁਰੂ ਹੈ ਉਹਦੇ ਨਾਲ ਅਸੀਂ ਮਿਲਣਾ ਹੈ। ਸਾਡੇ ਦਿਮਾਗ ਵਿਚ ਨਹੀਂ ਉਹ ਆ ਸਕਦਾ, ਜਿਸ ਨੂੰ ਅਹੰਗ੍ਰਹਿ ਧਿਆਨ ਕਹਿੰਦੇ ਨੇ, ਉਹ ਵਿਰਲੇ-ਵਿਰਲੇ ਦੇ ਧਿਆਨ 'ਚ ਆਉਂਦੈ, ਬਾਕੀਆਂ ਦੇ ਨਹੀਂ ਆਉਂਦਾ। ਕਹੀ ਤਾਂ ਜਾਂਦੇ ਨੇ ਕਿ ਸ਼ਬਦ ਗੁਰੂ ਹੈ, ਸ਼ਬਦ ਦੇ ਸਰੂਪ ਦਾ ਨਹੀਂ ਪਤਾ ਕਿ ਸ਼ਬਦ ਕਹਿੰਦੇ ਕਿਸ ਚੀਜ਼ ਨੂੰ ਨੇ। ਸਾਨੂੰ ਉਸ ਦੀ ਲੋੜ ਹੈ, ਜਿਹਦੇ ਨਾਲ ਅਸੀਂ ਪਿਆਰ ਕਰ ਸਕੀਏ। ਜਿਹਦੇ ਨਾਲ ਗੱਲ ਕਰ ਸਕੀਏ। ਜਿਹਦੇ ਨਾਲ ਅਸੀਂ ਬੋਲ ਸਕੀਏ। ਜਿਹੜਾ ਸਾਡੀ ਗੱਲ ਦਾ ਹੁੰਗਾਰਾ ਭਰ ਸਕੇ। ਇਹ ਬਾਤ ਹੋਰ ਹੈ, ਇਹ ਬਾਤ ਗਿਆਨੀਆਂ ਦੀ ਹੈ। ਇਹ ਬਾਤ ਭਗਤਾਂ ਦੀ ਹੈ। ਭਗਤ ਰਸ ਵਿਚ ਰਹਿਣਾ ਚਾਹੁੰਦੇ ਨੇ। ਪਿਆਰ ਵਿਚ ਰਹਿਣਾ ਚਾਹੁੰਦੇ ਨੇ। ਜੋ ਗਿਆਨੀ ਨੇ ਉਹ ਬਹੁਤੇ ਉੱਚੇ ਹੋਇਆ ਕਰਦੇ ਨੇ। ਉਥੇ ਤਕ ਪਹੁੰਚਣਾ ਔਖਾ ਹੈ ਆਮ ਜੀਵ ਵਾਸਤੇ। ਹੁਣ ਇਹ ਹੈ ਕਿ ਵਾਹਿਗੁਰੂ ਦਾ ਤਾਂ ਕੋਈ ਰੂਪ ਰੰਗ ਹੈ ਨਹੀਂ। ਉਹਦੇ ਬਾਰੇ ਕਹਿ ਹੀ ਨਹੀਂ ਸਕਦੇ-

*ਉਹ ਵੇਖੈ ਓਨਾ ਨਦਰਿ ਨਾ ਆਵੈ*

*ਬਹੁਤਾ ਇਹ ਵਿਡਾਣੁ॥ ਅੰਗ - ੭*

ਹਸਤੀ ਹੈਗੀ ਏਕੰਕਾਰੁ ਦੀ। ਸਤਿ ਹੈ ਉਹ। ਉਹ ਸਤਿ ਦਾ ਸਾਡੀ ਸਮਝ ਵਿਚ ਆਉਣ ਵਾਲਾ ਜੋ ਸਰੂਪ ਹੈ ਅਸਲੀ ਜਿਹਨੂੰ ਅਸੀਂ ਸਮਝ ਸਕਦੇ ਹਾਂ। ਸਾਡੀ ਬੁੱਧੀ ਮੋਟੀ ਹੈ, ਸਾਨੂੰ ਲੋੜ ਨਹੀਂ ਹੈ ਓਸ ਚੀਜ਼ ਦੀ। ਸਾਨੂੰ ਪਿਆਰ ਦੀ ਲੋੜ ਹੈ, ਪਿਆਰ ਵਿਚ ਰਹਿਣਾ ਚਾਹੁੰਦੇ ਹਾਂ। ਪਿਆਰ ਅਸੀਂ ਜਾਣਦੇ ਹਾਂ, ਬਾਲ-ਬੱਚਿਆਂ ਨਾਲ ਸਾਡਾ ਪਿਆਰ ਹੈ। ਦੋਸਤਾਂ, ਮਿੱਤਰਾਂ ਨਾਲ ਸਾਡਾ ਪਿਆਰ ਹੈ। ਘਰ ਵਿਚ ਪਤੀ ਪਤਨੀ ਉਹਨਾਂ ਦਾ ਆਪਸ ਵਿਚ ਪਿਆਰ ਹੈ। ਪਿਆਰ ਦੀ ਸਾਨੂੰ ਕੋਈ ਸਮਝ ਆਉਂਦੀ ਹੈ ਕਿ ਹਾਂ ਕਿ ਪਿਆਰ ਕੋਈ ਚੀਜ਼ ਹੈ। ਨਿਸ਼ਾਨੀ ਕੀ ਹੈ ਇਹਦੀ? ਕਹਿੰਦੇ ਨਿਸ਼ਾਨੀ ਇਹ ਹੋਇਆ ਕਰਦੀ ਹੈ ਕਿ ਉਹਦੇ ਵਿਚ ਖਿੱਚ ਹੋਇਆ ਕਰਦੀ ਹੈ। ਖਿੱਚ ਜਿਹੜੀ ਹੈ ਉਹ ਨਿਸ਼ਾਨੀ ਹੀ ਪਿਆਰ ਦੀ ਹੈ। ਜਦੋਂ ਖਿੱਚ ਪੈਦਾ ਹੋ ਜਾਵੇ, ਕਹਿੰਦੇ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*

ਜਿਨ੍ਹਾਂ ਨੂੰ ਪਿਆਰ ਲਗ ਗਿਆ ਉਹਨਾਂ ਨੂੰ ਨੀਂਦ ਕਾਹਦੀ। ਉਹਨਾਂ ਦੇ ਤਾਂ ਨੇਤਰਾਂ 'ਚੋਂ ਜਲ ਚਲਦਾ ਰਹਿੰਦੈ। ਇਕੋ ਚੀਜ਼ ਹੀ ਐਸੀ ਹੈ। ਮਹਾਰਾਜ ਕਹਿੰਦੇ, ਬੜੀ ਹੀ ਔਖੀ ਖੇਡ ਹੈ -

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਅੰਗ- ੧੪੧੨*

ਹੈ ਬੜੀ ਔਖੀ ਖੇਡ ਲੇਕਿਨ ਹੈ ਬੜੀ ਪਿਆਰੀ। ਮਿੱਠੀ ਬਹੁਤ ਹੈ ਪਰ ਹੈ ਔਖੀ ਕਿਉਂਕਿ ਇਹਦੇ ਵਿਚ ਕੁਰਬਾਨੀ ਹੀ ਕੁਰਬਾਨੀ ਹੈ, ਲੈਣ ਨੂੰ ਕੁਛ ਨਹੀਂ ਹੁੰਦਾ। ਦੇਣ ਨੂੰ ਹੀ ਹੁੰਦੈ। ਮੇਰਾ ਤਨ ਵੀ ਲੈ-ਲੈ, ਮੇਰਾ ਧਨ ਵੀ ਲੈ-ਲੈ, ਮੇਰਾ ਮਨ ਵੀ ਲੈ-ਲੈ। ਮੈਨੂੰ ਵੀ ਲੈ-ਲੈ। ਮੈਂ ਕੁਛ ਨਾ ਹੋਵਾਂ, ਤੂੰ ਹੀ ਤੂੰ ਹੋਵੇਂ। ਇਹ ਜਿਹੜਾ ਪਿਆਰ ਦੇ ਰਾਹੀਂ ਪ੍ਰਮੇਸ਼ਰ ਨੂੰ ਮਿਲਣਾ ਹੈ ਇਹ ਬਿਲਕੁਲ ਖਰਾ ਸੌਦਾ ਹੋਇਆ ਕਰਦੈ। ਜਿਹੜਾ ਖਿਆਲ ਦੇ ਰਾਹੀਂ ਮਿਲਣੈ, ਇਹਦੇ ਵਿਚ ਖੋਟ ਵੀ ਆ ਜਾਂਦੀ ਹੈ। ਖਰਾ ਸੌਦਾ ਨਹੀਂ ਹੈ ਇਹ। ਬੜਾ ਡਰ ਹੈ ਇਹਦੇ ਵਿਚ, ਖੋਟ ਆਉਣ ਦਾ। ਇਸ ਗੱਲ ਨੂੰ ਕੋਈ ਗਿਆਨਵਾਨ ਪੁਰਸ਼ ਸਮਝਦੈ ਜਿਹੜੀ ਮੈਂ ਕਹਿ ਰਿਹਾ ਹਾਂ। ਸਾਡੀ ਸਮਝ ਤੋਂ ਪਰ੍ਹੇ ਹੈ। ਸੋ ਜਿਹੜਾ ਪਿਆਰ ਹੈ ਇਹ ਵੱਡੀ ਚੀਜ਼ ਹੈ। ਪਿਆਰ ਹੋਇਆ ਕਰਦੈ ਦੇਖਣ ਵਾਲੀ ਚੀਜ਼ ਨਾਲ। ਜਿਹੜੀ ਚੀਜ਼ ਅਸੀਂ ਦੇਖੀ ਨਹੀਂ ਉਹਦੇ ਨਾਲ ਕਾਹਦਾ ਪਿਆਰ -

*ਬਿਨੁ ਦੇਖੇ ਉਪਜੈ ਨਹੀ ਆਸਾ॥ ਅੰਗ- ੧੧੬੭*

ਸਾਡਾ ਮਾਰਗ ਹੈ ਇਹ ਇਹਦੇ ਉਤੇ ਧਿਆਨ ਦੇਣਾ। ਸੁਖਾਵਾਂ ਮਾਰਗ ਹੈ ਬਹੁਤ। ਰਸ ਭਰਿਆ ਮਾਰਗ ਹੈ ਸੋ ਪਿਆਰ ਦਾ ਜਿਹੜਾ ਮਾਰਗ ਹੈ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*
*ਡਾ. ਭਾਈ ਵੀਰ ਸਿੰਘ ਜੀ*

*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ*
*ਮੈ ਨੀਰੁ ਵਹੇ ਵਹਿ ਚਲੈ ਜੀਉ॥ ਅੰਗ - ੯੪*

ਜਿੰਨਾਂ ਚਿਰ ਮਿਲਾਪ ਨਹੀਂ ਹੁੰਦਾ, ਓਨਾਂ ਚਿਰ ਠਹਿਰਨਾ ਨਹੀਂ ਹੈ। ਵਧਦੇ ਹੀ ਚਲੇ ਜਾਣੈ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥*
*ਅੰਗ- ੧੦੯੬*

ਮੁਕਾਮ ਹੀ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਪਿਆਰ ਹੋਇਆ ਕਰਦੈ। ਅਸੀਂ ਮਨੁੱਖ ਬਣਾਏ ਹਾਂ ਪ੍ਰਮੇਸ਼ਰ ਦੀ ਦੁਨੀਆਂ ਦੇ ਅੰਦਰ। ਪਤਾ ਹੀ ਨਹੀਂ ਹੈ ਕੁਛ। ਜੇ ਤੁਸੀਂ ਯਕੀਨ ਕਰ ਲਓ ਮੈਂ ਦਸਦਾ ਹਾਂ। ਆਹ ਜਿਹੜਾ ਸਾਡਾ ਧਰਤੀ ਮੰਡਲ ਹੈ, ਸੂਰਜ ਮੰਡਲ ਜਿਹਨੂੰ ਕਹਿੰਦੇ ਨੇ, ਇਹਦੇ 'ਚ ਕੋਈ ਚਾਰ ਅਰਬ, ਤਾਰੇ ਤੇ ਸਿਤਾਰੇ ਨੇ ਜਿਨ੍ਹਾਂ 'ਚੋਂ 9-10 ਸਾਡੀ ਧਰਤੀ ਦੇ ਦੁਆਲੇ, ਸੂਰਜ ਦੇ ਦੁਆਲੇ ਘੁੰਮਦੇ ਨੇ। ਬਾਕੀ ਹੋਰ ਆਪਣੀ ਚਾਲ ਨਾਲ ਨੇ। ਹੈ ਸੂਰਜ ਮੰਡਲ ਦੇ। ਇਹ ਨਿੱਕਾ ਜਿਹਾ planet (ਗ੍ਰਹਿ) ਹੈ ਜਿਵੇਂ ਰਾਈ ਦਾ ਦਾਣਾ ਤਾਂ ਅਜੇ ਵੱਡਾ ਹੁੰਦੈ, ਇਸ ਤੋਂ ਵੀ ਛੋਟਾ ਹੈ। ਕਿਉਂਕਿ ਉਹ creation (ਰਚਨਾ) ਹੈ ਉਹਦਾ ਤਾਂ ਕੋਈ ਅੰਤ ਹੀ ਨਹੀਂ ਹੈ। ਕਿੰਨਾ ਕੁ ਢੇਰ ਹੈ, ਉਹ ਵੀ ਖੁਰਦਬੀਨ ਨਾਲ ਦਿਸ ਸਕਦੈ। ਇਹ ਦਾ ਇਕ ਬ੍ਰਹਮਾ ਹੈ, ਚਾਰ ਬਾਹਾਂ ਵਾਲਾ।

ਇਕ ਵਾਰੀ ਇਕ ਰਿਸ਼ੀ ਸੀ, ਉਹਦਾ ਨਾਉਂ ਲੋਮਸ ਰਿਸ਼ੀ ਸੀ। ਬ੍ਰਹਮਾ ਉਹਦੇ ਕੋਲ ਗਿਆ। ਉਹਨੇ ਕੋਈ ਧਿਆਨ ਨਾ ਦਿਤਾ। ਉਹ ਬ੍ਰਹਮਾ ਕੋਲ ਆਇਆ, ਬ੍ਰਹਮਾ ਨੇ ਬਿਲਕੁਲ ਹੀ ਧਿਆਨ ਨਾ ਦਿਤਾ। ਦੋਹਾਂ ਨੂੰ ਅਭਿਮਾਨ ਹੋ ਗਿਆ। ਜੋ ਬੇਅੰਤ ਪ੍ਰਮੇਸ਼ਰ ਹੈ, ਜਿਹਦੀ ਮਹਿਮਾ ਨਹੀਂ ਜਾਣਦਾ ਬ੍ਰਹਮਾ। ਉਹਨੇ ਇਹਨਾਂ ਦੋਹਾਂ ਨੂੰ ਚੁਕਿਆ, ਇਕ ਹੋਰ ਬ੍ਰਹਿਮੰਡ 'ਚ ਲੈ ਗਏ, ਉਥੇ ਅੱਠ ਬਾਂਹਾਂ ਵਾਲਾ ਬ੍ਰਹਮਾ ਸੀ। ਉਹਨੇ ਕਿਹਾ, ਇਹ ਚਾਰ ਬਾਹਾਂ ਵਾਲਾ ਆਇਐ, ਮੇਰੇ ਤਾਂ ਅੱਠ ਬਾਹਾਂ ਨੇ। ਉਹਨੇ ਧਿਆਨ ਹੀ ਨਾ ਦਿਤਾ। ਪ੍ਰਮੇਸ਼ਰ ਦੀ ਕੁਦਰਤ ਨੇ ਤਿੰਨਾਂ ਨੂੰ ਚੁੱਕਿਆ, ਸੌਲਾਂ ਬਾਹਾਂ ਵਾਲੇ ਬ੍ਰਹਮਾ ਕੋਲ ਲੈ ਗਏ। ਉਹ ਵੀ ਆਕੜ 'ਚ। ਉਹਨਾਂ ਚੌਹਾਂ ਨੂੰ ਚੁਕਿਆ, 32 ਬਾਹਾਂ ਵਾਲੇ ਬ੍ਰਹਮਾ ਕੋਲ ਲੈ ਗਏ। ਇਹ ਗੁਰੂ ਦਸ਼ਮੇਸ਼ ਪਿਤਾ ਦੀ ਗੱਲ ਮੈਂ ਦਸਦਾ ਹਾਂ ਜਿਹੜੀ ਗੱਲ ਉਹਨਾਂ

ਨੇ ਲਿਖੀ ਆਪਣੀ ਕਲਮ ਨਾਲ। 32 ਵਾਲੇ ਨੂੰ ਵੀ ਚੁੱਕਿਆ ਤੇ 64 ਬਾਹਾਂ ਵਾਲੇ ਕੋਲ ਲੈ ਗਏ। ਉਹਨੇ ਕਿਹਾ ਮੈਂ 64 ਬਾਹਾਂ ਵਾਲਾ ਹਾਂ, ਇਹ 32 ਵਾਲਾ ਹੈ, 16 ਵਾਲਾ, 8 ਵਾਲਾ, 4 ਵਾਲਾ; ਇਹਨਾਂ ਸਾਮ੍ਹਣੇ ਮੈਂ ਖੜ੍ਹਾ ਹੋਵਾਂ? ਉਹ ਅਭਿਮਾਨ ਦੇ ਬੰਨ੍ਹੇ ਹੋਏ, ਫੇਰ ਸਾਰੇ ਹੀ ਚੁੱਕੇ ਤੇ ਉਥੋਂ ਚੁੱਕ ਕੇ 96 ਬਾਹਾਂ ਵਾਲੇ ਕੋਲ ਲੈ ਗਏ। ਉਥੋਂ 128 ਬਾਹਾਂ ਵਾਲੇ ਕੋਲ ਚਲੇ ਗਏ। ਅਖੀਰ ਇਸ ਤਰ੍ਹਾਂ ਚਲਦੇ-ਚਲਦੇ 256 ਤੇ 512, ਇਸ ਤਰ੍ਹਾਂ ਹੀ ਚੁੱਕ ਕੇ ਹਜ਼ਾਰਾਂ ਬਾਹਾਂ ਵਾਲੇ ਬ੍ਰਹਮਾ ਕੋਲ ਲੈ ਗਏ। ਜਦੋਂ ਉਥੇ ਲੈ ਕੇ ਗਏ, ਉਸ ਬ੍ਰਹਮਾ ਨੇ ਬਹੁਤ ਸਤਿਕਾਰ ਕਰਿਆ। ਸਾਰਿਆਂ ਦਾ ਸਤਿਕਾਰ ਕਰਦੇ ਕਿਹਾ ਕਿ ਧੰਨਭਾਗ, ਦੇਖੋ ਦਰਸ਼ਨ ਹੋ ਰਹੇ ਨੇ। 4 ਬਾਹਾਂ ਵਾਲੇ ਦੇ, 8 ਬਾਹਾਂ ਵਾਲੇ ਦੇ, 16 ਬਾਹਾਂ ਵਾਲੇ ਦੇ। ਉਹ ਚਾਹੇ 1012 ਬਾਹਾਂ ਵਾਲਾ ਸੀ ਜਾਂ ਇਸ ਤੋਂ ਜ਼ਿਆਦਾ 1100 ਸਮਝ ਲਓ। ਉਥੇ ਨਿਮਰਤਾ ਦਿਖਾਈ, ਉਥੋਂ ਮੁੜੇ ਫੇਰ ਸਾਰੇ ਵਾਪਸ ਕਿ ਇਹ ਤਾਂ ਬੇਅੰਤ ਹੀ ਹੈ ਕੰਮ-

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥* *ਅੰਗ- ੮੯੪*

ਵਾਹਿਗੁਰੂ ਦੀ ਦੁਨੀਆਂ 'ਚ ਐਨਾ ਕੁਛ ਹੈ, ਵਾਹਿਗੁਰੂ ਕੀ ਪਤਾ ਕਿੰਨਾ ਕੁ ਵੱਡਾ ਹੈ, ਉਹਦੇ ਨਾਲ ਸਾਡਾ ਪਿਆਰ ਕਿਵੇਂ ਪਵੇ, ਕਿਵੇਂ ਦੇਖੀਏ, ਕਿਵੇਂ ਗੱਲਬਾਤ ਹੋਵੇ। ਹੁਣ ਦੋ ਤਰੀਕੇ ਨੇ ਕਿ ਇਕ ਤਾਂ ਹੈ ਉਹਦਾ ਸਾਕਾਰ ੴ ਦਾ ਹੈਗਾ ਇਕੋ ਹੀ infinity, (ਬੇਅੰਤਤਾ) ਗੁਰਮਤਿ ਦੇ ਹਿਸਾਬ ਨਾਲ। ਇਹਨੂੰ ਤਾਂ ਨਹੀਂ ਅਸੀਂ ਕਹਿ ਸਕਦੇ ਕਿ ਸੂਰਜ ਮੰਡਲ ਦਾ ਉਹ ਹੈ। ਜਿਹੜਾ ਹਿੰਦੂ ਧਰਮ ਹੈ, ਆਰੀਅਨ ਇਹਨਾਂ ਨੇ ਇਸੇ ਚੀਜ਼ ਦਾ ਹੱਲ ਕੱਢਿਆ। ਇਕ ਮੁਖੀ ਦੇਵਤਾ ਥਾਪਿਆ, ਚਾਰ ਬਾਂਹਾਂ ਵਾਲਾ ਵਿਸ਼ਨੂੰ ਜੀ। ਉਹਦੀ ਭਗਤੀ ਭਗਤ ਕਰਦੇ ਨੇ। ਸੀ ਤਾਂ ਉਹ ਵਾਹਿਗੁਰੂ ਦੀ ਸ਼ਕਤੀ। ਵਾਹਿਗੁਰੂ ਤੋਂ ਵੱਖਰਾ ਤਾਂ ਹੈ ਨਹੀਂ ਸੀ। ਉਹਦੇ ਨਾਲ ਪਿਆਰ ਪਾਇਆ, ਉਹ ਪ੍ਰਗਟ ਹੁੰਦਾ ਰਿਹਾ। ਉਹਨੇ ਆ ਕੇ ਧਰੂ, ਪ੍ਰਹਿਲਾਦ ਨੂੰ ਰੱਖਿਆ, ਉਹਨੇ ਨਾਮਦੇਵ ਦਾ ਦੇਹੁਰਾ ਫੇਰਿਆ, ਉਹਨੇ ਹੀ ਆ ਕੇ ਛੱਪਰ ਛਾਇਆ। ਉਹਨੇ ਮਰੀ ਹੋਈ ਗਊ ਜਿਉਂਦੀ ਕੀਤੀ। ਇਕ ਧਿਰ ਲੱਭ ਗਈ। ਇਹ ਨਹੀਂ ਸੀਗਾ ਕਿ ਉਥੇ ਹੀ ਬਸ ਕਰਦੇ ਸੀ, ਜਾਣਦੇ ਸੀ ਕਿ ਉਹਦਾ ਪ੍ਰਤੀਕ ਹੈ ਇਹ। ਜੋ ਮਹਾਂਸ਼ਕਤੀ ਹੈ ਉਹਦਾ ਪ੍ਰਤੀਕ ਜਿਹੜਾ ਦੇਖਿਆ ਜਾ ਸਕਦੈ, ਜਿਹਦੇ ਨਾਲ ਅਸੀਂ ਗੱਲ ਕਰ ਸਕਦੇ ਹਾਂ, ਉਹ ਆਹੀ ਹੈ। ਹੁਣ ਫੇਰ ਸਾਨੂੰ ਤਾਂ ਮਨ੍ਹਾ ਕਰ ਦਿਤਾ। ਉਹ ਤਾਂ ਵਾਹਿਗੁਰੂ ਹੀ ਸੀਗਾ।

ਹੁਣ ਸਾਡੇ ਸਾਮ੍ਹਣੇ ਕੀ ਸਵਾਲ ਹੈ? ਆਹ ਗੱਲ ਜੇ ਸਮਝ ਵਿਚ ਆ ਜਾਵੇ ਤਾਂ ਸਾਨੂੰ ਰਸਤਾ ਲੱਭ ਸਕਦੈ। ਗੁਰੂ ਮਹਾਰਾਜ ਦਾ ਫੁਰਮਾਨ ਹੈ ਆਪ ਸਾਨੂੰ ਪੁਛਦੇ ਨੇ ਕਿ ਦੱਸੋ ਸਾਧਸੰਗਤ ਜੀ! ਉਹ ਤਾਂ ਦੇਵਤਾ ਹੈ ਚਲੋ ਹੋਰ ਗ੍ਰਹਿ ਦੇ ਰਹਿਣ ਵਾਲਾ। ਤੁਹਾਡਾ ਤੇ ਉਹਦਾ 11 ਗ੍ਰਹਿਾਂ ਦਾ ਫਰਕ ਹੈ। ਪਹਿਲਾਂ ਗੰਧਰਬ ਲੋਕ ਆਉਂਦੈ, ਫੇਰ ਦੇਵ ਗੰਧਰਬ ਲੋਕ ਆਉਂਦੈ, ਫੇਰ ਪਿੱਤਰ ਲੋਕ ਆਉਂਦੈ, ਫੇਰ ਸਵਰਗ ਲੋਕ, ਇੰਦਰ ਲੋਕ, ਕਰਮ ਦੇਵ ਲੋਕ, ਪਰਜਾਪਤ ਲੋਕ, ਅਜਾਨ ਦੇਵ ਲੋਕ ਆਉਂਦੈ, ਬ੍ਰਹਮ ਲੋਕ, ਸ਼ਿਵ ਲੋਕ ਆਉਂਦੈ, ਫੇਰ ਅਖੀਰ ਦੇ ਉਤੇ ਬੈਕੁੰਠ ਆਉਂਦੈ, ਜਿਹਦਾ ਬੈਕੁੰਠ ਪਤੀ ਚਾਰ ਬਾਹਵਾਂ ਵਾਲਾ ਹੈ। ਜਿਥੇ-ਜਿਥੇ ਵੀ ਕੋਈ ਉਹਨੂੰ ਯਾਦ ਕਰਦੈ, ਉਹਦੇ ਦੋ ਥਾਂ ਨੇ ਇਕ ਤਾਂ ਉਹ ਪਾਣੀ ਵਿਚ ਰਹਿੰਦੈ, ਇਕ ਉਹ ਬੈਕੁੰਠ ਧਾਮ 'ਚ ਰਹਿੰਦੈ ਪਰ ਉਹਦਾ ਇਹ ਕੰਮ ਹੈ ਕਿ ਜਦੋਂ ਕਿਸੇ ਭਗਤ 'ਤੇ ਪੀੜਾ ਆਉਂਦੀ ਹੈ ਤਾਂ ਇਕ ਦਮ -

*ਹਰਿ ਜੁਗੁ ਜੁਗੁ ਭਗਤ ਉਪਾਇਆ*
*ਪੈਜ ਰਖਦਾ ਆਇਆ ਰਾਮ ਰਾਜੇ ॥*
*ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥*
*ਅਹੰਕਾਰੀਆ ਨਿੰਦਕਾ ਪਿਠਿ ਦੇਇ*
*ਨਾਮਦੇਉ ਮੁਖਿ ਲਾਇਆ ॥*
*ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥*
*ਅੰਗ- ੪੫੧*

ਭਰੋਸਾ ਬਣਿਆ ਰਹਿੰਦੈ ਕਿ ਹੈਗਾ ਸਾਡੇ ਸਿਰ 'ਤੇ ਕੋਈ। ਉਹਨਾਂ ਦਾ ਮਸਲਾ ਹੱਲ ਹੋ ਗਿਆ। ਅਸੀਂ ਕੱਟ ਨਹੀਂ ਸਕਦੇ ਉਹਨੂੰ। ਅਸੀਂ ਗਿਆਨ ਦੇ ਵਿਚ ਆ ਕੇ ਤਾਂ ਗੱਲਾਂ ਕਰਾਂਗੇ। ਲੇਕਿਨ ਭਗਤੀ ਭਾਵ 'ਚ ਕੱਟ ਨਹੀਂ ਸਕਦੇ ਅਸੀਂ ਉਹਨਾਂ ਦੇ ਵਿਸ਼ਵਾਸ਼ ਨੂੰ। ਮੁਬਾਰਕ ਹੈ ਉਹਨੂੰ। ਜਿਹੜੇ ਇਸਲਾਮ ਵਾਲੇ ਨੇ ਇਹਨਾਂ ਨੇ ਵੀ ਆਪਣਾ ਥਾਪ ਲਿਆ ਕਿ ਮਨੁੱਖ ਵਰਗੀ ਇਕ ਹਸਤੀ ਹੈਗੀ, ਸੱਤਵੇਂ ਅਸਮਾਨ 'ਤੇ ਰਹਿੰਦੀ ਹੈ। ਉਹ ਨਿਰਾ ਨੂਰ ਹੈ, ਪੜਦੇ ਦੇ ਉਹਲੇ ਗੱਲ ਕਰਦੀ ਹੈ। ਚਲ ਧਰਵਾਸ ਹੋ ਗਈ ਕਿ ਸੱਤਵੇਂ ਅਸਮਾਨ 'ਤੇ ਹੈ। ਇਹ ਗਿਆਰ੍ਹਵੇਂ ਤੇ ਬ੍ਰਹਮੇ ਸੀਗਾ। ਉਹਨਾਂ ਨੇ ਹੋਰ ਨੇੜੇ ਕਰ ਲਿਆ। ਈਸਾਈਆਂ ਨੇ ਤੀਸਰਾ ਅਸਮਾਨ ਜੋ ਹੈ, ਕਿਉਂਕਿ ਉਹਨਾਂ ਦੀ ਪਹੁੰਚ ਤੀਸਰੇ ਅਸਮਾਨ ਤਕ ਹੈ, ਉਹਨਾਂ ਨੇ ਤੀਸਰੇ 'ਤੇ ਕਰ ਲਿਆ ਖੁਦਾ ਨੂੰ। ਉਹਨਾਂ ਦਾ ਵੀ ਘਰ ਸਰ ਗਿਆ। ਕਿਉਂਕਿ ਬੇਅੰਤ ਤਾਂ ਧਿਆਨ ਵਿਚ ਆਉਂਦਾ ਹੀ ਨਹੀਂ ਨਾ। infinity ਨੇ ਕੀ ਆਉਣੈ ਧਿਆਨ ਦੇ ਅੰਦਰ। ਹੁਣ ਸਾਡੇ ਸਾਮ੍ਹਣੇ ਕੀ ਰਹਿ ਗਿਆ, ਅਸੀਂ ਇਹਨਾਂ ਚੀਜ਼ਾਂ ਨੂੰ ਮੰਨਦੇ ਨਹੀਂ ਹਾਂ, ਕਿਸੇ ਨੂੰ ਵੀ। ਅਸੀਂ ਕਹਿੰਦੇ ਹਾਂ ਕਿ ਵਾਹਿਗੁਰੂ ਦੀਆਂ

ਸ਼ਕਤੀਆਂ ਹੀ ਨੇ ਸਾਰੀਆਂ। ਉਹ ਆਪ ਹੀ ਹੈ। ਉਹਨਾਂ ਵਿਚੋਂ ਸੁਖਾਲਾ ਕੀ ਹੈ? ਗੁਰੂ ਮਹਾਰਾਜ ਨੇ ਹੱਲ ਕਰ ਦਿਤਾ ਕਹਿਣ ਲੱਗੇ, ਪਿਆਰਿਓ! ਸੱਚ ਦੀ ਬਾਤ ਤੁਹਾਨੂੰ ਦਸਦੇ ਹਾਂ। ਉਹਦੇ ਉਤੇ ਵਿਸ਼ਵਾਸ਼ ਲਿਆਓ –

*ਧਾਰਨਾ – ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨਾ ਭਾਈ।*
*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ੪ ॥ ੧ ॥ ੮ ॥*

*ਅੰਗ- ੪੪੨*

ਇਥੇ ਮਹਾਰਾਜ ਜੀ ਨੇ ਸਾਫ ਹੀ ਕਹਿ ਦਿਤਾ ਕਿ ਪਿਆਰਿਓ! ਜਿਹੜਾ ਵਾਹਿਗੁਰੂ ਹੈ ਨਾ, ਜਿਹਦਾ ਕੋਈ ਅੰਤ ਨਹੀਂ ਹੈ, ਉਹਦਾ ਜਿਹੜਾ ਤੁਹਾਡੇ ਸਮਝ ਵਿਚ ਆਉਣ ਵਾਲਾ ਸਰੂਪ ਹੈ ਉਹ ਗੁਰੂ ਕਹਾਉਂਦੈ। ਗੁਰੂ ਤੇ ਗੋਬਿੰਦ ਇਕ ਹੈ, ਸਾਨੂੰ ਨਾ ਸੱਤਵੇਂ ਅਸਮਾਨ ਦਾ, ਨਾ ਤੀਜੇ ਦਾ, ਨਾ ਗਿਆਰ੍ਹਵੇਂ ਬਾਰ੍ਹਵੇਂ ਦਾ, ਮਸਲਾ ਹੀ ਹੱਲ ਹੋ ਗਿਆ ਕਿ ਗੁਰੂ ਜਿਹੜਾ ਹੈ ਉਹ ਗੋਬਿੰਦ ਹੈ। ਗੁਰੂ ਦਾ ਮਿਲਾਪ ਹੋ ਜਾਵੇ, ਗੁਰੂ ਪਿਆਰ ਕਰੇ। ਗੁਰੂ ਬਹੁੜਦਾ ਹੈ।

ਭਾਈ ਮਨਸੁਖ ਸਿੱਖ ਦਾ ਜਹਾਜ਼ ਡੁੱਬ ਰਿਹੈ, ਲੰਕਾ ਦੇ ਕੋਲ, ਉਹ ਸਿੱਖ ਉਦਾਸ ਬੈਠਾ ਹੈ ਕਿ ਹੇ ਪਾਤਸ਼ਾਹ! ਇਸ ਵੇਲੇ ਤਾਂ ਕੋਈ ਹੈ ਨਹੀਂ, ਮੈਂ ਕਿਸ ਨੂੰ ਧਿਆਵਾਂ। ਗਿਆਰ੍ਹਵੇਂ ਅਸਮਾਨ ਵਾਲਾ ਵੀ ਦੇਰ 'ਚ ਆਏਗਾ, ਜਿਹੜਾ ਦੂਰ ਹੈ ਦੇਰ ਵਿਚ ਆਏਗਾ। ਤੁਸੀਂ ਤਾਂ ਸਾਡੀ ਧਰਤੀ 'ਤੇ ਰਹਿਣ ਵਾਲੇ ਹੋਂ, ਕ੍ਰਿਪਾ ਕਰੋ। ਜਹਾਜ਼ ਬਹੁਤ ਖਤਰਨਾਕ ਤੂਫ਼ਾਨ ਦੇ ਵਿਚੋਂ ਬਚ ਜਾਂਦੈ। ਬਰੇਤੀ 'ਤੇ ਚੜ੍ਹਿਆ ਹੋਇਆ, ਮੁੜ ਕੇ ਸਮੁੰਦਰ ਵਿਚ ਦਾਖਲ ਹੋ ਜਾਂਦੈ। ਉਹਨੇ ਸਹਾਇਤਾ ਕਰ ਦਿਤੀ। ਮੱਖਣਸ਼ਾਹ ਲੁਬਾਣੇ ਦਾ ਜਹਾਜ਼ ਫਸ ਜਾਂਦੈ। ਉਸ ਵੇਲੇ ਉਹਨੂੰ ਪਤਾ ਨਹੀਂ ਲੇਕਿਨ ਗੁਰੂ ਹਸਤੀ ਦਾ ਗਿਆਨ ਹੈ ਉਹਨੂੰ ਕਿ ਸੱਤਵੇਂ ਤਕ ਤਾਂ ਮੈਂ ਜਾਣਦਾ ਹਾਂ। ਅੱਠਵੇਂ ਤੱਕ ਵੀ ਮੈਂ ਸੁਣਿਆ ਹੈ। ਹੁਣ ਕੌਣ ਹੈ? ਗੁਰੂ ਜੋਤੀ ਤਾਂ ਜਾਂਦੀ ਨਹੀਂ ਹੈ ਕਿਤੇ ਵੀ, ਮੈਂ ਗੁਰੂ ਜੋਤੀ ਦਾ ਧਿਆਨ ਕਰਦਾਂ। ਕਹਿਣ ਲੱਗੇ, ਹੇ ਗੁਰੂ ਨਾਨਕ! ਜਿਸ ਸਰੂਪ ਵਿਚ ਵੀ ਤੂੰ ਹੈਂ। ਕਿਉਂਕਿ ਤੇਰਾ ਸਰੂਪ ਤਾਂ ਇੱਕੋ ਹੀ ਹੈ। ਇਸ ਵੇਲੇ ਕੋਈ ਮੇਰੀ ਮਦਦ ਕਰਨ ਵਾਲਾ ਨਹੀਂ। ਇਹਦਾ ਅੱਧਾ ਜਹਾਜ਼ ਸੀ, ਅੱਧਾ ਇਹਦਾ ਭਾਈਵਾਲ ਸੀ। ਪਹਿਲਾਂ ਉਹਨੇ ਸਾਰੇ ਦੇਵਤੇ ਮਨਾਏ। ਜਹਾਜ਼ ਡੁੱਬਦਾ ਹੀ ਜਾਂਦੈ। ਉਹ ਕਹਿੰਦਾ, ਅੱਧ ਦਾ ਮਾਲਕ ਤੂੰ ਵੀ ਹੈਂ। ਤੂੰ ਹੁਣ ਧਿਆ। ਉਹਨੇ ਗੁਰੂ ਦਾ ਧਿਆਨ ਧਰਿਆ, ਜਹਾਜ਼ ਪਾਰ ਹੋ ਗਿਆ। ਟੋਲ੍ਹਦਾ ਫਿਰਦਾ ਹੈ ਕਿ ਗੁਰੂ ਕਿਹੜਾ ਹੋਇਆ? ਇਥੇ ਆ ਕੇ ਪਤਾ ਲੱਗਿਆ ਕਿ ਇਥੇ ਤਾਂ 22 ਜਣੇ ਬੈਠੇ ਨੇ। ਅਸਲੀ ਤਾਂ ਅਸਲੀ ਹੀ ਹੈ ਜਿਹਨੇ ਮੇਰਾ ਜਹਾਜ਼ ਕੱਢਿਆ ਹੈ। ਅੱਖਾਂ ਨਾਲ ਦੇਖ ਲਿਆ ਸੀ, ਇਹ ਨਹੀਂ ਸੀ ਕਿ ਕੋਈ ਮੌਕਾ ਬਣ ਗਿਆ, ਹਵਾ ਬੰਦ ਹੋ ਗਈ। ਉਹ ਤਾਂ ਮਦਦ ਕਰਦਾ ਹੀ ਹੈ।

ਡਾ. ਸਵਾਮੀ ਰਾਮ ਜੀ ਕਹਿੰਦੇ ਸੀ ਕਿ ਮੈਂ ਉੱਚੇ ਪਹਾੜ ਤੋਂ ਤਿਲਕ ਗਿਆ ਕਿਉਂਕਿ ਉਸ ਦਿਨ ਮੇਰਾ ਮੌਤ ਦਾ ਕੇਸ ਸੀ, 28 ਸਾਲ ਦੀ ਉਮਰ ਵਿਚ। 12 ਵਜੇ ਦਿਨ ਦੇ। ਜੋਤਸ਼ੀਆਂ ਨੇ 7 ਸਾਲ ਦੀ ਉਮਰ ਵਿਚ ਮੈਨੂੰ ਦਸ ਦਿਤਾ ਸੀ। ਮੈਂ ਬੜਾ ਰੋਇਆ ਕਿ ਮੇਰੀ ਤਾਂ ਉਮਰ ਛੋਟੀ ਹੈ। ਗੁਰੂ ਮੇਰੇ ਨੇ ਕਿਹਾ ਕਿ ਨਹੀਂ ਮੇਰੀ ਉਮਰ ਥੋੜ੍ਹੀ ਨਹੀਂ ਬਚ ਜਾਏਂਗਾ। ਕਹਿੰਦੇ, ਹੇਠਾਂ ਨੂੰ ਮੈਂ ਤਿਲਕਦਾ ਜਾਂਦਾ ਸੀ, ਬਹੁਤ ਤਿੱਖੀ ਢਾਲ ਸੀ, ਕਿਤੇ ਹੱਥ ਨਹੀਂ ਸੀ ਪੈ ਰਿਹਾ। 500 ਫੁੱਟ ਤਕ ਜਾਂਦੇ-ਜਾਂਦੇ ਮੈਂ ਕੋਈ ਨਾ ਛੱਡਿਆ ਜਿਹਦਾ ਨਾ ਧਿਆਨ ਧਰਿਆ ਹੋਵੇ। ਇਕ ਰਹਿ ਗਿਆ, ਮੈਂ ਕਿਹਾ, ਬਈ ਮਹਾਰਾਜ, ਤੁਸੀਂ ਇਕ ਰਹਿ ਗਏ, ਹੇ ਗੁਰੂ ਨਾਨਕ! ਆਖਰੀ ਤੁਸੀਂ ਹੋਂ। ਹੁਣ ਮੈਨੂੰ ਬਚਾ ਲਓ, ਅਗਾਂਹਾਂ ਕੋਈ ਹੋਰ ਨਹੀਂ ਜਿਹਦਾ ਮੈਂ ਨਾਮ ਲਵਾਂ। ਤੁਹਾਡਾ ਹੀ ਆਸਰਾ ਰਹਿ ਗਿਆ, ਮੈਂ ਬਾਕੀ ਸਭ ਧਿਆ ਤੋਂ ਹਟਿਆ।

ਕਹਿਣ ਲੱਗੇ, ਹੋਇਆ ਕੀ, ਇਕ ਖੂੰਗੀ ਸੀ ਉਥੇ, ਕੋਈ ਝਾੜੀ ਸੀ ਕਟੀ ਹੋਈ। ਉਹ ਖੂੰਗੀ ਬਾਹਰ ਨੂੰ ਤਿੱਖੀ ਨਿਕਲੀ ਹੋਈ ਸੀ। ਉਹ ਵੱਖੀ 'ਚ ਵੜ ਗਈ। ਵੜ ਕੇ ਉਥੇ ਹੀ ਰੋਕ ਲਿਆ ਉਹਨੇ ਮੈਨੂੰ ਤੇ ਹੁਣ ਉਥੇ ਕੋਈ ਪਹੁੰਚਣ ਵਾਲਾ ਨਹੀਂ ਸੀ ਕਿ ਕੱਢੇਗਾ ਕਿਵੇਂ, ਰੋਕ ਤਾਂ ਲਿਆ ਇਹਨੇ? ਫੇਰ ਅਸੀਂ ਸੋਚਿਆ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਜੇ ਰੋਕਿਆ ਹੈ ਤਾਂ ਕੱਢਣ ਦਾ ਵੀ ਬੰਦੋਬਸਤ ਆਪੇ ਕਰਨਗੇ। ਐਨੇ ਨੂੰ ਅਵਾਜ਼ ਸੁਣੀ ਪਹਾੜ ਦੇ ਉਤੇ ਕਿ ਬੋਲ-ਬੁਲਾਰਾ ਹੋਇਆ ਮੇਰੇ ਕੰਨ 'ਚ ਕਿ ਆਦਮੀ ਮਰਿਆ ਪਿਐ। ਕਹਿੰਦੇ, ਹੱਥ ਤਾਂ ਮੈਂ ਉਹਦਾ ਛੱਡਾਂ ਨਾ, ਮੇਰੇ ਹੱਥ ਵਿਚ ਘਾਸ ਫੂਸ ਜਿਹਾ ਆ ਗਿਆ ਸੀ ਤੇ ਮੈਂ ਲੱਤ ਹਿਲਾ ਦਿਤੀ। ਉਹ ਕਹਿੰਦੇ, ਜਿਉਂਦਾ ਹੈ ਜਿਉਂਦਾ ਹੈ। ਦੇਖੋ ਲੱਤ ਹਿਲਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਪ੍ਰੇਰਨਾ ਦਿਤੀ, ਰੱਸਾ ਲਿਆਈਆਂ ਲੰਮਾ ਜਾ ਕੇ, ਹੌਲੀ-ਹੌਲੀ ਉਤਰੀਆਂ ਹੇਠਾਂ ਨੂੰ, ਇਕ ਜਣੀ ਉਤਰੀ ਰੱਸਾ ਲੱਤ ਨਾਲ ਬੰਨ੍ਹ ਕੇ, ਦੂਜਿਆਂ ਨੇ ਫੜ ਲਈ। ਉਹਨੇ ਆ ਕੇ ਕਹਿੰਦੇ ਸਾਡੇ ਲੱਕ ਨਾਲ ਰੱਸਾ ਬੰਨ੍ਹਿਆ। ਪਹਿਲਾਂ ਆਪ ਚੜ੍ਹ ਗਈ ਫੇਰ ਪੰਜਾਂ ਜਣੀਆਂ ਨੇ ਸਾਨੂੰ ਖਿੱਚਣਾ ਸ਼ੁਰੂ ਕਰ ਦਿਤਾ। ਕਹਿਣ ਕਿ ਮਾੜਾ-ਮਾੜਾ ਤੂੰ ਜ਼ੋਰ ਲਾਈ ਜਾ, ਅਸੀਂ ਖਿੱਚੀ ਜਾਂਦੇ ਹਾਂ। ਕਹਿੰਦੇ, ਇਸ ਤਰ੍ਹਾਂ ਮੈਨੂੰ ਰੱਖ ਲਿਆ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ, ਉਸ ਤੋਂ ਮੈਂ

ਉਹਨਾਂ ਦੇ ਉਤੇ ਭਰੋਸਾ ਰਖਦਾਂ। ਸੋ ਗੁਰੂ ਜਾਂਦਾ ਨਹੀਂ ਹੈ ਕਿਤੇ ਵੀ, ਹਾਜ਼ਰ ਹਜ਼ੂਰ ਹੈ, ਸੋ ਉਸ ਵੇਲੇ ਗੁਰੂ ਜੋਤੀ ਹੈ ਟੋਲ੍ਹਦਾ ਫਿਰਦੈ ਮੱਖਣ ਸ਼ਾਹ ਲੋਬਾਣਾ। ਅਖੀਰ ਉਸ ਨੂੰ ਗੁਰੂ ਲੱਭ ਗਿਆ। 500 ਮੋਹਰ ਸੁੱਖੀ ਹੋਈ ਸੀ, ਭੇਟਾ ਚਾੜ੍ਹੀ। ਇਸੇ ਤਰ੍ਹਾਂ ਦੇ ਨਾਲ ਬੇਅੰਤ ਗੁਰੂ ਘਰ 'ਚ ਸਾਖੀਆਂ ਨੇ। ਭਾਈ ਰੂਪਾ ਤੇ ਭਾਈ ਸਾਧੂ ਲੱਕੜਾਂ ਵੱਢਣ ਜਾਂਦੇ ਨੇ। ਪਾਣੀ ਪੀਣ ਦੀ ਰੁਚੀ ਜਾਗੀ। ਪਾਣੀ ਬਹੁਤਾ ਠੰਢਾ ਹੈ। ਪੁੱਤਰ ਨੂੰ ਕਿਹਾ ਕਿ ਤੂੰ ਪਾਣੀ ਉਤਾਰ। ਹੱਥ ਲਾਇਆ ਤਾਂ ਕਹਿਣ ਲੱਗਿਆ, ਪਿਤਾ ਜੀ! ਆਪਣੇ ਪੀਣ ਵਾਲਾ ਤਾਂ ਨਹੀਂ ਪਾਣੀ। ਇਹ ਤਾਂ ਗੁਰੂ ਦੇ ਪੀਣ ਵਾਲਾ ਹੈ। ਐਨਾ ਠੰਢਾ। ਕਹਿੰਦਾ, ਗੁਰੂ ਤਾਂ ਦੂਰ ਹੈ।

ਕਹਿੰਦਾ, ਨਾ ਪਿਤਾ ਜੀ! ਗੁਰੂ ਤਾਂ ਦੂਰ ਨਹੀਂ, ਉਹ ਤਾਂ ਜੇ ਪ੍ਰਹਿਲਾਦ ਨੂੰ ਬਹੁੜ ਸਕਦੈ, ਤੱਤੇ ਥੰਮ 'ਚੋਂ ਰੱਖਣ ਵਾਸਤੇ ਤਾਂ ਓਹੀ ਗੁਰੂ ਹੈ ਅੱਜ ਵੀ। ਕਹਿਣ ਲੱਗੇ, 30 ਕੋਹ ਹੈ, 40 ਮੀਲ ਤੋਂ ਵੀ ਜ਼ਿਆਦਾ। 64 ਕਿਲੋਮੀਟਰ। ਦੁਪਹਿਰਾ ਸਿਖਰ ਹੋਇਆ-ਹੋਇਐ। ਉਹ ਕਹਿੰਦਾ, ਚਾਹੇ ਪਿਤਾ ਜੀ ਕੁਛ ਹੋਵੇ ਗੁਰੂ ਸਾਹਿਬ ਨੂੰ ਪਾਣੀ ਪਿਲਾਉਣੈ। ਨਹੀਂ ਤਾਂ ਜਾਨ ਦੇ ਦੇਣੀ ਹੈ। ਬੇਨਤੀਆਂ ਕਰੀ ਜਾਂਦੇ ਨੇ। ਹੁਣ ਕੁਹਾੜਾ ਨਹੀਂ ਚਲਦਾ ਲੱਕੜਾਂ ਵੱਢਣ ਨੂੰ। ਜੀਭ ਪਿੱਛੇ ਨੂੰ ਮੁੜਨੀ ਸ਼ੁਰੂ ਹੋ ਗਈ। ਹੱਥ ਬੰਨ੍ਹੇ ਹੋਏ ਨੇ, ਬਾਰ-ਬਾਰ ਬੇਨਤੀਆਂ ਕਰਦੇ ਨੇ। ਗੁਰੂ ਮਹਾਰਾਜ air condition (ਏ.ਸੀ) ਜਿੰਨੀ ਠੰਢ ਜਿੰਨੇ ਥਾਂ 'ਤੇ ਬੈਠੇ ਨੇ ਕਿਉਂਕਿ ਉਹਨਾਂ ਦਿਨਾਂ 'ਚ ਵੀ ਟੈਕਨੀਕ ਸੀ। ਸ਼ੋਰਾ ਪਾ ਕੇ, ਖਸ-ਖਸ ਦੀਆਂ ਟਟੀਆਂ ਬਣਾ ਕੇ, ਉਹਨਾਂ ਦੇ ਵਿਚ ਹਵਾ ਲੰਘਾਉਂਦੇ ਸੀ ਉਹ ਏ.ਸੀ ਵਰਗੀ ਹੀ ਹੁੰਦੀ। ਹੁਕਮ ਕੀਤਾ ਸੇਵਾਦਾਰ ਨੂੰ ਕਿ ਜਲਦੀ ਘੋੜਾ ਤਿਆਰ ਕਰੋ। ਮਹਾਰਾਜ ਨੇ ਉਸੇ ਵੇਲੇ ਪਲੰਘੇ ਤੋਂ ਉਠ ਕੇ ਵਸਤਰ ਪਹਿਨ ਕੇ ਘੋੜੇ 'ਤੇ ਚੜ੍ਹ ਗਏ। ਦਸਿਆ ਨਹੀਂ ਕਿ ਕਿਥੇ ਨੂੰ ਜਾਨੇ ਹਾਂ। ਭਾਈ ਬਿਧੀ ਚੰਦ, ਪੈਂਧੇ ਖਾਂ ਹੋਰ ਸਾਰੇ ਜਿਹੜੇ ਨਾਮੀ ਸਿੱਖ ਸੀ, ਉਹਨਾਂ ਨੇ ਗੁਰੂ ਮਹਾਰਾਜ ਦੇ ਘੋੜੇ ਦੇ ਪਿੱਛੇ ਘੋੜਾ ਲਾ ਦਿਤਾ। ਧੂੜ ਉਡਦੀ ਜਾਂਦੀ ਹੈ, ਲੇਕਿਨ ਥੋੜ੍ਹੀ ਜਿਹੀ ਦੂਰ ਜਾ ਕੇ ਧੂੜ ਉੱਡਣ ਤੋਂ ਹਟ ਗਈ। ਪੈੜ ਵੀ ਦਿਸਣ ਤੋਂ ਹਟ ਗਈ। ਚਾਰੇ ਪੈਰ ਘੋੜੇ ਦੇ ਲੱਗੇ ਹੋਏ ਨੇ ਧਰਤੀ ਦੇ ਨਾਲ, ਕਿਉਂਕਿ ਜਦੋਂ ਘੋੜਾ ਦੌੜਦੈ ਬੜੀ ਗਹਿਰੀ ਪੈੜ ਪਾਉਂਦੈ। ਅਗਾਂਹਾਂ ਮੁੜ ਕੇ ਕੁਛ ਨਹੀਂ ਹੈ, ਧਰਤੀ ਅਗਾਂਹਾਂ ਰੇਤਲੀ ਹੈ। ਉਵੇਂ ਜਿਵੇਂ ਬਿਨਾਂ ਹਿੱਲਿਆ ਪਿਐ ਹੈ ਰੇਤਾ। ਹੈਰਾਨ ਹੋ ਗਏ ਕਿ ਇਥੋਂ ਗੁਰੂ ਸਾਹਿਬ ਗਏ ਕਿੱਥੇ? ਭਾਈ ਬਿਧੀ ਚੰਦ ਜੀ ਨੇ ਕਿਹਾ ਕਿ ਇਹ ਮਹਾਰਾਜ ਦਾ ਕੋਈ ਖਾਸ ਕੌਤਕ ਹੈ। ਸਣੇ ਘੋੜੇ ਚਲੇ ਗਏ ਕਿਤੇ। ਜਾ ਕੇ ਉਤਾਰਿਆ ਕਿੱਥੇ? ਜਿੱਥੇ ਦੋਵੇਂ ਜਣੇ ਪਾਣੀ ਤੋਂ ਪਿਆਸੇ, ਜ਼ੁਬਾਨ ਅੰਦਰ ਮੁੜੀ ਹੋਈ ਹੈ ਤੇ ਗੁਰੂ-ਗੁਰੂ ਉਹਨਾਂ ਦੇ ਅੰਦਰ ਹੋ ਰਿਹੈ। ਹੇ ਗੁਰੂ ਮਹਾਰਾਜ ਪਾਤਸ਼ਾਹ! ਜਲ ਪੀਓ, ਤੁਹਾਡੇ ਪੀਣ ਵਾਲਾ ਹੈ। ਉਸ ਵੇਲੇ ਗੁਰੂ ਮਹਾਰਾਜ ਉਥੇ ਘੋੜੇ ਤੋਂ ਉਤਰ ਗਏ, ਕਹਿਣ ਲੱਗੇ, ਭਾਈ! ਕੌਣ ਹੈ, ਸਾਨੂੰ ਪਿਆਸ ਬਹੁਤ ਲੱਗੀ ਹੋਈ ਹੈ। ਜਲਦੀ ਪਾਣੀ ਦਿਓ। ਅੱਖਾਂ ਖੁਲ੍ਹੀਆਂ। ਪਿਤਾ ਨੇ ਪੁੱਤਰ ਨੂੰ ਕਿਹਾ ਕਿ ਪੁੱਤਰ! ਆ ਗਏ ਜਿਨ੍ਹਾਂ ਨੂੰ ਆਪਾਂ ਉਡੀਕਦੇ ਸੀ। ਪਾਣੀ ਪਿਲਾਓ, ਜਲਦੀ ਪਿਲਾਓ ਸਾਨੂੰ। ਉਸ ਵੇਲੇ ਦਰਖ਼ਤ ਦਾ ਪੱਤਾ ਤੋੜਿਆ 'ਤੇ ਡੂੰਨਾ ਬਣਾ ਲਿਆ, ਗੁਰੂ ਮਹਾਰਾਜ ਨੂੰ ਡੂੰਨਾ ਬਣਾ ਕੇ ਦੇ ਦਿਤਾ। ਉਹਨੇ ਜਦੋਂ ਉਸ ਵਿਚ ਪਾਣੀ ਪਾਇਆ ਤਾਂ ਮਹਾਰਾਜ ਕਹਿੰਦੇ, ਐਸਾ ਪਾਣੀ ਤਾਂ ਅਸੀਂ ਕਦੇ ਵੀ ਨਹੀਂ ਪੀਤਾ। ਐਨਾ ਰਸ, ਐਨਾ ਸਵਾਦ, ਐਨਾ ਠੰਢਾ। ਐਨੇ ਪਿਆਰ ਨਾਲ ਸਾਨੂੰ ਕਦੇ ਨੀਂ ਕਿਸੇ ਨੇ ਪਾਣੀ ਪਿਲਾਇਆ। ਪਾਣੀ ਦੀ ਬਾਤ ਕਰੀ ਜਾਂਦੇ ਨੇ। ਉਸ ਤੋਂ ਬਾਅਦ ਆਪਣੇ ਦਸਤੇ-ਮੁਬਾਰਕ ਨਾਲ, ਉਹਨਾਂ ਦੋਹਾਂ ਨੂੰ ਪਾਣੀ ਪਿਲਾਇਆ ਮਹਾਰਾਜ ਜੀ ਨੇ। ਪ੍ਰਸੰਨ ਹੋ ਗਏ ਸਿੱਖ ਦਾ ਭਰੋਸਾ ਦੇਖ ਕੇ। ਸੰਘਣੇ ਦਰਖ਼ਤ ਥੱਲੇ ਬਹਿ ਗਏ।ਬਚਨ ਕਰੀ ਜਾਂਦੇ ਨੇ ਮਹਾਰਾਜ। ਮਹਾਰਾਜ ਕਹਿਣ ਲੱਗੇ ਕਿ ਹੁਣ ਤੁਸੀਂ ਇਹ ਤਰਖਾਣਾਂ ਕੰਮ ਛੱਡ ਦਿਓ। ਕਹਿਣ ਲੱਗੇ, ਮਹਾਰਾਜ! ਗੁਜ਼ਾਰਾ ਨਹੀਂ ਹੋਣਾ? ਮਹਾਰਾਜ ਕਹਿੰਦੇ ਰਿਧੀਆਂ ਸਿੱਧੀਆਂ, ਸ਼ਕਤੀਆਂ, ਸਾਰੀਆਂ ਤੁਹਾਡੇ ਪਿੱਛੇ ਲਾਈਆਂ ਨੇ। ਸ਼ਸਤਰ ਦੇ ਦਿਤੇ ਮਹਾਰਾਜ ਜੀ ਨੇ, ਆਪਣੀ ਇਕ ਵਰਦੀ ਦੇ ਦਿਤੀ, ਭਾਈ ਰੂਪਾ ਸਿਰ 'ਤੇ ਚੁੱਕੀਂ ਜਾਂਦੈ। ਮਹਾਰਾਜ ਘੋੜੇ 'ਤੇ ਛੜ੍ਹੀਂ ਜਾ ਰਹੇ ਨੇ, ਇਹ ਨਾਲ-ਨਾਲ ਜਾਂਦੇ ਨੇ। ਮਹਾਰਾਜ ਨੇ ਪਿੱਛੇ ਮੁੜ ਕੇ ਦੇਖਿਆ, ਕਹਿੰਦੇ, ਭਾਈ ਰੂਪੇ! ਤੂੰ ਸਾਡੇ ਦਿਤੇ ਹੋਏ ਸ਼ਸਤਰ ਕਿਉਂ ਨਹੀਂ ਪਹਿਨੇ। ਅਸੀਂ ਚੋਲਾ ਦਿਤਾ ਸੀ ਪਾਇਆ ਕਿਉਂ ਨਹੀਂ ਤੂੰ?

ਕਹਿੰਦਾ, ਸੱਚੇ ਪਾਤਸ਼ਾਹ! ਗੁਰੂ, ਪੀਰਾਂ ਦੇ ਸ਼ਸਤਰ, ਗੁਰੂ ਪੀਰਾਂ ਦੇ ਵਸਤਰ, ਗੁਰੂ ਪੀਰਾਂ ਦੇ ਜੋੜੇ ਪਹਿਨਣ ਵਾਸਤੇ ਨਹੀਂ ਹੋਇਆ ਕਰਦੇ। ਮੂਰਖ ਨੇ ਜਿਹੜੇ ਪਹਿਨਦੇ ਨੇ। ਇਹ ਤਾਂ ਸਦੀਵ ਵਾਸਤੇ ਪੂਜਾ (ਸਤਿਕਾਰ) ਵਾਸਤੇ ਹੋਇਆ ਕਰਦੇ ਨੇ। ਨਿਸ਼ਾਨੀ ਹੁੰਦੀ ਹੈ, ਅਵਲ ਨਿਸ਼ਾਨੀ।

ਮਹਾਰਾਜ ਪ੍ਰਸੰਨ ਹੋ ਗਏ। ਚਾਰ ਮੀਲ ਚਲੇ ਗਏ, ਮਹਾਰਾਜ ਕਹਿੰਦੇ, ਤੁਸੀਂ ਦੇਗ ਚਲਾਓ। ਕਹਿਣ ਲੱਗੇ, ਮਹਾਰਾਜ! ਇਸ ਪਿੰਡ ਦੇ ਵਿਚ ਸਾਡੇ ਦੋਖੀ ਬਹੁਤ ਨੇ। ਕਿਉਂਕਿ ਸਾਡਾ ਇਕੱਲਾ ਹੀ ਘਰ ਗੁਰਸਿੱਖਾਂ ਦਾ ਹੈ। ਬਾਕੀ ਸਾਰੇ ਸਰਵਰੀਏ ਨੇ। ਚਾਰ ਮੀਲ 'ਤੇ ਜਾ ਕੇ ਮਹਾਰਾਜ ਕਹਿੰਦੇ, ਲਓ ਇਥੇ ਤੁਸੀਂ ਨਗਰ ਵਸਾ ਲਓ।

ਬੇਅੰਤ ਧਨ, ਬੇਅੰਤ ਧਨ ਤੁਹਾਡੇ ਕੋਲ ਆਏਗਾ। ਤੁਸੀਂ ਸ਼ਸਤਰ ਨਹੀਂ ਸਾਡੇ ਪਹਿਨੇ ਪਰ ਤੁਹਾਡੀ ਜਿਹੜੀ ਜ਼ੁਬਾਨ ਹੋਏਗੀ ਇਹ ਸ਼ਸਤਰ ਤੋਂ ਵੀ ਵੱਧ ਕੰਮ ਕਰੇਗੀ। ਜੋ ਬਚਨ ਤੁਹਾਡੇ ਮੁਖ ਤੋਂ ਨਿਕਲ ਜਾਏਗਾ ਉਹ ਪੂਰਾ ਹੋ ਜਾਏਗਾ। ਇਥੇ ਬੌੜੀ ਗੱਡ ਲਓ। ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਨਾਮ ਸਾਧੂ ਦੇ ਨਾਮ 'ਤੇ ਰਖ ਲੈਨੇ ਹਾਂ। ਕਹਿੰਦੇ, ਲਿਆਓ ਮਹਾਰਾਜ, ਬੇਟੇ ਦੇ ਨਾਮ 'ਤੇ ਰਖ ਲੈਂਦੇ ਹਾਂ। ਭਾਈ ਰੂਪਾ! ਪਿੰਡ ਦਾ ਨਾਮ ਰਖ ਦਿਤਾ ਤੇ ਮਹਾਰਾਜ ਜੀ ਨੇ ਉਥੇ ਹੀ ਰਿਹਾਇਸ਼ ਕਰ ਦਿਤੀ ਰਾਤ ਦੀ। ਲੰਗਰ ਚੱਲਣ ਲਗ ਗਿਆ। ਸੰਗਤਾਂ ਨੂੰ ਪਤਾ ਲਗ ਗਿਆ ਦੂਰ ਤੱਕ। ਆਉਣੇ ਸ਼ੁਰੂ ਹੋ ਗਏ ਤੇ ਸ਼ਾਮ ਤਕ ਭਾਈ ਬਿਧੀ ਚੰਦ, ਪੈਂਧੇ ਖਾਨ ਵਗੈਰਾ ਵੀ ਪਹੁੰਚ ਜਾਂਦੇ ਨੇ। ਚਾਰ ਦਿਨ ਮਹਾਰਾਜ ਉਥੇ ਰਹੇ।

ਸੋ ਇਹ ਜੋ ਬਾਤ ਹੈ, ਗੁਰੂ ਜੋ ਹੈ ਉਹਦਾ ਸਬੰਧ ਜੋ ਹੈ ਸਿੱਖ ਨਾਲ, ਬਹੁਤ ਗਾੜ੍ਹਾ ਸਬੰਧ ਹੈ। ਉਹਦੇ ਵਾਸਤੇ ਓਹੀ ਰੱਬ ਹੋਇਆ ਕਰਦੈ। ਗੁਰੂ ਪ੍ਰਸੰਨ ਹੋ ਗਿਆ, ਗੁਰੂ ਦਾ ਜਿਹੜਾ ਅਸਲੀ ਸਰੂਪ ਹੈ ਨਿਰਗੁਣ ਸਰੂਪ ਉਹਦੇ ਵਿਚ ਉਹ ਲੈਅ ਕਰ ਜਾਇਆ ਕਰਦੈ। ਅਭੇਦ ਕਰ ਜਾਇਆ ਕਰਦੈ। ਇਹ ਗੱਲ ਉੱਚੀ ਸੁਰਤ (higher stage) ਦੇ ਜਗਿਆਸੂਆਂ ਵਾਸਤੇ ਹੈ। ਜਿਹਨੂੰ ਅਸੀਂ ਕਹਿ ਦੇਈਏ ਪੀਐਚ.ਡੀ. ਉਥੇ ਤਕ ਆਹੀ ਗੱਲ ਚਲਦੀ ਹੈ ਜਿਹੜੀ ਮੈਂ ਕਰ ਰਿਹਾ ਹਾਂ। ਜਿਹੜੀ ਡੀ.ਲਿਟ ਹੈ ਉਹ ਗੱਲ ਅਭੇਦ ਅਵਸਥਾ ਦੀ ਹੈ। ਉਹ ਐਡਵਾਂਸ ਸਟੇਜ ਦੇ ਜਿਹੜੇ ਵਿਦਿਆਰਥੀ ਪਹੁੰਚੇ ਹੋਏ ਹੁੰਦੇ ਨੇ, ਉਹਨਾਂ ਵਾਸਤੇ ਹੁੰਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਮੈਂ ਬੇਨਤੀ ਕਰਦਾ ਸੀ ਕਿ ਸਾਡੇ ਵਾਸਤੇ ਜਿਹੜਾ ਹੈ ਉਹ ਗੁਰੂ ਹੀ ਹੈ। ਉਹਦਾ ਹੀ ਧਿਆਨ ਧਰਨਾ, ਉਹਦੇ ਹੀ ਬਚਨ ਕਰਨੇ, ਉਹਦੀਆਂ ਗੱਲਾਂ ਕਰਨੀਆਂ। ਕਿਉਂਕਿ ਸਾਡੇ ਵਰਗਾ ਸਰੀਰ ਉਹਦਾ ਹੋਇਐ ਕਰਦੈ। ਸਾਡੀ ਨਿਗ੍ਹਾ ਠਹਿਰ ਜਾਂਦੀ ਹੈ। ਪਹਿਲਾਂ-ਪਹਿਲਾਂ ਸਰੀਰ 'ਤੇ ਠਹਿਰਦੀ ਹੈ, ਫੇਰ ਅੰਦਰਲੀ ਗੱਲ ਸਮਝ 'ਚ ਆ ਜਾਂਦੀ ਹੈ। ਫੇਰ ਜੋਤੀ ਦਾ ਪਤਾ ਲਗ ਜਾਂਦੈ। ਸੋ ਸਰੀਰ ਦੇ ਦਰਸ਼ਨ ਕਿਉਂਕਿ ਮਹਾਂ ਪਵਿੱਤਰ ਵਜੂਦ ਦੇ ਦਰਸ਼ਨ ਹਨ ਸੰਸਾਰ ਦੇ ਅੰਦਰ। ਉਹਨਾਂ ਦੇ ਦਰਸ਼ਨ ਕਰਨ ਵਾਸਤੇ ਸੰਗਤਾਂ ਸਮੇਂ ਦੇ ਨਾਲ ਆਉਂਦੀਆਂ ਨੇ।

ਗੁਰੂ ਦਸ਼ਮੇਸ਼ ਪਿਤਾ ਜੀ ਉਹਨਾਂ ਦਿਨਾਂ 'ਚ ਪਾਉਂਟਾ ਸਾਹਿਬ ਉਹਨਾਂ ਦੀ ਰਿਹਾਇਸ਼ ਸੀ। ਜੰਗਲ ਬਹੁਤ ਸੀ ਸਿਰੇ ਤੱਕ। ਲੇਕਿਨ ਜਿਹੜੇ ਪਿਆਰ ਦੇ ਕੁੱਠੇ ਹੋਏ ਪ੍ਰੇਮੀ ਸੀ ਉਹ ਨਹੀਂ ਸੀ ਹਟਦੇ। ਉਹ ਮਹਾਰਾਜ ਦੇ ਦਰਸ਼ਨ ਕਰਨ ਵਾਸਤੇ ਛੋਟੇ-ਛੋਟੇ ਜਥੇ ਬਣਾ ਕੇ ਤੁਰਦੇ ਨੇ। ਅੱਜ ਅੰਮ੍ਰਿਤ ਵੇਲੇ ਨੇੜੇ ਜੰਗਲ ਤੋਂ ਬਾਹਰੋਂ ਜਥਾ ਤੁਰਦੈ, ਜਿਹਦੇ ਵਿਚ 10 ਬੀਬੀਆਂ ਨੇ, ਚਾਰ ਪੰਜ ਬੱਚੇ ਨੇ, ਦੋ ਬੰਦੇ ਨੇ, ਦਿਨ ਚੜ੍ਹ ਗਿਆ ਕਿ ਹੁਣ ਅਸੀਂ ਜੰਗਲ ਲੰਘ ਲਵਾਂਗੇ। ਰਾਤ ਨੂੰ ਤਾਂ ਡਰ ਹੁੰਦੈ ਕਿਉਂਕਿ ਚੋਰ-ਚਕਾਰ ਉਹਨਾਂ ਦਿਨਾਂ 'ਚ ਜੰਗਲਾਂ 'ਚ ਬਹੁਤ ਰਹਿੰਦੇ ਸੀ। ਉਹ ਤੁਰੇ ਨੇ, ਜੰਗਲ ਵਿਚ ਜਾਂਦੇ ਨੇ ਤੇ ਇਸ ਤਰ੍ਹਾਂ ਪ੍ਰੇਮ ਦੇ ਨਾਲ ਆਪਣੀ ਭਾਵਨਾ ਪ੍ਰਗਟ ਕਰਦੇ ਨੇ। ਪੜ੍ਹੋ ਪਿਆਰ ਨਾਲ -

*ਧਾਰਨਾ - ਹਰਿ ਦਰਸ਼ਨ ਕੀ ਆਸਾ*
*ਮੇਰੇ ਮਨ ਹਰਿ ਦਰਸ਼ਨ ਕੀ ਆਸਾ।*
*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥*
*ਉਰ ਨਾ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥੧॥*
*ਉਡਹੁ ਨ ਕਾਗਾ ਕਾਰੇ ॥*
*ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥ ਅੰਗ - ੩੩੭*

ਐਸੇ ਪਿਆਰ ਦੇ ਸ਼ਬਦ ਪੜ੍ਹਦੇ ਹੋਏ ਜੰਗਲ ਦੇ ਵਿਚੋਂ ਜਾ ਰਹੇ ਨੇ ਕਿਉਂਕਿ ਬੋਲ-ਬੁਲਾਰਾ ਜਾਣ ਕੇ ਕਰ ਰਹੇ ਨੇ। ਪਤਾ ਲੱਗੇ ਕਿ ਕੋਈ ਜੱਥਾ ਜਾ ਰਿਹੈ ਕਿਉਂਕਿ ਜੰਗਲਾਂ 'ਚੋਂ ਲੰਘਣ ਦਾ ਇਕੋ ਹੀ ਤਰੀਕਾ ਹੁੰਦੈ ਸਾਧਸੰਗਤ ਜੀ ਕਿ ਉਸ ਵੇਲੇ ਚੁੱਪ ਕਰਕੇ ਨਾ ਲੰਘੋ, ਜੰਗਲ 'ਚੋਂ।

ਆਹ ਯੂ.ਪੀ ਦੇ ਅੰਦਰ ਜੰਗਲ ਹੁੰਦੇ ਵੱਡੇ-ਵੱਡੇ। ਸਾਡਾ ਹੀ ਜੰਗਲ ਬਹੁਤ ਵੱਡਾ ਸੀ, ਜਿੱਥੇ ਅਸੀਂ ਰਹਿੰਦੇ ਸੀ। ਉਹ ਜੰਗਲ 'ਚ ਵੜਨਾ, ਇਕੱਲਾ ਹੀ ਬੰਦਾ ਧਾਰਨਾ ਵਾਲੇ ਸ਼ਬਦ ਪੜ੍ਹਨ ਲਗ ਜਾਂਦਾ ਸੀ ਕਿ ਨੇੜੇ ਤੇੜੇ ਜੇ ਸ਼ੇਰ ਹੋਇਆ ਸੁਣ ਲਏਗਾ ਤੇ ਪਾਸੇ ਹਟ ਜਾਏਗਾ, ਅਚਾਨਕ ਨਹੀਂ ਸ਼ੇਰ ਦੇ ਨੇੜੇ ਚਲੇ ਜਾਵਾਂਗੇ। ਸਾਰੇ ਹੀ ਇਵੇਂ ਕਰਦੇ ਸੀ। ਸੋ ਇਸ ਤਰ੍ਹਾਂ ਉਹ ਸ਼ਬਦ ਗੁਰੂ ਦਾ ਧਿਆਨ ਧਰ ਕੇ ਪੜ੍ਹਦੇ ਨੇ।

ਉਥੇ ਹੀ ਇਕ ਗੁਰਸਿੱਖ, ਛੋਟੀ ਜਿਹੀ ਝੌਂਪੜੀ ਬਣਾਈ ਹੋਈ ਸੀ ਉਹਨੇ, ਬੰਦਗੀ ਕਰਦਾ ਰਹਿੰਦਾ। ਸ਼ਸਤਰਧਾਰੀ ਸਿੰਘ ਸੀਗਾ। ਇਸ ਕਰਕੇ ਵੀ ਰਹਿੰਦਾ ਸੀ ਕਿ ਪਤਾ ਰਹੇ ਚੋਰਾਂ ਚਕਾਰਾਂ ਨੂੰ ਕਿ ਸਿੰਘ ਰਹਿੰਦਾ ਹੈ, ਉਹਦੇ ਕੰਨਾਂ ਦੇ ਵਿਚ ਅਵਾਜ਼ ਪੈਂਦੀ ਹੈ ਕਿ ਕੋਈ ਮੇਰੇ ਮਾਲਕ ਦੇ ਦਰਸ਼ਨ ਕਰਨ ਵਾਸਤੇ ਪਾਉਂਟਾ ਸਾਹਿਬ ਨੂੰ ਜਾ ਰਿਹੈ ਜੱਥਾ। ਲੇਕਿਨ ਧਿਆਨ ਦੇ ਨਾਲ ਸੁਣਦੈ, ਸੁਣਦੇ ਦੇ ਕੀ ਹੋਇਆ ਕਿ ਆਵਾਜ਼ ਤਾਂ ਹੋ ਗਈ ਬੰਦ। ਇਕ ਆਵਾਜ਼ ਆਉਣ ਲਗ ਗਈ ਕਿ ਨਾ ਵੀਰਾ! ਅਸੀਂ ਤਾਂ ਗੁਰੂ ਦੇ ਦਰਸ਼ਨ ਨੂੰ ਜਾਣੈ, ਉਸ ਗੁਰੂ ਦਾ ਹੀ ਵਾਸਤਾ ਹੈ, ਸਾਨੂੰ ਕੁਛ ਨਾ ਕਹੋ। ਚਾਰ ਡਾਕੂ ਸਾਮ੍ਹਣੇ ਸ਼ਸਤਰਧਾਰੀ ਆ ਕੇ ਖੜ੍ਹੇ ਹੋ ਗਏ ਕਹਿੰਦੇ, ਰੱਖ ਦਿਓ ਜੋ ਕੁਛ ਹੈ ਤੁਹਾਡੇ ਕੋਲ। ਗੁਰਸਿੱਖ ਨੇ ਸੁਣਿਆ, ਪੂਰਨ

ਗੁਰੂ ਉਤੇ ਸ਼ਰਧਾ ਵਾਲਾ ਗੁਰਸਿੱਖ ਸੀ, ਸਾਧੂ ਸੀ। ਸੁਣਦੇ ਸਾਰ ਆਵਾਜ਼ ਵਲ ਨੂੰ ਦੌੜ ਜਾਂਦੈ। ਕਿਉਂਕਿ ਪਰਉਪਕਾਰੀ ਹੁੰਦੇ ਨੇ ਗੁਰਮੁਖ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥* *ਅੰਗ- ੭੪੯*

*ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥*
*ਅਉਗਣ ਸਭ ਮਿਟਾਇ ਕੈ ਪਰਉਪਕਾਰੁ ਕਰੇਇ ॥ ੩ ॥*
*ਅੰਗ- ੨੧੮*

ਪਰਉਪਕਾਰ ਕਰਨਾ ਹੀ ਉਹਨਾਂ ਦੇ ਜੀਵਨ ਦਾ ਬੜਾ ਭਾਰਾ ਹਿੱਸਾ ਹੋਇਆ ਕਰਦੈ। ਉਹਨੇ ਕਿਹਾ ਕਿ ਇਹ ਤਾਂ ਜੱਥਾ ਸੰਕਟ 'ਚ ਆ ਗਿਆ ਤੇ ਆਵਾਜ਼ ਬਹੁਤੀ ਬੀਬੀਆਂ ਦੀ ਆ ਰਹੀ ਹੈ ਕਿਉਂਕਿ 10 ਬੀਬੀਆਂ ਸੀ ਤੇ ਬੱਚਿਆਂ ਦੀ ਰੋਣ ਦੀ ਅਵਾਜ਼ ਆ ਰਹੀ ਹੈ। ਬੀਬੀਆਂ ਦੀ ਆ ਰਹੀ ਹੈ ਕਿ ਹੇ ਕਲਗੀ ਵਾਲੇ ਪਾਤਸ਼ਾਹ! ਹੁਣ ਬਹੁੜੋ, ਹੁਣ ਇਥੇ ਕੋਈ ਨਹੀਂ ਹੈ। ਜਿਵੇਂ ਪ੍ਰਹਿਲਾਦ ਨੂੰ ਬਹੁੜਿਆ ਸੀ ਇਵੇਂ ਬਹੁੜੋ। ਜਿਹੜੇ ਬੰਦੇ ਨੇ ਉਹਨਾਂ ਦੀ ਵੀ ਦੋਹਾਂ ਦੀ ਅਵਾਜ਼ ਆ ਰਹੀ ਹੈ। ਚਾਰ ਸ਼ਸਤਰਧਾਰੀ ਬਰਛੇ ਕੱਢੀਂ ਖੜ੍ਹੇ ਨੇ। ਐਨੇ ਨੂੰ ਗੁਰਸਿੱਖ ਜਿਹੜਾ ਸੀ ਉਹ ਗਿਆ, ਦੂਰੋਂ ਲਲਕਾਰਾ ਮਾਰਿਆ ਕਿ ਠਹਿਰ ਜਾਓ। ਉਸ ਵੇਲੇ ਉਹਨੇ ਇਕੱਲੇ ਨੇ ਯੁੱਧ ਕਰਕੇ ਡਾਕੂ ਨਠਾ ਦਿਤੇ। ਲੇਕਿਨ ਉਸ ਦੇ ਆਪਣੇ ਸਰੀਰ ਦੇ ਉਤੇ ਬਹੁਤ ਗਹਿਰਾ ਜ਼ਖਮ ਆ ਗਿਆ। ਪਾਣੀ ਦੀ ਪਿਆਸ ਲੱਗੀ। ਪਾਣੀ ਪੀਣ ਵਾਸਤੇ ਸ਼ਹਿਰ ਹੈ ਨੇੜੇ ਛੋਟਾ ਜਿਹਾ। ਗੁਰਸਿੱਖੀ ਦੀ ਸੁਗੰਧੀ ਹੈ ਸ਼ਹਿਰ ਦੇ ਅੰਦਰ ਤੇ ਰਾਣੀ ਜਿਹੜੀ ਹੈ ਉਹ ਗੁਰੂ ਦੇ ਪਿਆਰ ਵਾਲੀ ਹੈ। ਇਸ ਆਸ ਨਾਲ ਕਿ ਮੈਂ ਇਕ ਵਾਰੀ ਸ਼ਹਿਰ ਪਹੁੰਚ ਜਾਵਾਂ ਤੇ ਰਾਣੀ ਨੂੰ ਖਬਰ ਕਰ ਦੇਵਾਂ ਤਾਂ ਦਵਾ-ਦਾਰੂ ਵੀ ਮੇਰੀ ਹੋ ਜਾਏਗੀ ਤੇ ਮੈਨੂੰ ਜਲ ਵੀ ਮਿਲ ਜਾਏਗਾ। ਬਹੁਤ ਤੇਜ਼ੀ ਨਾਲ ਦੌੜ ਕੇ ਆਉਂਦੈ। ਖੂਨ ਚਲ ਰਿਹੈ। ਕਈ ਫੱਟ ਲੱਗੇ ਹੋਏ ਨੇ ਬੜੇ ਕਰਾਰੇ। ਉਥੇ ਕੀ ਦੇਖਦੈ ਖੂਹ ਦੇ ਉਤੇ ਦੋ ਪ੍ਰੇਮੀ ਨੇ। ਇਕ ਪਤਨੀ ਹੈ ਇਕ ਪਤੀ ਹੈ, ਉਹਨਾਂ ਨੇ ਪਾਣੀ ਭਰਿਆ, ਬਰਤਨ ਵਿਚ ਪਾਇਆ, ਉਸ ਤੋਂ ਬਾਅਦ ਉਹ ਲਈਂ ਜਾ ਰਹੇ ਨੇ। ਗੁਰਸਿੱਖ ਅੱਗੇ ਹੋ ਕੇ ਕਹਿਣ ਲੱਗਿਆ, ਓ ਵੀਰੋ! ਮੈਨੂੰ ਛੇਤੀ ਪਾਣੀ ਪਿਲਾ ਦਿਓ। ਜਲਦੀ ਪਿਲਾਓ। ਦੋਵੇਂ ਜਣੇ ਇਕ ਦੂਜੇ ਦੇ ਮੂੰਹ ਵਲ ਦੇਖਣ ਲਗ ਗਏ। ਕਹਿੰਦੇ, ਕੀ ਦੇਖਦੇ ਹੋਂ, ਪਾਣੀ ਪਿਲਾਓ।

ਕਹਿਣ ਲੱਗੇ, ਗੁਰਸਿੱਖਾ! ਦੇਖ ਅਸੀਂ ਕਰਮਕਾਂਡੀ ਹਾਂ, ਅਸੀਂ ਦੇਵਤੇ ਦੀ ਪੂਜਾ ਕਰਦੇ ਹਾਂ। ਸੁੱਚਾ ਜਲ ਲਿਜਾ ਕੇ, ਦੇਵਤੇ ਦਾ ਇਸ਼ਨਾਨ ਕਰਾਉਣੈ, ਫੇਰ ਅਸੀਂ ਚਰਨਾਮ੍ਰਿਤ ਲੈਣੈ। ਧੂਫ ਧੁਖਾਉਣੀ ਹੈ ਤੇ ਤੂੰ ਜੇ ਇੰਤਜ਼ਾਰ ਕਰ ਸਕਦੈਂ ਤਾਂ ਕਰ, ਅਸੀਂ ਆਏ ਆਹ ਕੰਮ ਕਰਕੇ। ਚਾਹੇ ਸਾਨੂੰ 20 ਮਿੰਟ ਲਗ ਜਾਣ, ਚਾਹੇ ਅੱਧਾ ਘੰਟਾ ਲਗ ਜਾਵੇ। ਪਰ ਪਿਆਰਿਆ, ਆਹ ਪਾਣੀ ਅਸੀਂ ਤੈਨੂੰ ਨਹੀਂ ਪਿਲਾ ਸਕਦੇ।

ਕਹਿਣ ਲੱਗਾ, ਪਿਆਰਿਓ! ਤੁਸੀਂ ਜਿਉਂਦੇ ਰੱਬ ਨੂੰ ਨਹੀਂ ਮੰਨਦੇ। ਨਾ ਤੁਹਾਨੂੰ ਰੱਬ ਦੀ ਸੋਝੀ ਹੈ। ਐਵੇਂ ਗਲਤ ਰਸਤੇ ਤੁਸੀਂ ਪਏ ਹੋਏ ਹੋਂ। ਪਿਆਰਿਓ! ਜਿਹਨੂੰ ਤੁਸੀਂ ਭਾਲਦੇ ਹੋਂ, ਉਹਨੂੰ ਤੁਸੀਂ ਉਸ ਥਾਂ 'ਤੇ ਭਾਲੋ, ਜਿਥੇ ਉਹਦਾ ਵਾਸਾ ਹੈ। ਤੁਸੀਂ ਬੜੇ ਲੰਮੇ ਚੱਕਰ 'ਚ ਪਏ ਹੋਏ ਹੋਂ। ਤੁਸੀਂ ਪਛਾਣੋ ਪ੍ਰਮੇਸ਼ਰ ਨੂੰ। ਪ੍ਰਮੇਸ਼ਰ ਤੁਹਾਡੇ ਅੰਦਰ ਰਹਿੰਦਾ ਹੈ, ਉਹਨੂੰ ਪੂਜੋ, ਉਹਨੂੰ ਪਛਾਣੋ-

*ਧਾਰਨਾ - ਤੇਰੇ ਅੰਦਰ ਹਰੀ ਦਾ ਵਾਸਾ,*
*ਬਾਹਰੋਂ ਕਾਹਤੋਂ ਢੂੰਡਦਾ ਫਿਰੇਂ।*

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ- ੯੫੪*

ਪਿਆਰਿਆ! ਜਿਹਨੂੰ ਤੂੰ ਟੋਲ੍ਹਦਾ ਫਿਰਦੈਂ, ਉਹ ਮੰਦਰਾਂ ਵਿਚ ਨਹੀਂ ਹੈ, ਉਹ ਤੇਰੇ ਸੱਚੇ ਮੰਦਰ ਸਰੀਰ ਵਿਚ ਹੈ। ਇਹਨੂੰ ਹੀ ਪ੍ਰਸੰਨ ਕਰ ਲੈ। ਦੋ ਘੁੱਟ ਪਾਣੀ ਦੇ ਪਿਲਾ ਦੇ। ਕਿਸੇ ਜਰਾਹ ਨੂੰ ਦਸ ਦੇਵੇ, ਮੇਰਾ ਜ਼ਖਮ ਬੰਨ੍ਹ ਦੇਵੇ, ਮੇਰਾ ਖੂਨ ਨਿਕਲ ਗਿਆ, ਹੁਣ ਮੈਨੂੰ ਤੁਰਨਾ ਵੀ ਔਖਾ ਹੋ ਗਿਆ। ਦੋ ਘੁੱਟ ਪਾਣੀ ਪਿਲਾ ਦਿਓ। ਜ਼ੁਬਾਨ ਮੁੜਦੀ ਜਾਂਦੀ ਹੈ ਪਿੱਛੇ ਨੂੰ।

ਕਿਉਂਕਿ ਸਾਧਸੰਗਤ ਜੀ! ਆਹ ਜਿਹੜਾ ਸਰੀਰ ਹੈ ਇਹ ਵਾਹਿਗੁਰੂ ਦਾ ਮੰਦਰ ਹੈ। ਉਹਨੇ ਆਪਣੇ ਲਈ ਬਣਾਇਆ ਹੋਇਆ ਹੈ। 83 ਲੱਖ 99 ਹਜ਼ਾਰ 999 ਜੂਨਾਂ ਵਿਚ ਉਹ ਪ੍ਰਗਟ ਰੂਪ 'ਚ ਨਹੀਂ ਹੈਗਾ। ਆਹ ਸਰੀਰ ਦੇ ਵਿਚ ਪ੍ਰਗਟ ਰੂਪ 'ਚ ਹੈ। ਮਹਾਰਾਜ ਕਹਿੰਦੇ, ਇਹ ਜਿਹੜੀ ਦੇਹੀ ਨਗਰੀ ਹੈ -

*ਦੇਹੀ ਨਗਰੀ ਊਤਮ ਥਾਨਾ ॥*
*ਪੰਚ ਲੋਕ ਵਸਹਿ ਪਰਧਾਨਾ ॥*
*ਊਪਰਿ ਏਕੰਕਾਰੁ ਨਿਰਾਲਮੁ*
*ਸੁੰਨ ਸਮਾਧਿ ਲਗਾਇਆ ॥ ੩ ॥*
*ਦੇਹੀ ਨਗਰੀ ਨਉ ਦਰਵਾਜੇ ॥*
*ਸਿਰਿ ਸਿਰਿ ਕਰਣੈਹਾਰੈ ਸਾਜੇ ॥*
*ਦਸਵੈ ਪੁਰਖੁ ਅਤੀਤੁ ਨਿਰਾਲਾ*
*ਆਪੇ ਅਲਖੁ ਲਖਾਇਆ ॥ ੪ ॥* *ਅੰਗ- ੧੦੩੯*

ਉਹ ਤਾਂ ਹੈ ਬਹੁਤ ਨੇੜੇ ਹਰੇਕ ਦੇ ਅੰਦਰ ਹੈ, ਚਾਹੇ ਪਾਪੀ ਹੈ, ਚਾਹੇ ਪੁੰਨੀ ਹੈ, ਪ੍ਰਮੇਸ਼ਰ ਤਾਂ ਅੰਦਰ ਵਸਦਾ ਹੀ ਹੈ। ਪਰ ਇਹ ਜਿੰਨੀ ਦੇਰ ਤਕ ਸਤਿਗੁਰੂ ਨੂੰ ਨਹੀਂ ਨਾ ਮਿਲਦਾ, ਪੂਰੇ ਗੁਰੂ ਨੂੰ। ਓਨੀਂ ਦੇਰ ਤਕ ਕੰਮ ਨਹੀਂ ਬਣਿਆ ਕਰਦਾ –

*ਧਾਰਨਾ – ਨਹੀਂਓ ਖੁਲ੍ਹਦੇ ਜੰਗਾਲੇ ਹੋਏ ਜਿੰਦਰੇ,*
*ਬਾਝ ਸਤਿਗੁਰ ਪੂਰਿਆਂ ਤੋਂ।*
*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*
*ਅੰਗ- ੨੦੫*

ਪਿਆਰਿਓ! ਤੁਸੀਂ ਤਾਂ ਗਲਤ ਰਸਤੇ ਪਏ ਹੋਏ ਹੋਂ, ਇਸ ਵੇਲੇ ਜਿਉਂਦੇ ਠਾਕੁਰ ਨੂੰ ਤੁਸੀਂ ਮੰਨ ਨਹੀਂ ਰਹੇ। ਤੁਹਾਡੇ ਨੇੜੇ ਹੀ ਪਾਉਂਟੇ ਸਾਹਿਬ 'ਚ ਨਿਵਾਸ ਰਖਦੇ ਨੇ। ਜੇ ਤੁਸੀਂ ਕਦੇ ਉਹਨੂੰ ਮੰਨਦੇ ਹੁੰਦੇ ਤਾਂ ਤੁਸੀਂ ਮੈਨੂੰ ਪਾਣੀ ਦੀ ਘੁੱਟ ਤਾਂ ਪਿਲਾਉਣੀ ਹੀ ਸੀ। ਤੁਹਾਡੇ ਅੰਦਰ ਕਿੰਨਾ ਦਰਦ ਹੋਣਾ ਸੀ, ਚੁੱਕ ਕੇ ਲੈ ਜਾਣਾ ਸੀ ਤੁਸੀਂ। ਆਹ ਤੁਹਾਡਾ ਕਾਹਦਾ ਰੱਬ ਹੋਇਆ ਕਿ ਜੇ ਇਕ ਘੁੱਟ ਪਾਣੀ ਦੀ ਤੁਸੀਂ ਨਹੀਂ ਪਿਲਾ ਸਕੇ। ਨਹੀਂ ਦਰਸ਼ਨ ਦੇਣ ਲੱਗਾ ਤੁਹਾਨੂੰ ਠਾਕੁਰ ਇਸ ਤਰ੍ਹਾਂ ਦੇ ਨਾਲ। ਦਰਸ਼ਨ ਨਹੀਂ ਹੋਣੇ, ਐਵੇਂ ਹੀ ਜ਼ਿੰਦਗੀ ਬਰਬਾਦ ਕਰ ਲਵੋਂਗੇ। ਸਤਿਗੁਰੂ ਦੀ ਸ਼ਰਨ ਪਵੋ ਜੇ ਦਰਸ਼ਨ ਕਰਨੇ ਨੇ। ਉਹ ਅੰਦਰ ਹੈ, ਅੰਦਰ ਦਿਖਾ ਦਿੰਦਾ ਹੈ –

*ਹਉ ਢੂੰਢੇਦੀ ਸਜਣਾ ਸਜਣੁ ਮੈਡੈ ਨਾਲਿ ॥*
*ਜਨ ਨਾਨਕ ਅਲਖੁ ਨ ਲਖੀਐ*
*ਗੁਰਮੁਖਿ ਦੇਹਿ ਦਿਖਾਲਿ ॥ ੧ ॥ ਅੰਗ- ੫੨੦*

ਗੁਰਮੁਖ ਦੀ ਤਲਾਸ਼ ਕਰੋ। ਇਸ ਤਰ੍ਹਾਂ ਨਹੀਂ ਮਿਲਣਾ, ਕਰਮਕਾਂਡ 'ਚ ਪੈ ਕੇ। ਜਿਉਂਦੇ ਰੱਬ ਨੂੰ ਦੋ ਘੁੱਟਾਂ ਪਾਣੀ ਵੀ ਨਹੀਂ ਪਿਲਾ ਰਹੇ। ਕਹਿੰਦੇ, ਦੇਖ ਪਿਆਰਿਆ! ਅੱਜ ਤਕ ਸਾਡੀ ਪੂਜਾ ਵਿਚ ਵਿਘਨ ਨਹੀਂ ਪਿਆ। ਆਹ ਤੇਰੇ ਨਾਲ ਵੀ ਜੋ ਅਸੀਂ ਖੜ੍ਹ ਕੇ ਗੱਲਾਂ ਕਰ ਲਈਆਂ। ਇਹ ਵੀ ਸਾਨੂੰ ਇਸ ਤਰ੍ਹਾਂ ਲਗਦੈ ਕਿ ਵਿਘਨ ਪੈਂਦਾ ਜਾਂਦੈ। ਅਸੀਂ ਹੁਣ ਜਾ ਕੇ ਪੂਜਾ ਕਰਨੀ ਹੈ, ਇਸ਼ਨਾਨ ਕਰਾਉਣੈ ਠਾਕੁਰ ਦਾ। ਚਰਨਾਮ੍ਰਿਤ ਲੈਣੈ, ਫੇਰ ਅਸੀਂ ਉਪਾਸ਼ਨਾ ਕਰਨੀ ਹੈ, ਫੇਰ ਆਵਾਂਗੇ। ਫੇਰ ਤੈਨੂੰ ਪਾਣੀ ਵੀ ਪਿਲਾ ਦੇਵਾਂਗੇ ਤੇ ਜੇ ਕੋਈ ਤੇਰੇ ਪਾਸੇ ਨਾ ਪਹੁੰਚਿਆ, ਅਸੀਂ ਚੁੱਕ ਵੀ ਲੈ ਜਾਵਾਂਗੇ ਜਾਂ ਜਰਾਹ ਨੂੰ ਵੀ ਲੈ ਆਵਾਂਗੇ। ਐਨਾ ਕਹਿ ਕੇ ਪਿੱਠ ਦੇ ਕੇ ਤੁਰ ਗਏ। ਕਹਿਣ ਲੱਗਿਆ, ਚੰਗਾ ਦਰਸ਼ਨ ਨਹੀਂ ਹੋਣੇ ਤੁਹਾਨੂੰ।

ਆਵਾਜ਼ ਕੰਨਾਂ 'ਚ ਆਉਣ ਲਗ ਗਈ ਕਿ ਦਰਸ਼ਨ ਨਹੀਂ ਹੋਣੇ, ਦਰਸ਼ਨ ਨਹੀਂ ਹੋਣੇ। ਉਥੇ ਜਾ ਕੇ ਇਸ਼ਨਾਨ ਕਰਾਉਂਦੇ ਨੇ, ਸ਼ਕਲ ਸਾਮ੍ਹਣੇ ਹੈ ਗੁਰਮੁਖ ਪਿਆਰੇ ਦੀ, ਨੂਰਾਨੀ ਚਿਹਰਾ, ਖੂਨ ਨਿਕਲ ਗਿਆ। ਹਸੂੰ-ਹਸੂੰ ਕਰਦਾ ਉਸ ਦਾ ਚਿਹਰਾ ਗੱਲ ਕਰ ਰਿਹੈ। ਸਮਝਾਉਂਦੈ ਪਿਆਰ ਦੇ ਨਾਲ। ਏਧਰ ਇਨ੍ਹਾਂ ਦਾ ਪੂਜਾ 'ਚ ਮਨ ਨਹੀਂ ਲਗ ਰਿਹਾ। ਇਸ਼ਨਾਨ ਕਰਾਇਆ, ਕੋਈ ਰਸ ਨਹੀਂ ਆਇਆ। ਉਸ ਤੋਂ ਬਾਅਦ ਸਿਤਾਰ ਲੈ ਕੇ ਭਜਨ ਗਾਉਣਾ ਸ਼ੁਰੂ ਕਰਿਆ, ਕੋਈ ਰਸ ਨਹੀਂ ਆ ਰਿਹਾ। ਮਨ ਦੌੜਿਆ ਹੀ ਫਿਰਦੈ। ਇਕੋ ਅਵਾਜ਼ ਕੰਨਾਂ 'ਚੋਂ ਆ ਰਹੀ ਹੈ, ਦਰਸ਼ਨ ਨਹੀਂ ਹੋਣੇ, ਦਰਸ਼ਨ ਨਹੀਂ ਹੋਣੇ। ਅਸਮਾਨ ਗੂੰਜਣ ਲਗ ਗਿਆ। ਕਾਹਲੀ-ਕਾਹਲੀ ਨਿਬੇੜ ਕੇ ਜਦੋਂ ਉਥੇ ਵਾਪਸ ਆਉਂਦੇ ਨੇ। ਕੀ ਦੇਖਦੇ ਨੇ ਕਿ ਬਹੁਤ ਸਾਰੇ ਲੋਕ ਉਥੇ ਖੜ੍ਹੇ ਨੇ। 10-12 ਬੀਬੀਆਂ, ਪੰਜ ਸੱਤ ਬੱਚੇ, ਦੋ ਬੰਦੇ, ਇਕੋ ਗੱਲ ਕਹੀ ਜਾਂਦੇ ਨੇ ਕਿ ਪਿਆਰੇ ਨੂੰ ਸਾਨੂੰ ਰੱਖਣ ਵਾਸਤੇ ਆਪਣੇ ਪ੍ਰਾਣ ਦੇਣੇ ਪਏ। ਕਿੱਡਾ ਗੁਰਮੁਖ ਪਿਆਰਾ ਸੀ। ਚਾਰ ਬੜੇ ਹੀ ਖੂੰਖਾਰ ਡਾਕੂ ਸੀ ਉਹਨਾਂ ਨਾਲ ਆ ਕੇ ਲੜਿਆ। ਉਹ ਨਠਾ ਦਿਤੇ। ਪਰ ਐਹੋ ਜਿਹਾ ਫੱਟ ਖਾਧਾ। ਪਾਣੀ ਦੀ ਤਲਾਸ਼ ਦੇ ਵਿਚ ਆਇਆ ਇਧਰ। ਪਰ ਇਸ ਤਰ੍ਹਾਂ ਲਗਦੈ ਕਿ ਕਿਸੇ ਨੇ ਇਕ ਘੁੱਟ ਪਾਣੀ ਵੀ ਨਹੀਂ ਪਿਲਾਇਆ ਇਸ ਨੂੰ। ਇਹ ਵੀ ਖੜ੍ਹੇ ਸੁਣਦੇ ਨੇ। ਪੈਰਾਂ ਥੱਲਿਓਂ ਮਿੱਟੀ ਨਿਕਲਦੀ ਜਾਂਦੀ ਹੈ ਕਿ ਕਿੱਡੀ ਭਾਰੀ ਭੁੱਲ ਹੋਈ ਸਾਡੇ ਤੋਂ। ਪਾਣੀ ਪਿਲਾ ਦੇਣਾ ਸੀ ਅਸੀਂ। ਮਾੜਾ ਕੰਮ ਹੋਇਆ ਸਾਡੇ ਤੋਂ। ਪਛਤਾਵਾ ਕਰਦੇ ਨੇ।

ਰਾਣੀ ਨੂੰ ਪਤਾ ਲੱਗਿਆ। ਰਾਣੀ ਉਸੇ ਵੇਲੇ ਖੁਦ ਚੱਲ ਕੇ ਆਉਂਦੀ ਹੈ, ਮੇਰੇ ਸਤਿਗੁਰੂ ਦਾ ਸਿੱਖ ਇਸ ਤਰ੍ਹਾਂ ਮਾਰਿਆ ਗਿਆ? ਘੁੱਟ ਵੀ ਪਾਣੀ ਨਾ ਮਿਲਿਆ ਮੇਰੇ ਰਾਜ ਵਿਚ। ਚਾਰ ਟਾਂਕੇ ਲਾਉਣ ਵਾਲਾ ਜਰਾਹ ਨਾ ਮਿਲਿਆ। ਮਲ੍ਹਮ ਪੱਟੀ ਕਰਨ ਵਾਲਾ ਕੋਈ ਨਾ ਮਿਲਿਆ। ਰੋ ਰਹੀ ਹੈ। ਮੇਰੇ ਹੁੰਦੇ, ਮੇਰੇ ਰਾਜ ਵਿਚ ਇਹ ਗੱਲ ਹੋ ਗਈ। ਇਹ ਦੋਵੇਂ ਸੁਣ ਰਹੇ ਨੇ। ਅੰਦਰੋਂ ਹਿੱਲ ਗਏ ਕਿ ਸਾਡੇ ਤੋਂ ਬਹੁਤ ਭੁੱਲ ਹੋ ਗਈ। ਮਹਾਰਾਜ ਕਹਿੰਦੇ, ਪਿਆਰਿਓ! ਜੇ ਪ੍ਰਮੇਸ਼ਰ ਨੂੰ ਪ੍ਰਸੰਨ ਕਰਨੈ; ਦਿਲ ਨਾ ਤੋੜਿਓ ਕਿਸੇ ਦਾ। ਦਿਲ ਤੋੜੇਂਗਾ, ਪ੍ਰਮੇਸ਼ਰ ਰੁੱਸ ਜਾਂਦੈ। ਦਇਆ ਦੇ ਵਿਚ ਆ। ਜੇ ਦਇਆ ਨਹੀਂ ਤੇਰੇ ਅੰਦਰ ਆਈ ਧਰਮ ਤਾਂ ਤੇਰੇ ਅੰਦਰ ਪੈਦਾ ਹੀ ਨਾ ਹੋਇਆ। ਕਿਉਂਕਿ ਦਇਆ ਮਾਂ ਹੈ ਧਰਮ ਦੀ–

*ਧੌਲੁ ਧਰਮੁ ਦਇਆ ਕਾ ਪੂਤੁ॥ ਅੰਗ – ੩*

ਦਇਆ ਨਾ ਆਈ, ਦਇਆ ਬਿਨਾਂ ਸਿੱਧ ਵੀ ਕਸਾਈ ਹੁੰਦੇ ਨੇ। ਜਿਹਦੇ ਅੰਦਰ ਦਇਆ ਆ ਗਈ ਉਥੇ ਕ੍ਰਿਸ਼ਮਾ ਹੀ ਹੋਰ ਹੁੰਦੈ।

ਇਕ ਰਾਜਾ ਹੋਇਐ ਹਿੰਦੁਸਤਾਨ 'ਚ, ਅਫ਼ਗਾਨਿਸਤਾਨ ਦਾ। ਗੁਲਾਮ ਸੀਗਾ। ਸੁਬਕਤਦੀਨ

ਉਹਦਾ ਨਾਉਂ ਸੀ। ਸ਼ਿਕਾਰ ਖੇਡਣ ਜਾਂਦੈ। ਇਕ ਹਰਨੀ ਦਾ ਬੱਚਾ ਫੜ ਲਿਆ ਜਿਉਂਦਾ। ਹੰਨੇ ਦੇ ਨਾਲ ਬੰਨ੍ਹ ਲਿਆ ਦੋਵੀਂ ਪਾਸੀਂ, ਰੱਸੇ ਪਾ ਕੇ ਤੇ ਉਹ ਜਿਉਂਦੇ ਨੂੰ ਲਈ ਆਉਂਦੈ ਤੇ ਉਹਦੀ ਮਾਂ ਓਨੀਂ ਤੇਜ਼ੀ ਨਾਲ ਨੱਠੀ ਆਉਂਦੀ ਹੈ ਘੋੜੇ ਦੇ ਪਿੱਛੇ। 10 ਮੀਲ 'ਤੇ ਜਾ ਕੇ ਫੜਿਆ ਸੀ। ਜਦੋਂ ਪਿੱਛੇ ਨੂੰ ਮੁੜ ਕੇ ਦੇਖਦੈ ਉਹ ਦੌੜਦੀ ਹੈ, ਜਦੋਂ ਖੜ੍ਹ ਜਾਂਦੈ ਤਾਂ ਖੜ੍ਹ ਜਾਂਦੀ ਹੈ। ਖ਼ਿਆਲ ਆਉਣਾ ਸ਼ੁਰੂ ਹੋ ਗਿਆ ਕਿ ਜੇ ਮੇਰੇ ਬੱਚੇ ਨੂੰ ਕੋਈ ਚੁੱਕ ਲਵੇ, ਉਹਦੀ ਮਾਂ ਨੂੰ, ਮੇਰੀ ਘਰਵਾਲੀ ਨੂੰ ਐਨਾ ਹੀ ਦਰਦ ਹੋਏਗਾ। ਦਇਆਲਤਾ ਅੰਦਰ ਪੈਦਾ ਹੋਣੀ ਸ਼ੁਰੂ ਹੋ ਗਈ। ਅਖੀਰ ਜਦੋਂ ਦੋ ਕੁ ਮੀਲ ਰਹਿ ਗਿਆ। ਕਹਿਣ ਲੱਗਿਆ, ਬੱਚਾ ਫੜਿਆ ਹੋਇਐ, ਮਾਂ ਦੇਖੋ ਕਿੰਨੇ ਦਰਦ ਨਾਲ ਦੌੜੀ ਆਉਂਦੀ ਹੈ। ਪਰਵਾਹ ਨਹੀਂ ਉਹਨੂੰ ਆਪਣੀ ਜਾਨ ਦੀ। ਜੇ ਮੇਰਾ ਬੱਚਾ ਫੜਿਆ ਹੋਵੇ, ਮੇਰੀ ਘਰਵਾਲੀ ਵੀ ਇਸ ਤਰ੍ਹਾਂ ਜਾਂਦੀ ਹੋਵੇ, ਜੇ ਕੋਈ ਛੱਡ ਦੇਵੇ ਕਿੰਨਾ ਉਹਦਾ ਭਲਾ ਹੋਵੇ। ਪ੍ਰਮੇਸ਼ਰ ਉਹਦੇ ਉਤੇ ਕਿੰਨਾ ਦਿਆਲੂ ਹੋਵੇ। ਖਿਆਲ ਆਉਂਦੇ ਹੀ ਰੱਸੇ ਖੋਲ੍ਹ ਦਿਤੇ। ਉਹ ਬੱਚਾ ਜਾ ਕੇ ਹਰਨੀ ਨੂੰ ਮਿਲਿਆ। ਹਰਨੀ ਨੇ ਸੁੰਘਿਆ, ਪੂੰਛ ਹਿਲਾਈ। ਇਹਦੇ ਵਲ ਵੀ ਦੇਖਿਆ। ਅਸਮਾਨ ਵਲ ਨੂੰ ਮੂੰਹ ਚੁੱਕ ਲਿਆ, ਪ੍ਰਮੇਸ਼ਰ ਦੇ ਦਰ 'ਤੇ ਬੇਨਤੀ ਕਰੀ। ਅਬੋਲ ਟੈਲੀਪੈਥੀ ਨਾਲ। ਇਹ ਘਰ ਆ ਗਿਆ। ਆ ਕੇ ਬੜਾ ਖੁਸ਼ ਹੈ। ਘਰਵਾਲੀ ਨਾਲ ਗੱਲ ਕਰੀ ਕਿ ਅੱਜ ਮੈਂ ਇਕ ਰਹਿਮ ਦਾ ਕੰਮ ਕਰਿਆ ਹੈ ਤੇ ਰਹਿਮ ਵਾਲੇ ਦੇ ਉਤੇ ਖੁਦਾਵੰਦ ਤਾਲਾ ਖੁਸ਼ ਹੋ ਜਾਂਦੈ। ਰਾਤ ਨੂੰ ਸੁਫ਼ਨਾ ਆਉਂਦੈ ਇਹਨੂੰ, ਆਵਾਜ਼ ਆਈ ਕਿ ਸੁਬਕਤਦੀਨ ਅੱਜ ਤੂੰ ਮੈਨੂੰ ਪ੍ਰਸੰਨ ਕਰ ਲਿਆ ਤੇ ਤੂੰ ਦਇਆ ਕੀਤੀ ਹੈ ਮੇਰੇ ਜੀਵ ਦੇ ਉਤੇ। ਚੱਲ ਇਹਦੇ ਬਦਲੇ ਤੈਨੂੰ ਮੈਂ ਹਿੰਦੁਸਤਾਨ ਦਾ ਰਾਜ ਦਿੰਦਾ ਹਾਂ। ਤਖਤ ਲਾਹ ਕੇ ਲਾਹੌਰ ਵਾਲੇ ਰਾਜੇ ਦਾ ਇਹਦੇ ਸਿਰ 'ਤੇ ਰੱਖ ਦਿਤਾ। ਸੁਬਕਤਦੀਨ ਫੇਰ ਹਿੰਦੁਸਤਾਨ ਦਾ ਬਾਦਸ਼ਾਹ ਹੋਇਆ।

ਇਸੇ ਤਰ੍ਹਾਂ ਇਕ ਬੀਬੀ ਸੀ, ਉਹ ਬਹੁਤ ਵੱਡੇ ਬੰਦੇ ਸੀ, ਉਹਨਾਂ ਦੇ ਇਕ ਕਨੀਜ਼ ਸੀ। ਮੁੱਲ ਲਈਆਂ ਹੋਈਆਂ ਔਰਤਾਂ ਜਿਹੜੀਆਂ ਹੁੰਦੀਆਂ ਨੇ, ਉਹ ਕਨੀਜ਼ ਕਹਾਉਂਦੀਆਂ ਨੇ। ਕਾਫ਼ਲਾ ਜਾ ਰਿਹੈ ਹੱਜ ਨੂੰ। ਇਹ ਵੀ ਨਾਲ ਜਾ ਰਹੀ ਹੈ। ਲੇਕਿਨ ਅੱਲਾਹ ਦੀ ਭਗਤੀ ਬਹੁਤ ਕਰਦੀ ਹੈ। ਬਹੁਤ ਪ੍ਰਮੇਸ਼ਰ ਨੂੰ ਚਿੱਤ ਵਿਚ ਰਖਦੀ ਹੈ। 60 ਕੋਹ ਦੇ ਉਤੇ ਕੈਂਪ ਕੀਤਾ। ਕਾਫ਼ਲਾ ਚਲਿਆ ਗਿਆ, ਇਹਦਾ ਧਿਆਨ ਚਲਿਆ ਗਿਆ ਇਕ ਕੁੱਤੀ ਵਲ। ਖੂਹ ਦੇ ਆਲੇ-ਦੁਆਲੇ ਗੇੜੇ ਮਾਰਦੀ ਹੈ। ਚਾਰ ਉਹਦੇ ਕਤੂਰੇ ਨੇ ਤੇ ਉਹਨਾਂ ਨੂੰ ਪਾਣੀ ਨਹੀਂ ਮਿਲਦਾ। ਗੋਡੀਆਂ ਲਾ ਲੈਂਦੀ ਹੈ, ਖੂਹ ਵਿਚ ਨੂੰ ਮੂੰਹ ਕਰਦੀ ਹੈ। ਲੇਕਿਨ ਕਿੱਥੇ ਖੂਹ, ਕਿੱਥੇ ਵਿਚਾਰੀ ਕੁੱਤੀ। ਇਹਨੇ ਵਿਉਂਤ ਬਣਾ ਲਈ ਕਿ ਮੈਂ ਕੋਈ ਤਰੀਕਾ ਕਰਾਂ। ਕਾਫਲਾ ਤੁਰ ਗਿਆ। ਉਸ ਤੋਂ ਬਾਅਦ ਇਹਨੇ ਆਪਣੇ ਕੱਪੜੇ ਪਾੜਨੇ ਸ਼ੁਰੂ ਕਰ ਦਿਤੇ। ਰੱਸੀ ਵੱਟੀ ਉਹਦੀ, ਰੱਸੀ ਵੱਟਣ ਤੋਂ ਬਾਅਦ ਜਦੋਂ ਫਿਰਾਈ ਖੂਹ ਵਿਚ, ਉਹ ਫੇਰ ਨਾ ਗਈ। ਥੋੜ੍ਹਾ ਜਿਹੜਾ ਟੁਕੜਾ ਰੱਖ ਲਿਆ ਕਿ ਇਹ ਭਿਉਂ-ਭਿਉਂ ਕੇ ਮੈਂ ਇਹਨਾਂ ਨੂੰ ਪਾਣੀ ਪਿਲਾਉਂਗੀ। ਉਸ ਤੋਂ ਬਾਅਦ ਇਹਨੇ ਆਪਣੇ ਸੁੰਦਰ ਕੇਸ ਕੱਟ ਕੇ ਰੱਸੀ ਬਣਾ ਲਈ। ਫੇਰ ਜਾ ਕੇ ਪਾਣੀ ਤਕ ਪਹੁੰਚਿਆ। ਬੜੀ ਜੁਗਤ ਦੇ ਨਾਲ ਇਹਨੇ ਪਾਣੀ ਕੱਢ ਕੇ ਜੁਗਤ ਦੇ ਨਾਲ ਉਹਨਾਂ ਨੂੰ ਪਾਣੀ ਪਿਲਾਇਆ। ਜਦੋਂ ਪੰਜਾਂ ਨੇ ਪਾਣੀ ਪੀ ਲਿਆ। ਦੁਆ ਦਿੰਦੇ, ਪ੍ਰਮੇਸ਼ਰ ਦਾ ਸ਼ੁਕਰ ਕਰਦੇ ਚਲੇ ਗਏ।

ਉਸ ਤੋਂ ਬਾਅਦ ਇਹਨੇ ਵਸਤਰ ਨਾ ਹੋਣ ਕਰਕੇ, ਉਥੇ ਰੇਤਾ ਪੁੱਟਿਆ ਤੇ ਆਪਣੇ ਗਲ-ਗਲ ਤਕ ਆਪਣੇ ਚਾਰੋਂ ਪਾਸੇ ਪਾ ਕੇ ਬਹਿ ਗਈ। ਕਾਫ਼ਲਾ ਦੋ ਦਿਨ ਵਿਚ ਉਥੇ ਪਹੁੰਚ ਜਾਂਦੈ, ਹੱਜ ਸ਼ੁਰੂ ਹੋ ਗਿਆ। ਇਬਰਾਹੀਮ ਉਥੇ ਦਾ ਵੱਡਾ ਖਲੀਫ਼ਾ ਸੀ ਜਿਹੜਾ ਹੱਜ ਕਰਾਇਆ ਕਰਦਾ ਸੀ। ਉਹ ਹੈਰਾਨ ਹੋ ਗਿਆ ਜਦੋਂ ਹਾਜੀ ਇਕੱਠੇ ਹੋ ਕੇ ਕਾਹਬੇ ਕੋਲ ਗਏ। ਕਾਹਬਾ ਨਜ਼ਰ ਨਹੀਂ ਆਉਂਦਾ। ਕਹਿਣ ਲੱਗੇ, ਆਹ ਤਾਂ ਪਹਿਲੀ ਵਾਰੀ ਹੋਇਐ ਕਿ ਕਾਹਬਾ ਕਿਉਂ ਨਜ਼ਰ ਨਹੀਂ ਆਉਂਦਾ। ਕੀ ਹੋਇਆ? ਉਸ ਵੇਲੇ ਉਹਨੇ ਦੁਆ ਕਰੀ। ਅਵਾਜ਼ ਆਈ ਕਹਿੰਦੇ, ਐ ਹਾਜੀਓ! ਕਾਹਬਾ ਜੋ ਹੈ ਉਹ ਰਾਵੀਆ ਨੂੰ ਦਰਸ਼ਨ ਦੇਣ ਗਿਆ ਹੋਇਐ, 60 ਕੋਹ 'ਤੇ, 90 ਮੀਲ 'ਤੇ। ਜਾਓ ਉਥੇ ਜਾ ਕੇ ਦਰਸ਼ਨ ਕਰੋ ਤੁਸੀਂ। ਕਿਉਂਕਿ ਉਹਨੇ ਐਸਾ ਨੇਕ ਕੰਮ ਕਰਿਐ ਕਿ ਪ੍ਰਮੇਸ਼ਰ ਪ੍ਰਸੰਨ ਹੋ ਗਿਆ ਉਸ ਉਪਰ। ਲਿਖਦੇ ਨੇ -

*ਸਿਰ ਕੀ ਸੋਭਾ ਦੂਰ ਕਰ, ਚੀਨਾ ਆਤਮ ਰਾਮ।*
*ਸਾਠ ਕੋਸ ਮੱਕਾ ਮਿਲਾ, ਦੇਖ ਦਇਆ ਕੇ ਕਾਮ।*

ਦੇਖੋ ਕਹਿੰਦੇ, ਦਇਆ ਦਾ ਕੰਮ। ਜੇ ਦਇਆ ਨਾ ਹੋਵੇ ਤਾਂ ਪ੍ਰਮੇਸ਼ਰ ਨਰਾਜ਼ ਹੋ ਜਾਂਦੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਇਕ ਘੁੱਟ ਨਾ ਪਿਲਾਇਆ ਪਾਣੀ ਸਿੱਖ ਨੂੰ,*
*ਮਾਲਕ ਨਰਾਜ਼ ਹੋ ਗਿਆ।*
*ਸੰਤਨ ਦੁਖ ਪਾਏ ਤੇ ਦੁਖੀ*
*ਸੁਖ ਪਾਏ ਸਾਧਨ ਕੇ ਸੁਖੀ*
*ਏਕ ਏਕ ਕੀ ਪੀਰ ਪਛਾਨੈ॥*
*ਘਟ ਘਟ ਕੇ ਪਟ ਪਟ ਕੀ ਜਾਨੈ॥*

*(ਬੇਨਤੀ ਚੌਪਈ ਪਾ: ੧੦)*

*('ਚਲਦਾ.........')*

# ਨੂਰ ਦਰ ਹਰ ਚਸ਼ਮ ਗੁਰੂ ਗੋਬਿੰਦ ਸਿੰਘ

## (ਸਭ ਸਰੀਰਾਂ ਵਿਚ ਆਤਮਾ, ਸਭਨਾਂ ਦੀਆਂ ਅੱਖਾਂ ਦੇ ਨੂਰ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ -੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਖੇਲੇ ਸੁਆਮੀ ਮੇਰਾ, ਨਿਰਗੁਣ ਹੋ ਕੇ,*
*ਸਰਗੁਣ ਹੋ ਕੇ।*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੁਰੂ ਨਾਨਕ ਸਾਹਿਬ ਦੇ ਚਰਨਾਂ ਦਾ ਧਿਆਨ ਧਰਦੇ ਹੋਏ, ਸੁਰਤੀ ਨੂੰ ਇਕਾਗਰ ਕਰਕੇ ਗੱਜ ਕੇ ਬੋਲੋ 'ਸਤਿਨਾਮੁ ਸ੍ਰੀ ਵਾਹਿਗੁਰੂ।'

ਅੱਜ ਇਸ ਪੰਡਾਲ ਦਾ ਛੇਵਾਂ ਦੀਵਾਨ ਹੈ, ਆਖਰੀ ਦੀਵਾਨ ਹੈ। ਪੰਜ ਦਿਨ ਪਹਿਲਾਂ ਬਹੁਤ ਵਿਚਾਰਾਂ ਕੀਤੀਆਂ ਹਨ, ਬਹੁਤ ਸੰਗਤ ਦਰਸ਼ਨ ਦੇ ਰਹੀ ਹੈ, ਦੂਰ-ਦਰਾਜ਼ ਤੋਂ ਸੰਗਤ ਆਈ ਹੋਈ ਹੈ। ਜ਼ਿਲਾ ਗੁਰਦਾਸਪੁਰ, ਬਟਾਲਾ, ਅੰਮ੍ਰਿਤਸਰ, ਫਰੀਦਕੋਟ, ਜਲੰਧਰ ਤੋਂ ਬੇਅੰਤ ਸੰਗਤ ਹੈ। ਬਹਿਰਾਮ ਵਗੈਰਾ ਦੇ ਇਲਾਕਿਆਂ ਤੋਂ, ਏਧਰ ਪਟਿਆਲੇ ਤੱਕ, ਰਾਜਪੁਰਾ, ਪਾਉਂਟਾ ਸਾਹਿਬ, ਹੋਰ ਕਈ ਥਾਵਾਂ ਤੋਂ ਮੇਰੇ ਯਾਦ ਨਹੀਂ ਆ ਰਿਹਾ, ਸੰਗਤ ਦੇ ਮੈਂ ਦਰਸ਼ਨ ਕਰ ਰਿਹਾ ਹਾਂ। ਕੀ ਖਿੱਚ ਹੈ ਜਿਹਦੇ ਕਰਕੇ ਇਥੇ ਸਾਰੇ ਪਹੁੰਚ ਰਹੇ ਨੇ। ਐਡੀ ਦੂਰ ਤਾਂ ਸੰਦੇਸ਼ੇ ਦਿਤੇ ਨਹੀਂ ਸੀਗੇ, ਇਹ ਤਾਂ ਵੱਡਾ ਸਮਾਗਮ ਜਿਵੇਂ ਰਤਵਾੜਾ ਸਾਹਿਬ ਹੁੰਦੈ, ਉਸ ਤਰ੍ਹਾਂ ਦਾ ਰੂਪ ਧਾਰ ਲਿਆ ਇਸ ਨੇ। ਇਹ ਕੋਈ ਗੁਰੂ ਮਹਾਰਾਜ ਦਾ ਖੇਲ੍ਹ ਹੋ ਰਿਹਾ ਹੈ, ਕਿਉਂਕਿ ਪ੍ਰੇਰਨਾ ਕਰਨ ਵਾਲੇ ਉਹ ਨੇ ਤੇ ਉਨ੍ਹਾਂ ਨੇ ਪਰੇਰ ਕੇ ਸਾਰਿਆਂ ਨੂੰ ਇੱਥੇ ਭੇਜਿਆ ਹੈ। ਅਸੀਂ ਵੀ ਦਰਸ਼ਨ ਕਰ ਰਹੇ ਹਾਂ, ਤੁਸੀਂ ਦਰਸ਼ਨ ਦੇ ਰਹੇ ਹੋਂ।

ਰਤਵਾੜਾ ਸਾਹਿਬ ਦੀਵਾਨ 'ਚ ਮੈਂ ਇਕ ਬੇਨਤੀ ਕਰੀ ਸੀ, ਉਹ ਬਹੁਤ ਭਾਵੁਕ ਬਣ ਗਈ ਸੀ। ਉਹ ਇਹ ਸੀ ਕਿ ਮੈਂ ਕਿਹਾ ਕਿ ਅੱਜ ਨਿਗ੍ਹਾ ਮਾਰ ਕੇ ਦੇਖੋ, ਸੰਗਤ ਦੇ ਵਿਚ ਵਾਹਿਗੁਰੂ ਦੇ ਦਰਸ਼ਨ ਹੋ ਰਹੇ ਨੇ। ਗੁਰੂ ਦੇ ਦਰਸ਼ਨ ਹੋ ਰਹੇ ਹਨ। ਇਹ ਪਤਾ ਨਹੀਂ ਕੀ ਗੱਲ ਸੀ, ਉਸ ਤੋਂ ਬਾਅਦ ਮੈਂ ਸ਼ਬਦ ਪੜ੍ਹਨਾ ਸੀ, ਪੜ੍ਹਿਆ ਇਕ ਧਾਰਨਾ। ਪ੍ਰਸੰਗ ਚਲਦਾ ਸੀ, 'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।' ਵਾਹਿਗੁਰੂ ਜੀ ਨੇ ਸਾਨੂੰ ਖਾਲੀ ਨਾ ਮੋੜਿਆ। ਇਕ ਐਸੀ ਅੰਦਰ ਹੀ ਅੰਦਰ ਜਿਵੇਂ ਇਕ ਬਿਜਲੀ ਦੀ ਲਹਿਰ ਚਲਦੀ ਹੈ, ਜਿੱਥੇ ਤੱਕ ਵੀ ਸੰਗਤ ਸੀ, ਚਾਹੇ ਉਹ ਸਟਾਲ 'ਤੇ ਕਿਤਾਬਾਂ ਲੈਂਦੇ ਸੀ, ਚਾਹੇ ਉਹ ਲੰਗਰ 'ਚ ਪ੍ਰਸ਼ਾਦੇ ਛਕਦੇ ਸੀ, ਇਕ ਐਸੀ ਭਾਵਨਾ ਹੋਈ ਪਿਆਰ ਦੀ ਕਿ ਸਾਰਿਆਂ ਦੇ ਨੇਤਰਾਂ 'ਚ ਜਲ ਆ ਗਿਆ। ਧਾਰਨਾ ਕੋਈ ਨਾ ਪੜ੍ਹੇ, ਜਦੋਂ ਮੈਂ ਦੇਖਿਆ, ਮੇਰੇ 'ਤੇ ਵੀ ਓਹੀ ਅਸਰ ਹੋ ਗਿਆ ਤੇ ਮੇਰੇ ਤਾਂ ਐਨਾ ਜ਼ੋਰ ਦੀ ਲੱਗਿਆ, ਮੈਂ ਬੋਲ ਹੀ ਨਹੀਂ ਸਕਿਆ ਉਸ ਤੋਂ ਬਾਅਦ। ਮੇਰੇ ਪਿੱਛੇ ਸੰਤ ਸਾਧੂ ਸਿੰਘ ਜੀ ਸੰਗਰੂਰ ਵਾਲੇ ਬੈਠੇ ਸੀ, ਉਨ੍ਹਾਂ ਦਾ ਹਾਲ ਦੇਖੋ। ਉਹ ਉੱਚੀ-ਉੱਚੀ ਰੋਣ, ਤੇ ਨਾਲ ਸੀਗੇ, ਵੇਦ ਭਾਰਤੀ ਜੀ, ਸੰਨਿਆਸੀ ਸੀ, ਉਹ ਵੀ ਭਾਵੁਕ ਹੋ ਗਏ। ਸੰਗਤ ਦੇ ਵਿਚ ਵਾਹਿਗੁਰੂ ਨੇ ਇਕ ਝਲਕ ਦਿਖਾ ਦਿਤੀ ਪਿਆਰ ਦੀ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।*
*ਜਾਪੁ ਸਾਹਿਬ*

ਵਾਹਿਗੁਰੂ ਪਿਆਰ ਦਾ ਰੂਪ ਧਾਰ ਕੇ ਸੰਸਾਰ ਦੇ ਵਿਚ ਫੈਲਿਆ ਹੋਇਐ। ਪਿਆਰ ਜਿਹੜਾ ਹੈ ਉਹ ਖਿੱਚ ਹੈ। ਖਿੱਚ ਹਰੇਕ ਦੇ ਹਿਰਦੇ 'ਚ ਪੈ ਗਈ, ਨਤੀਜਾ ਕੀ ਹੋਇਆ, ਕੋਈ ਵੀ ਅੱਖ ਐਸੀ ਨਾ ਰਹੀ ਜਿਹੜੀ ਸੁੱਕੀ ਰਹਿ ਜਾਏ। ਜਦੋਂ ਮੈਂ ਗੱਡੀ 'ਚ ਗਿਆ, ਮੈਂ ਕੀ ਦੇਖਦਾ ਹਾਂ, ਸਕਿਊਰਟੀ ਵਾਲੇ ਉਥੇ ਪੁਲਿਸ ਦੇ ਆਏ ਸੀ, ਐਸ.ਪੀ ਉਨ੍ਹਾਂ ਸਾਰਿਆਂ ਦੇ ਹੱਥਾਂ 'ਚ ਰੁਮਾਲ, ਅੱਖਾਂ 'ਚੋਂ ਹੰਝੂ ਪੂੰਝੀ ਜਾਣ। ਉਹ ਕਹਿਣ ਲੱਗੇ, ਪਤਾ ਨਹੀਂ ਸਾਨੂੰ ਕੀ ਹੋ ਗਿਆ, ਅਸੀਂ ਤਾਂ ਐਨੇ ਸਖਤ ਦਿਲ ਹਾਂ, ਸਾਡੇ ਤਾਂ ਭਾਵ ਨੇੜੇ ਵੀ ਨਹੀਂ ਆਉਂਦੇ। ਸਿਪਾਹੀ ਅੱਖਾਂ ਰੁਮਾਲਾਂ ਨਾਲ ਪੂੰਝ ਰਹੇ ਨੇ। ਜਿਹੜਾ ਮਹਾਰਾਜ ਨੇ ਕਿਹਾ ਹੈ ਨਾ ਕਿ -

*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ - ੯੪*

ਉਹਦਾ ਲਿਸ਼ਕਾਰਾ ਵੱਜ ਗਿਆ ਸਾਰਿਆਂ ਦੇ ਹਿਰਦਿਆਂ 'ਚ। ਹੁਣ ਵੀ ਜਿਹੜਾ ਇਥੇ ਐਨਾ ਇਕੱਠ ਹੋ ਰਿਹੈ, ਬਹੁਤ ਦੂਰ-ਦੂਰ ਤੋਂ ਆਪੇ ਹੀ ਸੰਗਤ ਆਈ ਹੋਈ ਹੈ। ਪਿਛਲੇ ਦੀਵਾਨ 'ਚ ਗੁਰੂ ਦਸ਼ਮੇਸ਼ ਪਿਤਾ ਦੀ ਵਿਚਾਰ ਚੱਲੀ ਸੀ, ਸਿੱਖ ਦਾ ਗੁਰੂ ਨੂੰ ਕਿੰਨਾ ਪਿਆਰ ਹੈ। ਸਿੱਖ ਨੇ ਬਚਨ ਕਹਿ ਦਿਤਾ, ਉਹਨੂੰ ਪਾਣੀ ਨਾ ਪਿਲਾਇਆ। ਸਿੱਖ ਨੇ ਤਾਂ ਯਥਾਰਥ ਗੱਲ ਕਹੀ ਸੀ, ਕੋਈ ਸਰਾਪ ਨਹੀਂ ਸੀ ਦਿਤਾ। ਕਿਉਂਕਿ ਜਿਹੜਾ ਵਾਹਿਗੁਰੂ ਦਾ ਮਿਲਾਪ ਹੈ, ਉਹ ਗੁਰੂ ਤੋਂ ਬਗੈਰ ਨਹੀਂ ਹੁੰਦਾ। ਮਨ ਹੱਠ ਕਰਕੇ ਸਾਰੇ ਹਾਰ ਚੁੱਕੇ ਸੀ, ਬਾਬਾ ਫਰੀਦ 24 ਸਾਲ ਤਪ ਕਰੀ ਗਿਆ, ਰੱਬ ਦਾ ਕਿਤੇ ਨਾਮ-ਨਿਸ਼ਾਨ ਵੀ ਨੇੜੇ-ਤੇੜੇ ਨਹੀਂ ਸੀ।

ਉਹਨੇ ਕਿਹਾ ਗੁਰੂ ਤੋਂ ਪ੍ਰਮੇਸ਼ਰ ਮਿਲਦਾ ਹੈ, ਇਸ ਤਰ੍ਹਾਂ ਨਹੀਂ ਦਰਸ਼ਨ ਦੇਣ ਲੱਗਾ, ਜਿਵੇਂ ਤੂੰ ਕਰ ਰਿਹਾ ਹੈਂ। ਸੋ ਜਿਸ ਵਕਤ ਉਹਨੂੰ ਸਮਝ ਆਈ, ਗੁਰੂ ਦੇ ਕੋਲ ਆਇਆ, ਕਾਮਯਾਬ ਹੋ ਗਿਆ ਤੇ ਪ੍ਰਮੇਸ਼ਰ ਦਾ ਮਿਲਾਪ ਹੋ ਗਿਆ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਨਸਾਨ ਨੂੰ ਜੋ ਰੂਹਾਨੀ ਰੂਪ ਰੇਖਾ ਜੋ ਦਿਤੀ ਹੈ, ਉਹਦੇ ਵਿਚ ਮਹਾਰਾਜ ਨੇ ਕਿਹਾ ਹੈ ਕਿ ਕਰਮ ਬਹੁਤ ਜ਼ਿਆਦਾ ਪ੍ਰਧਾਨ ਹੈ। ਚੁੱਪ ਕਰਕੇ ਨਹੀਂ ਬੈਠਣਾ, ਜੇ ਪ੍ਰਮੇਸ਼ਰ ਮਿਲ ਜਾਵੇ, ਦੋਵੇਂ ਤਰੀਕੇ ਨੇ, ਪਹਿਲੇ ਜੋ ਮਹਾਂਪੁਰਸ਼ ਹੋਏ ਨੇ, ਉਨ੍ਹਾਂ ਵਿਚੋਂ ਬਹੁਤੇ ਇਹ ਕਰਦੇ ਨੇ ਕਿ ਪ੍ਰਮੇਸ਼ਰ ਦੇ ਦਰਸ਼ਨ ਹੋ ਕੇ ਹੁਣ ਸਰੀਰ ਨੂੰ ਰੱਖਣ ਦਾ ਕੋਈ ਫਾਇਦਾ ਨਹੀਂ ਹੈ। ਜੋ ਜਾਨਣਾ ਸੀ ਜਾਣ ਲਿਆ, ਜਿੱਥੇ ਪਹੁੰਚਣਾ ਸੀ ਪਹੁੰਚ ਲਏ। ਹੁਣ ਵਾਧੂ ਕਾਹਨੂੰ ਲਈਂ ਫਿਰਨਾ ਹੈ। ਉਹ ਸਮਾਧੀ ਲਾ ਕੇ ਸਰੀਰ ਛੱਡ ਜਾਇਆ ਕਰਦੇ ਸੀ ਆਪਣੀ ਮਰਜ਼ੀ ਨਾਲ।

ਪਰ ਗੁਰਮਤਿ ਵਿਚ ਅੱਧੀ ਤੁੱਕ ਹੈ ਜਿਹਨੂੰ ਆਪਾਂ ਵਿਚਾਰਨਾ ਹੈ। ਉਹ ਹੈ ***'ਸਚਹੁ ਓਰੈ ਸਭੁ ਕੋ ਊਪਰਿ ਸਚੁ ਆਚਾਰੁ ॥' (ਅੰਗ-62)*** ਵਾਹਿਗੁਰੂ ਦੀ ਪ੍ਰਾਪਤੀ ਤੋਂ ਹੇਠਾਂ ਨੇ ਸਭ ਗੱਲਾਂ ਜਿੰਨੀਆਂ ਦੁਨੀਆਂ ਭਰ ਦੀਆਂ ਨੇ। ਇਸ ਤੋਂ ਉਪਰ ਹੈ ਉਹ ਜੀਵਨ ਜਿਹੜਾ ਸੱਚ ਦੀ ਪ੍ਰਾਪਤੀ ਕਰਨ ਤੋਂ ਬਾਅਦ ਗੁਜ਼ਾਰਿਆ ਜਾ ਸਕਦਾ ਹੈ। ਵਿਦਵਾਨ ਪੁਰਸ਼ ਬੈਠੇ ਨੇ, ਜਾਣਦੇ ਨੇ, ਸੱਤ ਭੂਮਿਕਾ ਦੱਸੀਆਂ ਨੇ ਰੂਹਾਨੀਅਤ ਦੀਆਂ, ਇਸਲਾਮ ਦੇ ਵਿਚ। ਸਾਡੇ ਪੰਜ ਨੇ। ਸਾਡੇ ਧਰਮ ਖੰਡ ਹੈ, ਗਿਆਨ ਖੰਡ, ਸਰਮ ਖੰਡ ਹੈ, ਕਰਮ ਖੰਡ ਹੈ, ਫੇਰ ਸੱਚਖੰਡ ਹੈ। ਇਹ ਪੰਜਾਂ ਅਵਸਥਾਵਾਂ ਦੇ ਵਿਚੋਂ ਅਸੀਂ ਲੰਘਦੇ ਹਾਂ। ਉਨ੍ਹਾਂ ਦੀਆਂ ਸੱਤ ਸੀ, ਲੇਕਿਨ ਗੁਰੂ ਸਾਹਿਬ ਨੇ ਸੰਖੇਪ ਕਰ ਦਿਤਾ। ਇਸਲਾਮ ਵਾਲਿਆਂ ਦੇ ਸੱਤ ਸੀ - ਪਹਿਲੀ ਖੋਜ ਦੀ ਸੀ, ਦੂਸਰੀ ਮੰਜ਼ਲ ਜੋ ਸੀ, ਉਹ ਪਿਆਰ ਦੀ ਸੀ, ਮੰਜ਼ਲ-ਏ-ਇਸ਼ਕ, ਤੀਸਰੀ ਮਾਰਫਤ, ਚੌਥੀ ਸੀ ਲਿਵ ਦੀ, ਪੰਜਵੀਂ ਸੀ ਵਹਿਦੀਅਤ। ਪ੍ਰਮੇਸ਼ਰ ਨਾਲ ਆਤਮ ਚਿੰਤਨ ਕਰਕੇ ਇੱਕ ਹੋ ਜਾਣਾ। ਛੇਵੀਂ ਸੀ ਜਿਹੜੀ ਮੁਰਸ਼ਦ ਤੋਂ ਬਗੈਰ ਨਹੀਂ ਹੋਇਆ ਕਰਦੀ। ਇਥੇ ਵੀ ਮਹਾਰਾਜ ਨੇ ਕਿਹਾ -

*ਨਾਨਕ ਨਦਰੀ ਨਦਰਿ ਨਿਹਾਲ ॥ ਅੰਗ - ੮*

ਜਿਹੜੀ ਆਖਰੀ ਮੰਜ਼ਲ ਸਚਖੰਡ ਦੀ ਹੈ, ਉਹ ਨਦਰ ਤੋਂ ਬਗੈਰ ਪ੍ਰਾਪਤ ਨਹੀਂ ਹੁੰਦੀ। ਪੂਰਨ ਸਤਿਗੁਰੂ ਹੋਵੇ ਤਾਂ ਅਗਾਂਹਾਂ ਲੰਘਾ ਸਕਦਾ ਹੈ। ਗੱਲਾਂ ਸਾਰਿਆਂ ਦੀਆਂ ਇੱਕੋ ਹੀ ਨੇ, ਲੇਕਿਨ ਜਿਹੜਾ ਸਾਡਾ ਪਹਿਲਾਂ ਭਾਰਤੀ ਵਿਰਸਾ ਹੈ ਉਹਦੇ 'ਚ ਪੰਜਵੀਂ ਭੂਮਿਕਾ ਤੋਂ ਅਗਾਂਹਾਂ ਇਹ ਸਮਝਿਆ ਜਾਂਦਾ ਸੀ ਕਿ ਇਸ ਸਰੀਰ ਦਾ ਕੋਈ ਕੰਮ ਨਹੀਂ ਹੈ, ਲੋੜ ਨਹੀਂ ਹੈ। ਕਿਉਂਕਿ ਮਨੋ ਨਾਸ਼ ਹੋ ਜਾਂਦਾ ਸੀ, ਵਾਸ਼ਨਾਵਾਂ ਖਤਮ ਹੋ ਜਾਂਦੀਆਂ ਸੀ, ਤੱਤ੍ਹ ਗਿਆਨ ਹੋ ਜਾਂਦਾ ਸੀ। ਇਹਨੂੰ ਪੰਜਵੀਂ ਭੂਮਿਕਾ ਕਹਿੰਦੇ ਨੇ। ਛੇਵੀਂ ਦੇ ਵਿਚ ਪਦਾਰਥ ਭਾਵਨਾ ਗਾਇਬ ਹੋ ਜਾਂਦੀ ਸੀ। ਪ੍ਰਮੇਸ਼ਰ ਹੀ ਨਜ਼ਰ ਆਉਂਦਾ ਸੀ ਹੋਰ ਨਹੀਂ ਸੀ ਕੁਛ ਨਜ਼ਰ ਆਉਂਦਾ, ਸੱਤਵੀਂ ਵਿਚ ਥੋੜ੍ਹੇ ਦਿਨ ਸਰੀਰ ਰਹਿੰਦਾ ਹੁੰਦਾ ਸੀ, ਬਹੁਤਾ ਨਹੀਂ ਸੀ ਰਹਿੰਦਾ ਹੁੰਦਾ। ਪਰ ਗੁਰੂ ਮਹਾਰਾਜ ਨੇ ਜੋ ਗੁਰਮਤਿ ਦਾ ਮਾਰਗ ਦਿਤਾ ਹੈ, ਉਹ ਇਹ ਹੈ ਕਿ ਅਸਲੀ ਕੰਮ ਇਸ ਨੇ ਜਦ ਕਰਨਾ ਹੈ ਜਦ ਇਹਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਜਾਏਗੀ। ਪਹਿਲਾਂ ਤਾਂ ਇਹ ਹਨ੍ਹੇਰੇ ਵੀ ਹੈ ਆਪ ਹੀ ਤੇ ਇਹਦਾ ਉਪਦੇਸ਼ ਵੀ ਹਨ੍ਹੇਰੇ ਵਿਚ ਹੈ। ਜਦੋਂ ਇਹਨੂੰ ਸੋਝੀ ਆ ਗਈ, ਪ੍ਰਮੇਸ਼ਰ ਦੀ ਪ੍ਰਾਪਤੀ ਕਰ ਲਈ, ਉਸ ਵੇਲੇ ਇਹਦਾ ਆਚਾਰ ਸੱਚ ਦਾ ਹੋਇਆ ਕਰਦਾ ਹੈ। ਗੁਰੂ ਘਰ ਦੇ ਅੰਦਰ ਬੇਅੰਤ ਸਾਖੀਆਂ ਐਸੀਆਂ ਆਉਂਦੀਆਂ ਨੇ, ਕੁਛ ਨਹੀਂ। ਮਹਾਂਪੁਰਸ਼ਾਂ ਦੇ ਜੀਵਨ ਇਸੇ ਤਰ੍ਹਾਂ ਦੇ ਨੇ। ਕਿਸੇ ਵੀ ਤੱਤ ਬੇਤੇ ਮਹਾਂਪੁਰਸ਼ ਦਾ ਜੀਵਨ ਲੈ ਲਓ, ਰਲਦਾ-ਮਿਲਦਾ ਹੋਇਆ ਕਰਦੈ।

ਗੁਰੂ ਦਸਵੇਂ ਮਹਾਰਾਜ ਨੇ ਆਪ ਹੀ ਕਿਹਾ ਸੀ ਕਿ ਮੇਰਾ ਸੰਸਾਰ 'ਤੇ ਆਉਣਾ -

*ਮੈ ਹੋ ਪਰਮ ਪੁਰਖ ਕੋ ਦਾਸਾ॥*
*ਦੇਖਨ ਆਯੋ ਜਗਤ ਤਮਾਸਾ॥*

*ਅਕਾਲ ਪੁਰਖ ਬਾਚ॥ਚੌਪਈ॥*

ਪੂਰਨ ਸ਼ਕਤੀਆਂ ਦੇ ਮਾਲਕ ਸੀ। ਕੁਛ ਵੀ ਕਰ ਸਕਦੇ ਸੀ, ਸਭ ਭਾਣਾ ਵਰਤਾਅ ਸਕਦੇ ਸੀ। ਪਰ ਉਨ੍ਹਾਂ ਨੇ ਮਨੁੱਖ ਜਿੰਨਾਂ ਹੀ ਤਾਣ ਵਰਤਿਆ, ਬਾਕੀ ਵਰਤਿਆ ਨਹੀਂ ਹੈ। ਉਸੇ ਤਰ੍ਹਾਂ ਦਾ ਨਾਟ ਕਰਿਆ, ਉਸੇ ਤਰ੍ਹਾਂ ਦੀ ਸਾਨੂੰ ਜੁਰੱਅਤ ਦਿਤੀ, ਉਸੇ ਤਰ੍ਹਾਂ ਸਾਨੂੰ ਸਵੈਮਾਨ ਨਾਲ ਜੀਉਣ ਦਾ ਸੰਦੇਸ਼ ਦਿਤਾ ਕਿ ਤੁਸੀਂ ਜੀਉਣਾ ਕਿਵੇਂ ਹੈ। ਇਕ ਇਹ ਹੈ ਕਿ ਜਿਹੜੇ ਪਹੁੰਚ ਗਏ ਉਹ ਚੁੱਪ ਕਰ ਗਏ। ਕਹਿੰਦੇ ਜੀ ਸਮਾਧੀ ਲੈ ਲਈ, ਦੂਜੇ ਕਹਿੰਦੇ ਜੀ ਉਹ ਤਾਂ ਹਰ ਵਕਤ ਹੀ ਆਪਣੇ ਧਿਆਨ 'ਚ ਰਹਿੰਦੇ ਨੇ, ਇਹ ਗੁਰੂ ਨੇ ਪ੍ਰਵਾਨ ਨਹੀਂ ਕੀਤੀ। ਗੁਰੂ ਮਹਾਰਾਜ ਨੇ ਕਿਹਾ ਹੈ ਕਿ -

*ਜਬ ਲਗੁ ਦੁਨੀਆ ਰਹੀਐ ਨਾਨਕ*
*ਕਿਛੁ ਸੁਣੀਐ ਕਿਛੁ ਕਹੀਐ ॥* *ਅੰਗ - ੬੬੧*

ਸੰਸਾਰ 'ਤੇ ਆਖਰੀ ਸਵਾਸ ਤੱਕ ਕੁਛ ਨਾ ਕੁਛ ਕਰਦੇ ਹੀ ਰਹੋ। ਜਿਹੜਾ ਕਰਨਗੇ ਉਹ ਸਤਿ ਦਾ ਹੋਏਗਾ। ਉਹਨੂੰ ਪ੍ਰਵਾਨਗੀ ਦਿਤੀ ਹੈ ਮਹਾਰਾਜ ਜੀ ਨੇ। ਬੜਾ ਭਾਰੀ ਯੁੱਧ ਲੱਗਿਆ ਹੋਇਆ ਸੀ, ਤਿੰਨ ਮਹੀਨੇ ਹੋ ਚੁੱਕੇ ਸੀ ਘੇਰਾ ਪਏ ਨੂੰ। ਜਿਹੜੇ ਦੁਸ਼ਮਣ ਦੇ ਮੋਰਚੇ ਸੀ, ਉਹ ਮੋਰਚਿਆਂ 'ਚ ਬੈਠ ਕੇ ਲੜਾਈ ਕਰਦੇ ਸੀਗੇ, ਬਾਹਰ ਨਹੀਂ ਸੀ ਆਉਂਦੇ। ਤਿੰਨ ਮਹੀਨੇ ਲੰਘ ਚੁੱਕੇ ਸੀ ਤੇ ਉਨ੍ਹਾਂ ਦੀ ਸਪਲਾਈ ਲਾਈਨ ਟੁੱਟੀ ਹੀ ਰਹਿੰਦੀ ਸੀ ਹਮੇਸ਼ਾ ਹੀ। ਇਹ ਨਹੀਂ ਕਿ ਉਨ੍ਹਾਂ ਨੂੰ ਵਕਤ ਸਿਰ ਪ੍ਰਸ਼ਾਦਾ ਮਿਲ ਜਾਏ, ਵਕਤ ਸਿਰ ਪਾਣੀ ਮਿਲ ਜਾਏ, ਪਿਆਸੇ ਰਹਿਣਾ ਉਨ੍ਹਾਂ ਨੇ। ਇਧਰਲੇ ਪਾਸਿਓਂ ਵੀ ਬੜਾ ਤਕੜਾ ਹੱਲਾ ਹੁੰਦਾ, ਮੋਰਚਿਆਂ 'ਚ ਆ ਕੇ ਹੱਲਾ ਕਰਨਾ, ਨਠਾ ਦੇਣੇ। ਤਿੰਨ ਮਹੀਨੇ ਹੋ ਗਏ, ਲਗਾਤਾਰ ਇਸ ਯੁੱਧ ਨੂੰ ਹੁੰਦੇ ਨੂੰ ਤੇ ਅੱਜ ਗੁਰੂ ਮਹਾਰਾਜ ਦੇ ਕੋਲ ਇਕ ਸ਼ਿਕਾਇਤ ਹੋਈ, ਕਹਿਣ ਲੱਗੇ, ਸੱਚੇ ਪਾਤਸ਼ਾਹ! ਇਕ ਸਿੱਖ ਹੈ, ਆਪਣੇ ਖਾਲਸਾ ਫੌਜ ਦੇ ਅੰਦਰ, ਉਹਨੂੰ ਅਸੀਂ ਵੀ ਬਹੁਤ ਵਾਰੀ ਵਰਜਿਆ ਹੈ, ਆਪ ਦੇ ਵਰਜਣ ਦੀ ਲੋੜ ਹੈ।

ਕਹਿੰਦੇ, ਉਹ ਕੀ ਕਰਦਾ ਹੈ?

ਕਹਿੰਦੇ, ਜੀ ਉਹ ਪਾਣੀ ਸਾਰਿਆਂ ਨੂੰ ਪਿਲਾਈ ਜਾਂਦਾ ਹੈ, ਮਸ਼ਕ ਭਰ ਲੈਂਦੈ, ਸਵੇਰ ਤੋਂ ਹੀ ਪਿਲਾਉਣਾ ਸ਼ੁਰੂ ਕਰ ਦਿੰਦੈ, ਉਹ ਜਿਹੜੇ ਸਾਡੇ ਨਾਲ ਲੜਦੇ ਨੇ ਉਨ੍ਹਾਂ ਨੂੰ ਪਾਣੀ ਦੀ ਪ੍ਰਾਪਤੀ ਕਿਤੋਂ ਦੀ ਹੁੰਦੀ ਨਹੀਂ ਹੈ। ਉਹ ਪਿਆਸੇ ਮਰ ਕੇ ਬਹੁਤ ਦੁਖੀ ਹੁੰਦੇ ਨੇ, ਇਹ ਜਾ ਕੇ ਪਾਣੀ ਪਿਲਾਈ ਜਾਂਦਾ ਹੈ ਉਨ੍ਹਾਂ ਨੂੰ। ਅਸੀਂ ਹਟਾਉਂਦੇ ਹਾਂ ਕਿ ਨਾ ਘਨੱਈਆ ਨਾ, ਪਾਣੀ ਨਾ ਇਨ੍ਹਾਂ ਨੂੰ ਦੇ, ਭੁੱਖੇ-ਤਿਹਾਏ ਮਰ ਰਹੇ ਨੇ, ਆਪੇ ਨੱਠ ਜਾਣਗੇ।

ਮਹਾਰਾਜ! ਯੁੱਧ ਦੇ ਅਸੂਲਾਂ ਤੋਂ ਵੀ ਖਿਲਾਫ ਹੈ ਇਹ ਗੱਲ ਤੇ ਇਹ ਉਨ੍ਹਾਂ ਨੂੰ ਪਾਣੀ ਪਿਲਾਈ ਜਾਂਦਾ ਹੈ, ਕੀ ਪਤਾ ਪ੍ਰਸ਼ਾਦੇ ਵੀ ਦਿੰਦਾ ਹੋਵੇ। ਆਪ ਕ੍ਰਿਪਾ ਕਰਕੇ ਉਨ੍ਹਾਂ ਨੂੰ ਕਹੋ।

ਉਸ ਵੇਲੇ ਗੁਰੂ ਮਹਾਰਾਜ ਨੇ ਸਿੰਘ ਭੇਜੇ ਕਿ ਜਾਓ ਜਾ ਕੇ ਭਾਈ ਘਨੱਈਏ ਨੂੰ ਬੁਲਾ ਕੇ ਲਿਆਓ। ਜਾਣਦੇ ਤਾਂ ਸਭ ਕੁਛ ਸੀਗੇ, ਇਹ ਤਾਂ ਨਹੀਂ ਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕੁਛ।

ਮੈਂ ਤਾਂ ਪ੍ਰਮੇਸ਼ਰ ਤੇ ਗੁਰੂ ਸਾਹਿਬ 'ਚ ਕੋਈ ਫਰਕ ਨਹੀਂ ਸਮਝਦਾ, ਉਹ ਤਾਂ ਇਕ ਨਾਟਕ ਸੀਗਾ। ਨਾਟਕ ਦੇ ਵਿਚ ਜੋ ਨਾਟਕ ਕਰਦਾ ਹੈ, ਉਹ ਨਾਟਕ ਦੇ ਅਸੂਲ ਹੁੰਦੇ ਨੇ, ਉਨ੍ਹਾਂ ਦੇ ਮੁਤਾਬਿਕ ਹੀ ਕਰਦਾ ਹੈ।

ਉਥੇ ਗਏ ਤਾਂ ਡੇਰੇ ਤੋਂ ਪਤਾ ਲੱਗਿਆ ਕਿ ਭਾਈ ਘਨੱਈਆ ਜੀ ਤਾਂ ਆਏ ਹੀ ਨਹੀਂ, ਉਹ ਤਾਂ ਬਹੁਤ ਲੇਟ ਆਉਂਦੇ ਨੇ। ਕਹਿੰਦੇ, ਯੁੱਧ ਤਾਂ ਬੰਦ ਹੋ ਗਿਆ। ਕਿਉਂਕਿ ਸ਼ਾਮ ਨੂੰ ਜਦੋਂ ਬਿਗਲ ਵੱਜ ਜਾਂਦੇ ਸੀ, ਉਸ ਵੇਲੇ ਯੁੱਧ ਬੰਦ ਹੋ ਕੇ ਜਿੰਨੇ ਜ਼ਖਮੀ ਹੁੰਦੇ, ਉਨ੍ਹਾਂ ਨੂੰ ਸੰਭਾਲਦੇ ਸੀ। ਆਪਣੇ-ਆਪਣੇ ਬੰਦੇ ਚੁੱਕਦੇ ਸੀ, ਕੁਛ ਐਸੇ ਥੋੜ੍ਹੇ ਨਿਯਮ ਵੀ ਸੀਗੇ।

ਕਹਿਣ ਲੱਗੇ, ਉਹ ਤਾਂ ਆਏ ਨਹੀਂ, ਉਥੇ ਹੀ ਹੋਣੇ ਨੇ ਮੈਦਾਨ-ਏ-ਜੰਗ 'ਚ। ਹਨ੍ਹੇਰਾ ਸੀਗਾ, ਉਥੇ ਸਿੰਘ ਚਲੇ ਗਏ, ਉਥੇ ਇਕ ਗੱਲ ਹੋ ਰਹੀ ਸੀ, ਚੁੱਪ-ਚਾਂਦ ਹੋਈ ਪਈ ਸੀ, ਉਥੇ ਉਨ੍ਹਾਂ ਨੇ ਸੁਣੀ। ਜਿਹੜਾ ਜ਼ਖਮੀ ਹੋਇਆ-ਹੋਇਆ ਗਿਰਿਆ ਪਿਆ ਸੀ, ਜਿਸ ਦਾ ਸਿਰ ਚੁੱਕ ਕੇ ਭਾਈ ਘਨੱਈਏ ਨੇ ਆਪਣੇ ਪੱਟ 'ਤੇ ਰੱਖਿਆ ਹੋਇਆ ਸੀ, ਉਹਦੀ ਦੰਦਲ ਖੋਲ੍ਹੀ, ਮੂੰਹ ਵਿਚ ਪਾਣੀ ਪਾਇਆ ਉਹਦੇ। ਪਾਣੀ ਪਾਉਂਦੇ ਨੇ ਹੀ ਉਸ ਨੇ ਕਿਹਾ ਕਿ ਕੌਣ?

ਕੌਣ ਕਹਿਣ ਦਾ ਮਤਲਬ ਸੀ ਕਿ ਮੈਂ ਵੱਡਾ ਜਰਨੈਲ ਹਾਂ ਫੌਜ ਦਾ। ਉਸ ਦਾ ਨਾਂ ਮੁਗਲ ਖਾਨ ਸੀ, ਰੋਪੜ ਦੇ ਰਹਿਣ ਵਾਲਾ ਸੀ। ਉਹ ਅੱਜ ਪਾਨ ਦਾ ਬੀੜਾ ਚੁੱਕ ਕੇ ਆਇਆ ਸੀ ਕਿ ਮੈਂ ਜਾਂ ਤਾਂ ਗੁਰੂ ਗੋਬਿੰਦ ਸਿੰਘ ਨੂੰ ਅੱਜ ਸ਼ਹੀਦ ਕਰ ਦਊਂਗਾ ਤੇ ਜਾਂ ਮੈਂ ਗ੍ਰਿਫਤਾਰ ਕਰ ਲਊਂਗਾ। ਜੰਗ ਦਾ ਖਾਤਮਾ ਕਰਕੇ ਹੀ ਆਵਾਂਗਾ ਅੱਜ। ਜ਼ਖਮੀ ਹੋ ਗਿਆ, ਜ਼ਖਮੀ ਹੋ ਕੇ ਗਿਰਿਆ ਜਦ, ਬੇਹੋਸ਼ ਪਿਆ ਰਿਹਾ। ਭਾਈ ਘਨੱਈਏ ਨੇ ਪਾਣੀ ਪਾ ਕੇ ਉਸ ਦੇ ਮੂੰਹ 'ਚ ਹੋਸ਼ ਵਿਚ ਲੈ ਆਂਦਾ।

ਉਹਨੇ ਕਿਹਾ ਕਿ ਮੈਨੂੰ ਜਾਣਦਾ ਹੈਂ ਮੈਂ ਕੌਣ ਹਾਂ?

ਭਾਈ ਘਨੱਈਏ ਨੇ ਕਿਹਾ ਮੈਂ ਤਾਂ ਸਾਰੀ ਦੁਨੀਆਂ

ਨੂੰ ਇਹ ਜਾਣਦਾ ਹਾਂ ਕਿ ਇਥੇ ਪ੍ਰਮੇਸ਼ਰ ਹੈ ਹੋਰ ਕੋਈ ਹੈ ਨਹੀਂ -

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*

*ਅੰਗ - ੨੭੨*

ਬ੍ਰਹਮਗਿਆਨੀ ਸਰੀਰ ਨਹੀਂ ਕਦੇ ਵੀ ਦੇਖੇਗਾ, ਉਹ ਹਰੇਕ ਦੇ ਅੰਦਰ ਆਤਮਾ ਦੇਖੇਗਾ। ਆਤਮਾ ਆਪਣੇ ਅੰਦਰ ਵੀ ਓਹੀ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

*ਅੰਗ- ੮੪੬*

ਉਹ ਦੂਜਾ ਨਹੀਂ ਦੇਖਦੇ, ਮਹਾਰਾਜ ਕਹਿੰਦੇ, ਬ੍ਰਹਮਗਿਆਨੀ ਗੱਲਾਂ ਦਾ ਗਿਆਨੀ ਨਹੀਂ ਹੋਇਆ ਕਰਦਾ, ਪ੍ਰੈਕਟੀਕਲ ਹੋਇਆ ਕਰਦਾ ਹੈ।

ਕਹਿਣ ਲੱਗੇ, ਕਿੱਥੇ ਰਹਿੰਦਾ ਹੈਂ? ਕਹਿੰਦਾ, ਮੈਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਚਰਨਾਂ 'ਚ ਰਹਿੰਦਾ ਹਾਂ।

ਕਹਿਣ ਲੱਗਿਆ, ਘਨੱਈਆ! ਤੈਨੂੰ ਪਤਾ ਹੈਂ ਕਿ ਤੂੰ ਕੀਹਨੂੰ ਪਾਣੀ ਪਿਲਾ ਰਿਹਾ ਹੈਂ? ਮੈਂ ਉਹ ਜਰਨੈਲ ਹਾਂ ਜਿਹਨੇ ਅੱਜ ਤਹੱਈਆ ਕੀਤਾ ਸੀ ਕਿ ਮੈਂ ਗੁਰੂ ਗੋਬਿੰਦ ਸਿੰਘ ਨੂੰ ਜੀਉਂਦਾ ਗ੍ਰਿਫਤਾਰ ਕਰਾਂਗਾ ਜਾਂ ਸ਼ਹੀਦ ਕਰ ਦੇਵਾਂਗਾ। ਕੀ ਇਹ ਗੱਲ ਸੁਣ ਕੇ ਤੇਰੇ ਅੰਦਰ ਮੇਰੇ ਲਈ ਬੁਰੀ ਭਾਵਨਾ ਨਹੀਂ ਪੈਦਾ ਹੁੰਦੀ, ਵੈਰ ਦੀ ਭਾਵਨਾ ਨਹੀਂ ਤੈਨੂੰ ਪੈਦਾ ਹੁੰਦੀ? ਤੈਨੂੰ ਮੈਂ ਬੇਗਾਨਾ ਨਹੀਂ ਲੱਗ ਰਿਹਾ?

ਭਾਈ ਘਨੱਈਆ ਕਹਿਣ ਲੱਗੇ, ਮੇਰੇ ਗੁਰੂ ਨੇ ਮੈਨੂੰ ਇਹ ਨਹੀਂ ਸਿਖਾਇਆ।

ਕਹਿਣ ਲੱਗਾ, ਤੇਰੇ ਗੁਰੂ ਨੇ ਕੀ ਸਿਖਾਇਐ?

ਕਹਿੰਦੇ, ਮੇਰੇ ਗੁਰੂ ਨੇ ਇਹ ਸਿਖਾਇਐ ਕਿ ਇਥੇ ਪ੍ਰਮੇਸ਼ਰ ਤੋਂ ਬਗੈਰ ਸੰਸਾਰ ਦੇ ਅੰਦਰ ਹੋਰ ਕੋਈ ਹੈ ਨਹੀਂ-

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ- ੧੨੯੧*

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਮੇਰਾ ਸਤਿਗੁਰੂ ਤਾਂ ਇਹ ਕਹਿੰਦਾ ਹੈ ਕਿ ਇਕ ਪ੍ਰਮੇਸ਼ਰ ਏਕੰਕਾਰ ਨੇ ਅਨੇਕ ਰੂਪ ਧਾਰਨ ਕਰ ਲਏ। ਉਹ ਖੇਲ੍ਹ ਦੇ ਵਿਚ ਪਿਆ ਹੋਇਆ ਖੇਲ੍ਹ ਖੇਲ੍ਹਦਾ ਹੈ। ਜਦੋਂ ਉਹ ਖਤਮ ਕਰ ਦਿੰਦੈ -

*ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ਅੰਗ - ੨੩੬*

ਉਸ ਵੇਲੇ ਇਥੇ ਏਕੰਕਾਰ ਹੀ ਹੋਏਗਾ ਹੋਰ ਕੋਈ ਨਹੀਂ। ਸੋ ਇਸ ਤਰ੍ਹਾਂ ਮੁਗਲ ਖਾਨ ਜੀ ਅਸੀਂ ਤਾਂ ਆਤਮਾ ਦੇਖਦੇ ਹਾਂ।

ਕਹਿੰਦਾ, ਤੁਹਾਨੂੰ ਵੈਰ ਨਹੀਂ ਕਿਸੇ ਨਾਲ?

ਕਹਿੰਦਾ, ਨਾ ਸਾਨੂੰ ਨਹੀਂ ਕੋਈ ਵੈਰੀ ਨਜ਼ਰ ਆਉਂਦਾ।

*ਧਾਰਨਾ - ਨਾ ਦਿਸੈ ਬਿਗਾਨਾ ਜੀ,*
*ਨਾ ਕੋਈ ਵੈਰੀ-ਨਾ ਕੋਈ ਵੈਰੀ।*
*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥*

*ਅੰਗ- ੧੨੯੯*

ਮੇਰਾ ਗੁਰੂ ਦਸਦਾ ਹੈ ਕਿ ਇਥੇ ਵੈਰ ਨਾ ਕਰੋ -

*ਵਵਾ ਵੈਰੁ ਨ ਕਰੀਐ ਕਾਹੂ ॥*
*ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ - ੨੫੯*

ਤੇਰੇ ਅੰਦਰ ਅੱਲਾਹ ਦਾ ਨਿਵਾਸ ਹੈ, ਇਸ ਕਰਕੇ ਸਾਡਾ ਵੈਰ ਅੱਲਾਹ ਨਾਲ ਤਾਂ ਹੋ ਨਹੀਂ ਨਾ ਸਕਦਾ। ਸਰੀਰ ਤੇਰਾ ਛਿਨ ਭੰਗਰ ਹੈ, ਹੁਣ ਹੈਗਾ, ਫੇਰ ਹੈ ਨਹੀਂ। ਇਸ ਕਰਕੇ ਸਾਡੇ ਗੁਰੂ ਦੀ ਤਾਲੀਮ ਹੈ ਕਿ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਦੇਖੋ।

ਹੈਰਾਨ ਹੋ ਗਿਆ। ਕਹਿਣ ਲੱਗਿਆ, ਗੁਰੂ ਵੀ ਇਸ ਤਰ੍ਹਾਂ ਹੀ ਨੇ?

ਕਹਿਣ ਲੱਗਿਆ, ਹਾਂ ਗੁਰੂਆਂ ਤੋਂ ਤਾਂ ਅਸੀਂ ਸਿੱਖਿਆ ਲਈ ਹੈ।

ਫੇਰ ਤਾਂ ਕਹਿੰਦਾ, ਧਿਰਕਾਰ ਹੈ ਸਾਡੇ। ਇਹੋ ਜਿਹੇ ਆਰਫ, ਦੇਵਤਾ, ਫਰਿਸ਼ਤਾ ਗੁਰੂ ਦੇ ਉਤੇ ਅਸੀਂ ਫੌਜਾਂ ਚਾੜ੍ਹ-ਚਾੜ੍ਹ ਕੇ ਲਿਆਉਂਦੇ ਹਾਂ। ਘਨੱਈਆ! ਤੂੰ ਮੈਨੂੰ ਪਾਣੀ ਹੀ ਨਹੀਂ ਪਿਲਾਇਆ, ਤੂੰ ਮੇਰੇ ਨੇਤਰ ਖੋਲ੍ਹ ਦਿਤੇ। ਮੇਰੇ ਅੰਦਰੋਂ ਵੈਰ ਭਾਵ ਸਾਰਾ ਹੀ ਖਤਮ ਕਰ ਦਿਤਾ, ਸਾਫ ਕਰ ਦਿਤਾ ਤੇਰੇ ਪਾਣੀ ਨੇ। ਮੈਂ ਰਿਣੀ ਹਾਂ ਤੇਰਾ। ਮੈਂ ਰਾਜ਼ੀ ਹੋਵਾਂਗਾ, ਤੇਰੇ ਦਰਸ਼ਨ ਕਰਾਂਗਾ।

ਓਧਰਲੇ ਪਾਸੇ ਐਨੇ ਨੂੰ ਸਿੰਘ ਆ ਗਏ, ਉਨ੍ਹਾਂ ਨੇ ਆ ਕੇ ਕਿਹਾ ਕਿ ਘਨੱਈਆ! ਤੈਨੂੰ ਗੁਰੂ ਸਾਹਿਬ ਬੁਲਾ ਰਹੇ ਨੇ।

ਮਹਾਰਾਜ ਜੀ ਦੇ ਕੋਲ ਆ ਜਾਂਦੇ ਨੇ।

ਮਹਾਰਾਜ ਨੇ ਕਿਹਾ ਸ਼ਿਕਾਇਤ ਹੈ ਤੇਰੀ, ਖਾਲਸੇ ਦਾ ਇਹ ਕਹਿਣੈ ਕਿ ਤੂੰ ਪਾਣੀ ਪਿਲਾਉਂਦੈ ਉਨ੍ਹਾਂ ਨੂੰ ਜਿਹੜੇ ਆਪਣੇ ਨਾਲ ਲੜਾਈ ਕਰਦੇ ਨੇ?

ਕਹਿਣ ਲੱਗਿਆ, ਪਾਤਸ਼ਾਹ! ਕੀਹਨਾਂ ਨੂੰ ਵੈਰੀ ਕਹਿੰਦੇ ਨੇ, ਵੈਰੀ ਤਾਂ ਕੋਈ ਹੈ ਹੀ ਨੀਂ ਸੰਸਾਰ 'ਚ।

ਤੂੰ ਪਾਣੀ ਕੀਹਨੂੰ ਪਿਲਾਉਂਦੈ?

ਕਹਿਣ ਲੱਗਿਆ, ਪਾਤਸ਼ਾਹ! ਜਿਸ ਵਕਤ ਤੋਂ ਤੁਸੀਂ ਮੇਰੇ ਨੇਤਰ ਖੋਲ੍ਹ ਦਿਤੇ। ਉਸ ਵੇਲੇ ਤੋਂ ਮੈਂ ਤੁਹਾਨੂੰ ਪਾਣੀ ਪਿਲਾ ਰਿਹਾ ਹਾਂ। ਪਹਿਲਾਂ ਤਾਂ ਮੈਨੂੰ ਦਿਸਦੇ ਸੀ ਸਾਰੇ, ਚੰਗੇ ਵੀ ਮੰਦੇ ਵੀ। ਪਰ ਜਦੋਂ ਤੋਂ ਤੁਸੀਂ ਮੇਰੇ ਨੇਤਰ ਖੋਲ੍ਹ ਦਿਤੇ, ਉਸ ਵੇਲੇ ਤੋਂ ਹੁਣ ਮੈਨੂੰ ਦੂਜਾ ਦਿਸਦਾ ਨਹੀਂ। ਬੇਗਾਨਾ ਨਹੀਂ ਕੋਈ ਦਿਸਦਾ, ਇਸ ਕਰਕੇ ਜਿਹੜਾ ਮੈਂ ਪਾਣੀ ਪਿਲਾਉਂਨਾ ਉਹ ਤੁਹਾਨੂੰ ਹੀ ਪਿਲਾਉਂਦਾ ਹਾਂ –

*ਧਾਰਨਾ– ਸਾਹਿਬਾ! ਤੈਨੂੰ ਪਾਣੀ ਪਿਲਾਵਾਂ,*
*ਹੋਰ ਦਿਸਦਾ ਕੋਈ ਨਾ।*
*ਤੂੰ ਹੀ–ਤੂੰ ਹੀ ਮੋਹਿਨਾ,*
*ਹੋਰ ਦਿਸਦਾ ਕੋਈ ਨਾ।*

ਪਾਤਸ਼ਾਹ! ਜਦੋਂ ਅੱਖਾਂ ਬੰਦ ਸੀ, ਉਸ ਵੇਲੇ ਆਪਣੇ ਵੀ ਦਿਸਦੇ ਸੀ, ਬੇਗਾਨੇ ਵੀ ਦਿਸਦੇ ਸੀ। ਜਦੋਂ ਤੋਂ ਤੂੰ ਗਿਆਨ ਅੰਜਨ ਮੇਰੇ ਨੇਤਰਾਂ 'ਚ ਪਾ ਦਿਤਾ, ਚਾਨਣਾ ਹੋ ਗਿਆ –

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ– ੨੯੩*

ਫੇਰ ਮੈਨੂੰ ਦਿਸਿਆ ਕੀ?

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ – ੨੯੪*

ਜਦੋਂ ਤੋਂ ਤੁਸੀਂ ਗਿਆਨ ਦਾ 'ਅੰਜਨੁ' ਪਾ ਦਿਤਾ ਅੱਖਾਂ ਖੋਲ੍ਹ ਦਿਤੀਆਂ –

*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ– ੪੦੨*

ਮੈਂ ਤਾਂ ਤੁਹਾਡਾ ਉਪਦੇਸ਼ ਪਾਤਸ਼ਾਹ! ਪੱਕੀ ਤਰ੍ਹਾਂ ਨਾਲ ਧਾਰਨ ਕਰਿਆ ਹੋਇਆ ਹੈ। ਤੁਹਾਡੇ ਬਗੈਰ ਹੋਰ ਕੋਈ ਦਿਸਦਾ ਹੀ ਨਹੀਂ ਹੈ –

*ਧਾਰਨਾ – ਗੁਰਾਂ ਨੇ ਮੇਰੇ ਓ ਨੈਣ ਖੋਲ੍ਹ 'ਤੇ।*
*ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।*

ਜਦੋਂ ਗੁਰੂ ਨੇ ਨਵੀਂ ਅੱਖ ਖੋਲ੍ਹੀ, ਮੈਂ ਕੀ ਦੇਖਿਆ –***'ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥'*** ਹੇ ਗੁਰੂ ਕਲਗੀਧਰ ਪਾਤਸ਼ਾਹ! ਤੇਰੇ ਬਗੈਰ ਤਾਂ ਮੈਨੂੰ ਹੋਰ ਨਜ਼ਰ ਹੀ ਨਹੀਂ ਆਉਂਦਾ, ਮੈਂ ਤੁਹਾਨੂੰ ਹੀ ਪਾਣੀ ਪਿਲਾਉਂਦਾ, ਤੁਹਾਡੇ ਹੀ ਨਾਲ ਰਹਿੰਦਾਂ, ਤੁਹਾਨੂੰ ਹੀ ਹਰ ਥਾਂ ਦੇਖਦਾ ਹਾਂ, ਮੈਂ ਕਰਾਂ ਕੀ?

*ਮੋਕਉ ਤਉ ਇਮਹੀ ਦ੍ਰਿਸਟਾਵੈ।*
*ਤੁਧ ਬਿਨ ਦੂਸਰ ਨਜਰ ਨ ਆਵੈ।*

ਦੂਸਰੇ ਨੂੰ ਮੈਂ ਕਦੇ ਪਾਣੀ ਪਿਲਾਇਆ ਹੀ ਨਹੀਂ, ਤੁਹਾਨੂੰ ਹੀ ਪਾਣੀ ਪਿਲਾਇਐ। ਇਥੇ ਇਕੋ ਹੀ ਪ੍ਰਮੇਸ਼ਰ ਹੈ, ਅਨੇਕ ਰੂਪ ਧਾਰਨ ਕਰੇ ਹੋਏ ਨੇ–

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥ ਤ੍ਵਪ੍ਰਸਾਦਿ ਕਬਿੱਤ*

ਮਹਾਰਾਜ ਨੇ ਉੱਠ ਕੇ ਬੁੱਕਲ 'ਚ ਲੈ ਲਿਆ ਭਾਈ ਘਨੱਈਆ ਨੂੰ। ਕਹਿਣ ਲੱਗੇ, ਘਨੱਈਆ, ਨਿਹਾਲ! ਨਿਹਾਲ!! ਨਿਹਾਲ!!!

ਕਹਿੰਦੇ, ਖਾਲਸਾ ਜੀ, ਇਹਨੇ ਉਹ ਪਦ ਪ੍ਰਾਪਤ ਕਰ ਲਿਆ, ਜਿੱਥੇ ਸਿੱਖੀ ਨੇ ਸਭ ਕੁਛ ਪ੍ਰਾਪਤ ਕਰ ਲੈਣੈ। ਜਿੱਥੇ ਸਿੱਖ ਨੇ ਪ੍ਰਮੇਸ਼ਰ ਬਣ ਜਾਣੈ –

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ – ੧੩੭੫*

ਆਪ ਦੇ ਅੰਦਰ ਵੀ ਓਹੀ ਦਿਸਦੈ, ਬਾਹਰ ਵੀ ਓਹੀ ਦਿਸਦੈ। ਇਕੋ ਹੀ ਨਜ਼ਰ ਆ ਜਾਂਦੈ। ਮਹਾਰਾਜ ਕਹਿੰਦੇ, ਗੱਲੀਂ ਨਹੀਂ ਹੁੰਦਾ –

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥*
*ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥*
*ਅੰਗ – ੯੩੦*

ਇਹ ਤਾਂ ਸਿਵਾਣ ਕਰਨੀ ਪੈਂਦੀ ਹੈ ਕਿ ਬਿਰਤੀ ਇਹੋ ਜਿਹੀ ਹੋਵੇ। ਹੁਣ ਇਹ ਜਿਹੜੀ ਦੱਸੀ ਹੈ ਬਿਰਤੀ ਇਹ ਗੁਰਸਿੱਖ ਦੀ ਬਿਰਤੀ ਹੈ। ਉਹਨੇ ਪਰਉਪਕਾਰ ਹੀ ਕਰਨਾ ਹੈ, ਚਾਹੇ ਉਹਦਾ ਜੀਵਨ ਲੈ ਲਓ, ਚਾਹੇ ਕੁਛ ਕਰ ਲਓ। ਕਿਉਂਕਿ ਦੂਸਰਾ ਲਗਦਾ ਨਹੀਂ ਹੈ ਉਨ੍ਹਾਂ ਨੂੰ ਕੋਈ। ਇਕੋ ਹੀ ਨਜ਼ਰ ਆਉਂਦਾ ਹੈ।

ਸੋ ਇਹ ਗੁਰੂ ਮਹਾਰਾਜ ਦੇ ਉਪਦੇਸ਼ ਨੇ, ਜਿਹੜੇ ਸਾਨੂੰ ਉੱਚਾ ਕਰ ਗਏ। ਗੁਰੂ ਮਹਾਰਾਜ ਨੇ ਜਦੋਂ ਅੰਮ੍ਰਿਤ ਛਕਾਇਆ, ਸਾਰਿਆਂ ਨੂੰ ਪਤਾ ਹੈ ਕਿ ਪੰਜ ਸੀਸ ਮੰਗੇ। ਉਹਦੇ ਵਿਚ ਥੋੜ੍ਹਾ ਜਿਹਾ ਭੁਲੇਖਾ ਹੈ, ਉਹ ਇਹ ਹੈ ਕਿ ਜਿਹੜੇ ਸ਼ਰਧਾ 'ਚ ਕਮਜ਼ੋਰ ਬੰਦੇ ਨੇ, ਉਹ ਸਾਡੇ ਮਨਾਂ 'ਚ ਭੁਲੇਖਾ ਪਾ ਦਿੰਦੇ ਨੇ। ਇਕ ਤਾਂ ਜਿਹੜੇ ਪੜ੍ਹੇ ਹੋਏ ਨੇ ਉਹ ਕਹਿੰਦੇ ਨੇ ਕਿ ਸਾਡੀ ਕਿਤਾਬ ਕਿਸੇ ਨੇ ਪੜ੍ਹਨੀ ਹੈ? ਜੇ ਅਸੀਂ ਇਹ ਗੱਲ ਲਿਖ ਦਿਤੀ, ਮੰਨਣੀ ਨਹੀਂ ਕਿਸੇ ਨੇ। ਉਹ ਗੱਲ ਲਿਖੋ ਜਿਹੜੀ ਦੂਜੇ ਮੰਨਣ। ਸਾਨੂੰ ਕੀ ਲੋੜ ਹੈ, ਮੰਨਣ ਨਾ ਮੰਨਣ ਅਸੀਂ ਤਾਂ ਅਸਲ ਦਸਣੇ ਨੇ। ਗੁਰੂ ਮਹਾਰਾਜ ਨੇ ਜਦੋਂ ਆਵਾਜ਼ ਦਿਤੀ, ਇਹ ਨਹੀਂ ਕਿ ਹਾਂ ਜੀ ਇਕ ਆਵਾਜ਼ ਦਿਤੀ, ਦੂਜੀ ਦਿਤੀ, ਫੇਰ ਤੀਜੀ ਦਿਤੀ, ਫੇਰ ਸਿੱਖੀ ਕਾਹਦੀ ਹੋਈ 200 ਸਾਲ 'ਚ? ਫੇਰ ਤਾਂ ਕਹਿ-ਕਹਿ ਕੇ ਸੀਸ ਲਏ। ਇਹ ਨਹੀਂ ਸੀ ਸਾਧਸੰਗਤ ਜੀ ਹਾਲ। ਉਸ ਵੇਲੇ ਪੂਰਨ ਬ੍ਰਹਮਗਿਆਨੀ ਸੀਗੇ, ਗੁਰੂ ਨਾਨਕ ਸਾਹਿਬ ਤੋਂ ਸਿੱਖੀ ਚੱਲ ਕੇ ਦਸ ਜਾਮਿਆਂ 'ਚ ਦੋ ਸੌ ਸਾਲ 'ਚ, ਐਨੀ ਕਮਜ਼ੋਰ ਨਹੀਂ ਹੋ ਸਕਦੀ ਕਿ ਦੇਹ ਅਧਿਆਸ ਵੀ ਨਾ ਟੁੱਟਿਆ। ਮਹਾਰਾਜ ਆਵਾਜ਼ ਮਾਰਦੇ ਨੇ, ਭਾਈ ਦਇਆ ਰਾਮ ਉਨ੍ਹਾਂ ਦੇ ਪਾਸ ਆ ਗਿਆ, ਇਕ ਦਮ। ਸਾਰਿਆਂ ਦੇ ਸਾਮ੍ਹਣੇ ਸੀਸ ਉਹਦਾ ਲਾਹ ਦਿਤਾ। ਦੂਜੇ ਦਾ ਤੀਸਰੇ ਦਾ, ਚੌਥੇ ਦਾ, ਪੰਜਵੇਂ ਦਾ। ਉਥੇ ਇਕ ਔਰੰਗਜ਼ੇਬ ਦਾ ਜਸੂਸ ਬੈਠਾ ਸੀ, ਉਹ ਕਾਫੀ ਦੇਰ ਦਾ ਓਥੇ ਸੀ, ਉਹ ਪਹਿਲਾਂ ਬ੍ਰਾਹਮਣ ਹੁੰਦਾ ਸੀ, ਉਸ ਤੋਂ ਬਾਅਦ ਉਹ ਮੁਸਲਮਾਨ ਬਣ ਗਿਆ ਸੀ, ਅਬੁੱਲ ਤਰਾਨੀ ਸੀ ਉਹਦਾ ਨਾਉਂ। ਗੋਲਕੰਡੇ ਦੇ ਰਹਿਣ ਵਾਲਾ ਸੀ, ਦੱਖਣ ਵਿਚ। ਉਹ ਭੇਜ ਦਿਤਾ ਸੀ ਕਿ ਤੂੰ ਬ੍ਰਾਹਮਣ ਹੈਂ, ਵੇਦਾਂ ਦੀ ਗੱਲ ਵੀ ਜਾਣਦੈਂ, ਗੁਰੂ ਗੋਬਿੰਦ ਸਿੰਘ ਜੀ ਦਾ ਭੇਤ ਮੈਨੂੰ ਦਿਆ ਕਰਨੈ। ਉਹ ਕਹਿੰਦਾ, ਜਦੋਂ ਪਹਿਲਾ ਸੀਸ ਲਾਹਿਆ ਮੈਂ ਤਾਂ ਡਰ ਗਿਆ, ਮੈਂ ਬੈਠਾ ਨੇੜੇ ਹੀ ਸੀ। ਜਦੋਂ ਦੂਜੇ, ਤੀਜੇ, ਚੌਥੇ ਪੰਜਵੇਂ ਦਾ, ਮੈਂ ਤਾਂ ਕਹਿੰਦਾ ਨੱਠਣ ਨੂੰ ਤਿਆਰ ਹੋ ਗਿਆ ਕਿ ਨੱਠ ਚੱਲੋ, ਜੇ ਥੱਲੇ ਆ ਗਏ ਆਪਣੀ ਵੀ ਵਾਰੀ ਆ ਜਾਣੀ ਹੈ ਕਿ ਇਹ ਤਾਂ ਵੱਢੀ ਜਾਂਦੇ ਨੇ ਬੰਦੇ। ਪਰ ਮੈਂ ਰਿਪੋਰਟ ਦੇਣੀ ਸੀ, ਮੈਂ ਕਿਹਾ ਮੇਰੇ ਮੂਹਰੇ ਕਾਫੀ ਨੇ ਅਜੇ। ਕਹਿੰਦਾ, ਮੈਂ ਹੈਰਾਨ ਹੋ ਗਿਆ, ਸ੍ਰੀ ਸਾਹਿਬ ਰੱਖ ਦਿਤੀ, ਸੀਸ ਆਪਣੇ ਹੱਥ ਨਾਲ ਹੀ ਚੁੱਕ ਕੇ ਜੋੜ ਦਿਤੇ, ਕੋਈ ਕਲਾਮ ਪੜ੍ਹੀ, ਉਹ ਪਾਣੀ ਲਿਆ, ਉਹਨਾਂ 'ਤੇ ਛਿੱਟਾਂ ਮਾਰੀਆਂ, ਜਿਹਦੇ ਉਤੇ ਮਾਰਦੇ ਉਹ ਉੱਠ ਕੇ ਖੜ੍ਹਾ ਹੋ ਕੇ ਕਹਿੰਦਾ, 'ਵਾਹਿਗੁਰੂ ਜੀ ਖਾਲਸਾ ਵਾਹਿਗੁਰੂ ਜੀ ਕੀ ਫਤਿਹ।' ਇਕ ਇਤਿਹਾਸਕਾਰ ਹੋਇਆ ਹੈ ਬਖਸ਼ੀ ਸਿੰਘ, ਉਹਨੇ ਆਪਣੇ ਇਤਿਹਾਸ 'ਚ ਲਿਖਿਆ ਹੈ। ਅਸੀਂ ਜੇ ਭਲਾ ਉਹਦੀ ਗੱਲ ਨਾ ਮੰਨੀਏ, ਆਪ ਵਿਚਾਰ ਕਰਕੇ ਦੇਖੀਏ।

ਬਾਬਾ ਅਟੱਲ ਹਾਕੀ (ਖਿਦੋ ਖੂੰਡੀ) ਖੇਡਦੇ ਨੇ, ਪਿੱਤ ਰਹਿ ਗਈ ਮੋਹਨ ਦੇ। ਰਾਤ ਨੂੰ ਮੋਹਨ ਦੇ ਸੱਪ ਲੜ ਗਿਆ। ਉਹ ਮਰ ਗਿਆ। ਮਰਿਆ ਹੋਇਆ, ਸਵੇਰੇ ਵਾਰੀ ਦੇਣ ਨਾ ਆਇਆ। ਉਹ ਨਾ ਆਇਆ ਤਾਂ ਬਾਬਾ ਜੀ ਨੇ ਕਿਹਾ ਕਿ ਉਹਨੂੰ ਲਿਆਓ। ਘਰ ਦੇ ਕਹਿੰਦੇ, ਉਹ ਤਾਂ ਉਨ੍ਹਾਂ ਦਾ ਬੁਲਾਇਆ ਹੀ ਬੋਲੇਗਾ, ਸਾਡਾ ਬੁਲਾਇਆ ਤਾਂ ਬੋਲਦਾ ਨੀਂ, ਪਤਾ ਨੀਂ ਨੀਂਦ ਬਹੁਤੀ ਚੜ੍ਹ ਗਈ ਇਹਨੂੰ।

ਬਾਬਾ ਜੀ ਆਏ, ਕਹਿੰਦੇ ਵਾਰੀ ਦੇਣ ਦਾ ਮਾਰਿਆ ਸੌਂ ਗਿਆ। ਖੂੰਡੀ ਪਾਈ ਗਲ 'ਚ ਉਠਾਲ ਕੇ ਬਿਠਾਲ ਦਿਤਾ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੂੰ ਪਤਾ ਲੱਗਿਆ ਕਿ ਗਲਤ ਵਰਤ ਲਈ ਇਨ੍ਹਾਂ ਨੇ ਤਾਕਤ। ਪੋਤਾ ਸੀ ਬੜਾ ਪਿਆਰਾ, ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਦੇਖ ਇਹ ਤੂੰ ਗੱਲ ਗਲਤ ਕਰੀ। ਇਹ ਮੁਗਲਾਂ ਦਾ ਰਾਜ ਹੈ, ਇਨ੍ਹਾਂ ਨੇ ਮਰੇ ਹੋਏ ਸਾਰੇ ਇਥੇ ਲਿਆ-ਲਿਆ ਕੇ ਸੁੱਟੀ ਜਾਇਆ ਕਰਨੇ ਨੇ। ਕਿੰਨਿਆਂ ਕੁ ਨੂੰ ਜਿਉਂਦੇ ਕਰ ਦਿਓਂਗੇ? ਵਾਹਿਗੁਰੂ ਦੇ ਨੇਮ ਵਿਚ ਦਖਲ ਦਿੰਦੇ ਹੋਂ ਤੁਸੀਂ?

ਬਾਬਾ ਅਟੱਲ ਜੀ ਨੂੰ ਸਰੀਰ ਛੱਡਣਾ ਪਿਆ।

ਬਾਬਾ ਗੁਰਦਿੱਤਾ ਜੀ, ਕੀਰਤਪੁਰ ਸਾਹਿਬ ਜਦੋਂ ਗੁਰੂ ਮਹਾਰਾਜ ਗਏ, ਉਥੇ ਕਮਰਕੱਸਾ ਉਤਾਰ ਦਿਤਾ ਕਿ ਹੁਣ ਨਹੀਂ ਅਸੀਂ ਯੁੱਧ ਕਰਨਾ। ਉਥੇ ਇਕ ਦਿਨ ਸ਼ਿਕਾਰ ਗਏ, ਉਥੇ ਕਿਹਾ ਕਿ ਇਥੇ ਇਕ ਚੀਤਾ ਆਇਆ ਹੋਇਆ ਹੈ। ਉਹ ਜੰਗਲ ਘਣਾ ਸੀ। ਕੀ ਦੇਖਦੇ ਨੇ ਇਕ ਗਊ ਸੀ ਚਿਤਮ-ਚਿੱਤੀ ਉਹ ਪੂਰੀ ਤਰ੍ਹਾਂ ਪਛਾਣੀ ਨਾ ਗਈ, ਉਨ੍ਹਾਂ ਨੇ ਬਾਣ ਮਾਰਿਆ, ਤੇ ਉਹ ਮਰ ਗਈ। ਮਰ ਗਈ ਤਾਂ ਪਹਾੜੀਏ ਆ ਗਏ ਇਕੱਠੇ ਹੋ ਕੇ, ਕਹਿੰਦੇ ਸਾਡੀ ਗਊ ਮਾਰ ਦਿਤੀ। ਇਕ ਤਾਂ ਗਊ ਮਾਰਨ ਦਾ ਬੜਾ ਭਾਰੀ ਦੋਸ਼। ਕਹਿੰਦੇ, ਅਸੀਂ ਤਾਂ ਰਾਜੇ ਕੋਲ ਫਰਿਆਦ ਕਰਾਂਗੇ, ਬਹੁਤ ਉਨ੍ਹਾਂ ਨੇ ਕਿਹਾ ਕਿ ਗਊਆਂ ਚਾਰ ਲੈ ਲਓ, ਪੰਜ ਲੈ ਲਓ, ਦਸ ਲੈ ਲਓ, ਮੈਂ ਮੁੱਲ ਦੇ ਦਿੰਦਾ ਹਾਂ, ਪਰ ਪਤਾ ਸੀ, ਬਾਬੇ ਅਟੱਲ

ਨੂੰ ਜਾਣਾ ਪਿਆ। ਉਸ ਵੇਲੇ ਉਹ ਨਹੀਂ ਮੰਨੇ, ਅਖੀਰ ਉਨ੍ਹਾਂ ਨੇ 'ਵਾਹਿਗੁਰੂ' ਕਹਿ ਛਿੱਟਾ ਮਾਰਿਆ, ਗਊ ਉੱਠ ਕੇ ਖੜ੍ਹੀ ਹੋ ਗਈ।

ਗੁਰੂ ਸਤਵੇਂ ਪਾਤਸ਼ਾਹ ਦੇ ਵੇਲੇ ਭਾਈ ਜੀਵਨ ਜੀ ਹੋਏ ਨੇ, ਭਾਈ ਗੌਰੇ ਦੇ ਛੋਟੇ ਭਰਾ। ਜਿਹੜਾ ਉਨ੍ਹਾਂ ਦਾ ਭਰਾ ਸੀ ਉਹ ਥੋੜ੍ਹਾ ਗੁਰੂ ਮਹਾਰਾਜ ਨਾਲ ਖਾਰ ਖਾਂਦਾ ਸੀ। ਕੋਈ ਬ੍ਰਾਹਮਣ ਦਾ ਲੜਕਾ ਮਰ ਗਿਆ। ਕਹਿੰਦਾ, ਲੈ ਗੁਰੂ ਸਾਹਿਬ ਕੋਲ ਲੈ ਜਾ, ਉਹ ਰਾਜ਼ੀ ਕਰ ਦੇਣਗੇ। ਤੂੰ ਐਂ ਕਰ, ਥੋੜ੍ਹਾ ਜਿਹਾ ਹੱਠ ਕਰੀਂ। ਗੁਰੂ ਮਹਾਰਾਜ ਜੀ ਕੋਲ ਲੈ ਗਿਆ। ਉਥੇ ਮਸੰਦ ਵੀ ਕਹਿਣ ਲੱਗ ਗਏ ਕਿ ਮਹਾਰਾਜ! ਵਿਚਾਰੇ ਦਾ ਬੱਚਾ ਜੀਉਂਦਾ ਕਰ ਦਿਓ। ਉਹਨੇ ਕਿਹਾ ਕਿ ਮੈਂ ਤਾਂ ਚਿਖਾ ਦੇ ਵਿਚ ਜਲ ਜਾਣਾ ਹੈ, ਆਪਣੇ ਪੁੱਤਰ ਨਾਲ ਹੀ। ਮਹਾਰਾਜ! ਬਦਨਾਮੀ ਬਹੁਤ ਹੋਏਗੀ। ਧੀਰਮੱਲ ਦੇ ਮਸੰਦਾਂ ਨੇ ਇਹ ਗੱਲ ਚੁੱਕ ਲੈਣੀ ਹੈ। ਮਹਾਰਾਜ ਕਹਿੰਦੇ, ਇਹ ਠੀਕ ਨਹੀਂ ਹੈ ਗੱਲ, ਜੀਉਂਦਾ ਤਾਂ ਅਸੀਂ ਹਜ਼ਾਰ ਬੰਦਾ ਕਰ ਦੇਈਏ, ਲੱਖ ਕਰ ਦੇਈਏ। ਵਾਹਿਗੁਰੂ ਦੀ ਨੇਤ ਦੇ ਵਿਚ ਦਖਲ ਦੇਣਾ ਚੰਗਾ ਨਹੀਂ ਹੁੰਦਾ। ਉਸ ਵੇਲੇ ਬਹੁਤ ਜ਼ਿਆਦਾ ਜਦ ਜ਼ੋਰ ਪਾਇਆ, ਮਹਾਰਾਜ ਕਹਿੰਦੇ ਚੰਗਾ, ਇਸ ਤਰ੍ਹਾਂ ਕਰ ਲੈਂਦੇ ਹਾਂ ਕਿ ਕੋਈ ਇਹਦੀ ਥਾਂ ਜਾਓ, ਜੀਉਂਦਾ ਹੋ ਜਾਏਗਾ। ਇਹ ਤਾਂ ਗੁਰੂ ਘਰ 'ਚ ਪ੍ਰਵਾਨ ਹੈਗਾ ਕਿ ਅਰਦਾਸ ਕਰਕੇ ਜਾ ਸਕਦੈ।

ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੈਤੋਂ ਗਏ ਹੋਏ ਸੀ, ਉਥੇ ਉਨ੍ਹਾਂ ਦਾ ਇਕ ਪ੍ਰੇਮੀ ਸੀ ਖੱਤਰੀ, ਉਹਦੀ ਘਰਵਾਲੀ ਬਿਮਾਰ ਹੋ ਗਈ। ਪਿਆਰ ਉਹਨੂੰ ਬਹੁਤ ਸੀ। ਉਹਨੇ ਆ ਕੇ ਬਾਬਾ ਜੀ ਦੇ ਚਰਨ ਫੜੇ ਕਿ ਬਾਬਾ ਜੀ ਕ੍ਰਿਪਾ ਕਰੋ, ਮੇਰਾ ਤਾਂ ਘਰ ਹੀ ਉੱਜੜ ਜਾਏਗਾ, ਬਰਬਾਦ ਹੋ ਜਾਏਗਾ। ਸਾਹਾਂ 'ਤੇ ਪਈ ਹੈ।

ਬਾਬਾ ਜੀ ਕਹਿੰਦੇ, ਭਾਈ ਜੋ ਮਰਿਆਦਾ ਚਲੀ ਆ ਰਹੀ ਹੈ, ਉਹ ਤਾਂ ਅਸੀਂ ਕਰ ਸਕਦੇ ਹਾਂ, ਉਸ ਤੋਂ ਵੱਧ ਨਹੀਂ ਜਾ ਸਕਦੇ। ਕਹਿੰਦੇ, ਹੁਕਮ ਕਰੋ। ਕਹਿੰਦੇ, ਚੱਲ।

ਆਪ ਉਹਦੀ ਪੈਂਦ ਵੱਲ ਖੜ੍ਹੇ ਹੋ ਗਏ। ਕਹਿੰਦੇ, ਵੀਹ ਸਾਲ ਦੀ ਉਮਰ ਤੇਰੀ ਬਚਦੀ ਹੈ, ਚੱਲ ਦੋਹਾਂ ਦੀ ਬਰਾਬਰ ਕਰ ਦਿੰਦੇ ਹਾਂ। ਦਸ ਸਾਲ ਤੂੰ ਦੇ-ਦੇ, ਇਕੱਠੇ ਹੀ ਚੜ੍ਹਾਈ ਕਰ ਜਾਓਂਗੇ, ਦਸ ਸਾਲ ਬਾਅਦ। ਬਾਬਾ ਜੀ ਨੇ ਅਰਦਾਸ ਕਰ ਦਿਤੀ ਕਿ ਸੱਚੇ ਪਾਤਸ਼ਾਹ! ਇਹ ਆਪਣੀ ਦਸ ਸਾਲ ਦੀ ਆਯੂ ਇਹਨੂੰ ਦਿੰਦੈ, ਇਹਦੇ 'ਤੇ ਕ੍ਰਿਪਾ ਕਰੋ। ਤੁਹਾਡਾ ਪ੍ਰੇਮੀ ਹੈ, ਬਾਣੀ ਪੜ੍ਹਦਾ ਹੈ, ਨਿਤਨੇਮ ਕਰਦੈ, ਦਾਨ ਕਰਦਾ, ਹੋਰ ਸੰਗਤ ਦੀ ਸੇਵਾ ਕਰਦੈ, ਜਿਹੜੀ ਉਹਦੀ ਘਰਵਾਲੀ ਖੱਤਰਾਣੀ ਸੀ, ਉਹ ਰਾਜ਼ੀ ਹੋ ਗਈ।

ਰਾੜਾ ਸਾਹਿਬ ਵਾਲੀ ਸੰਪਰਦਾ ਦੇ ਸੰਤਾਂ 'ਚ ਬੜੀਆਂ ਤਾਕਤਾਂ ਸੀ। ਬਹੁਤ ਜ਼ਿਆਦਾ ਸੀ, ਥੋੜੀਆਂ ਨਹੀਂ ਸੀ, ਜ਼ਬਤ ਕਰਕੇ ਰਖਦੇ ਸੀ। ਦਿਖਾਉਂਦੇ ਹੀ ਨਹੀਂ ਸੀ। ਕਿਉਂਕਿ -

*ਨਾਟਕ ਚੇਟਕ ਕੀਏ ਕੁਕਾਜਾ॥*
*ਪ੍ਰਭ ਲੋਗਨ ਕਹ ਆਵਤ ਲਾਜਾ॥*

ਗੁਰੂ ਦਸਵੇਂ ਪਾਤਸ਼ਾਹ ਨੂੰ ਪੁੱਛਿਆ ਕਿ ਪਾਤਸ਼ਾਹ! ਗੁਰੂ ਤੇਗ ਬਹਾਦਰ ਸਾਹਿਬ ਨੂੰ ਕੋਈ ਸ਼ਕਤੀ ਦਿਖਾਉਣੀ ਚਾਹੀਦੀ ਸੀ, ਔਰੰਗਜ਼ੇਬ ਦਾ ਮੂੰਹ ਮੁੜਦਾ।

ਮਹਾਰਾਜ ਕਹਿੰਦੇ, ਸ਼ਕਤੀ ਤਾਂ ਉਨ੍ਹਾਂ ਪਾਸ ਬਹੁਤ ਸੀ। ਭਾਈ ਮਤੀ ਦਾਸ ਨੇ ਕਹਿ ਦਿਤਾ ਸੀ, ਇਕ ਸਿੱਖ ਨੇ ਕਹਿ ਦਿਤਾ, ਉਹ ਸਿੱਖ ਗੁਰੂ ਮਹਾਰਾਜ ਕੋਲ ਆ ਗਿਆ। ਮਹਾਰਾਜ ਉਸ ਵਕਤ ਪਿੰਜਰੇ 'ਚ ਸੀਗੇ। ਕਹਿਣ ਲੱਗਿਆ, ਮਹਾਰਾਜ! ਤੁਸੀਂ ਤਕਲੀਫ ਝਲਦੇ ਹੋਂ ਤੇ ਮੈਂ ਦੇਖ ਨਹੀਂ ਸਕਦਾ ਤੇ ਮੈਨੂੰ ਹੁਕਮ ਦੇਵੋ, ਮੈਂ ਲਾਹੌਰ ਤੇ ਦਿੱਲੀ ਨੂੰ ਹੱਥਾਂ 'ਤੇ ਚੁੱਕ ਕੇ, ਛੈਣੇ ਵਾਂਗੂੰ ਵਜਾ ਦੇਵਾਂ। ਅਰ ਇਹ ਬਾਦਸ਼ਾਹੀ ਖਤਮ ਹੀ ਕਰ ਦੇਵਾਂ। ਇਹਦਾ ਖਾਨਦਾਨ ਹੀ ਖਤਮ ਕਰ ਦੇਵਾਂ।

ਮਹਾਰਾਜ ਕਹਿੰਦੇ, ਬੜੀ ਸ਼ਕਤੀ ਹੈ ਤੇਰੇ 'ਚ? ਇਹ ਕਿੱਥੋਂ ਆਈ? ਕਹਿੰਦਾ, ਮੈਨੂੰ ਨਹੀਂ ਪਤਾ ਮਹਾਰਾਜ, ਮੇਰੇ 'ਚ ਆ ਗਈ। ਮਹਾਰਾਜ ਕਹਿੰਦੇ, ਰਾਤ ਅਸੀਂ ਜਿਹੜੇ ਗੰਨੇ ਚੂਪੇ ਸੀ, ਉਹ ਛਿਲਕ ਚੂਪਿਆ ਸੀ? ਕਹਿੰਦਾ, ਮੈਨੂੰ ਨਹੀਂ ਪਤਾ ਮਹਾਰਾਜ। ਮੈਂ ਗੰਨੇ ਤੋਂ ਹੀ ਅਣਜਾਣ ਹਾਂ। ਉਹ ਛਿਲਕ ਆ ਕੇ ਤੁਸੀਂ ਬਾਹਰ ਮਾਰਦੇ ਸੀ ਜ਼ੋਰ ਦੀ, ਮੇਰੇ ਹੱਥ ਆ ਗਏ, ਉਹ ਮਿੱਠੇ ਸੀ, ਮੈਂ ਚੂਪ ਲਏ। ਮਹਾਰਾਜ ਕਹਿੰਦੇ, ਫੇਰ ਆਈ ਨਾ ਤੇਰੇ 'ਚ ਸ਼ਕਤੀ? ਕਹਿੰਦਾ, ਹਾਂ ਜੀ। ਉਰੇ ਆ, ਕਹਿੰਦੇ, ਸਾਡੇ ਕੋਲ। ਨੇੜੇ ਆਇਆ ਤਾਂ ਮਹਾਰਾਜ ਨੇ ਬਾਂਹ ਫੜ ਲਈ, ਕਹਿੰਦੇ ਜਾਹ ਵਜਾ ਦੇ ਛੈਣੇ। ਖੜ੍ਹਾ ਹੈ ਚੁੱਪ ਕਰਿਆ। ਕਹਿੰਦੇ, ਵਜਾਉਂਦਾ ਨਹੀਂ ਹੈਂ? ਕਹਿੰਦਾ, ਮਹਾਰਾਜ! ਮੇਰੀ ਤਾਂ ਸ਼ਕਤੀ ਹੀ ਖਿੱਚ ਲਈ ਤੁਸੀਂ ਸਾਰੀ। ਰਹਿਣ ਹੀ ਨਹੀਂ ਦਿਤੀ। ਕਹਿੰਦੇ, ਪ੍ਰੇਮੀਆਂ! ਛਿਲਕ ਚੂਪ ਕੇ ਤੇਰੇ 'ਚ ਜੇ ਐਨਾ ਜੋਸ਼ ਆ ਗਿਆ, ਝੱਲਿਆ ਨਹੀਂ ਜਾਂਦਾ। ਫੇਰ ਜਿਹਦੇ ਗੰਨੇ ਚੂਪੇ ਹੋਣੇ ਉਹਦੇ 'ਚ ਕੀ ਸ਼ਕਤੀ ਨਹੀਂ ਹੋਏਗੀ?

ਉਹ ਇਕ ਦਰਿਆ ਵਹਿ ਰਿਹਾ ਹੈ ਸ਼ਕਤੀਆਂ ਦਾ। ਤੈਨੂੰ ਇਕ ਗਿਲਾਸ ਮਿਲ ਗਿਆ ਉਹਦੇ 'ਚੋਂ ਤਾਂ ਤੇਰੇ ਤੋਂ ਜਰ ਨਹੀਂ ਹੁੰਦਾ। ਅਸੀਂ ਸਾਰਾ ਕੁਛ ਹੀ ਕਰ ਸਕਦੇ

ਹਾਂ, ਕੁਛ ਵੀ ਨਹੀਂ ਹੋਣ ਦਿੰਦੇ। ਲੇਕਿਨ ਇਸੇ ਤਰ੍ਹਾਂ ਹੀ ਕਰਨਾ ਹੈ, ਇਹ ਸਾਡੀ ਆਪਣੀ ਹੀ ਰਜ਼ਾ ਹੈ ਜਿਸ ਤਰ੍ਹਾਂ ਅਸੀਂ ਕਰ ਰਹੇ ਹਾਂ। ਸੋ ਗੁਰੂ ਘਰ ਉਤੇ ਇਹ ਗੱਲ ਕਰਨੀ, ਸਾਡੇ ਲਿਖਾਰੀ ਡਰ ਜਾਂਦੇ ਨੇ। ਮੈਂ ਤਾਂ ਤੁਹਾਨੂੰ ਬਹੁਤ ਸਾਰੀਆਂ ਗੱਲਾਂ ਸੁਣਾਂ ਦਊਂ, ਸਾਰਾ ਸਮਾਂ ਇਥੇ ਹੀ ਲੰਘ ਜਾਏਗਾ ਕਿ ਕਿਸ ਤਰ੍ਹਾਂ ਦੇ ਨਾਲ ਹੁੰਦੈ।

ਭਾਈ ਜੀਵਨ ਉੱਠਿਆ, ਉੱਠ ਕੇ ਜਾ ਕੇ ਉਹਨੇ ਅਰਦਾਸ ਕਰੀ। ਬ੍ਰਾਹਮਣ ਦਾ ਲੜਕਾ ਜੀਉਂਦਾ ਹੋ ਗਿਆ। ਮਹਾਰਾਜ ਕਹਿਣ ਲੱਗੇ ਕਿ ਦੇਖੋ, ਮੇਰਾ ਕਿਹੜਾ ਪਿਆਰਾ ਪੁੱਤਰ ਗਿਆ ਹੈ? ਕਹਿੰਦੇ, ਜੀਵਨ ਬੈਠਾ ਸੀ ਇਥੇ, ਬਰਾੜ। ਕਹਿਣ ਲੱਗੇ, ਤੁਹਾਨੂੰ ਤਾਂਹੀ ਚੈਨ ਆਈ ਨਾ, ਤੁਸੀਂ ਮੇਰੇ ਪਿਆਰੇ ਪੁੱਤਰ ਦੀ ਬਲੀ ਦੇ ਦਿਤੀ। ਬ੍ਰਾਹਮਣ ਦਾ ਪੁੱਤਰ ਤੁਸੀਂ ਰਾਜ਼ੀ ਕਰ ਦਿਤਾ।

ਇਹ ਜਿਹੜੀ ਚੀਜ਼ ਹੈ ਗੁਰੂ ਦਸਵੇਂ ਪਾਤਸ਼ਾਹ ਦੀ ਜਦੋਂ ਇਥੇ ਆਉਂਦੇ ਹਾਂ, ਅਸੀਂ ਕਹਿੰਦੇ ਹਾਂ ਕਿ ਨਾ ਗੁਰੂ ਸਾਹਿਬ 'ਚ ਤਾਕਤ ਹੀ ਨਹੀਂ ਸੀ। ਕਿੰਨਾਂ ਨਾਸਤਕ ਲਿਖਾਰੀ ਲਿਖਦੇ ਨੇ ਸਾਡੇ ਇਤਿਹਾਸਾਂ 'ਚ। ਜਿੱਥੇ ਆ ਕੇ ਤੁਹਾਨੂੰ ਪੂਰੀ ਸ਼ਰਧਾ ਆਉਂਦੀ ਹੈ, ਉਥੇ ਆ ਕੇ ਟਕੋਰ ਮਾਰਦੇ ਨੇ। ਲਿਖ ਦਿੰਦੇ ਨੇ ਕਿ ਜੀ ਗੁਰੂ ਸਾਹਿਬ ਨੇ ਬੱਕਰੇ ਵੱਢੇ। ਗੁਰੂ ਦਸਵੇਂ ਪਾਤਸ਼ਾਹ ਇਹੋ ਜਿਹੇ ਸੀ ਨਾਟਕ ਚੇਟਕ ਕਰਨ ਵਾਲੇ? ਉਹ ਤਾਂ ਇਕ ਨਿਗ੍ਹਾ ਦੇ ਨਾਲ ਸਭ ਕੁਛ ਕਰ ਸਕਦੇ ਸੀ। ਜਦੋਂ ਸਿੰਘਾਂ ਨੇ ਕਿਹਾ ਕਿ ਮਹਾਰਾਜ ਹੁਣ ਤਾਂ ਤੁਸੀਂ ਸ਼ਕਤੀ ਦਿਖਾਲੋ, ਘੇਰਾ ਵੱਡਾ ਪੈ ਗਿਆ। ਮਹਾਰਾਜ ਨੇ ਉਨ੍ਹਾਂ ਦਾ ਭਰਮ ਦੂਰ ਕਰਨ ਵਾਸਤੇ, ਕਮਾਣ 'ਤੇ ਤੀਰ ਚਾੜ ਲਿਆ। ਨਾਲ ਨੇਤਰ ਦੇ ਦਿਤੇ, ਹੱਥ ਬੰਨ੍ਹੀਂ ਖੜ੍ਹੀਆ ਨੇ ਅਸਮਾਨੀ ਸ਼ਕਤੀਆਂ ਕਿ ਸੱਚੇ ਪਾਤਸ਼ਾਹ! ਰਹਿਮ ਕਰੋ, ਰਹਿਮ ਕਰੋ।

ਕਹਿੰਦੇ, ਕਿਉਂ ਬਈ, ਇੱਕੋ ਬਾਣ ਨਾਲ ਅਸੀਂ ਸਾਰੀਆਂ ਫੌਜਾਂ ਖਤਮ ਕਰ ਦੇਵਾਂਗੇ। ਪਹਿਲਾਂ ਕਰਦੇ ਆਏ ਨੇ, ਪਾਂਡਵਾਂ ਦਾ ਜਦੋਂ ਯੁੱਧ ਹੋਇਆ, ਇੱਕ-ਇੱਕ ਬਾਣ ਦੇ ਨਾਲ ਦਸ-ਦਸ ਹਜ਼ਾਰ ਮਾਰਦੇ ਸੀ ਉਹ। ਹੁਣ ਕਿਹੜਾ ਉਹ ਵਿਦਿਆ ਲੁੱਕ ਗਈ। ਪਰ ਇਹ ਕਲਜੁਗ ਹੈ, ਇਹਦੇ ਵਿਚ ਇਹ ਚੀਜ਼ਾਂ ਨਹੀਂ ਚਲਾਉਣੀਆਂ ਅਸੀਂ। ਆਪਣੇ ਗੁਰਸਿੱਖਾਂ ਨੂੰ ਮਦਾਰੀਆਂ ਦੀ ਜਮਾਤ ਨਹੀਂ ਬਣਾਉਣੀ। ਇਨ੍ਹਾਂ ਨੂੰ ਸਾਬਰ ਬਣਾਇਆ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*

*ਭਾਈ ਗੁਰਦਾਸ ਜੀ, ਵਾਰ ੩/੧੮*

ਸ਼ਕਤੀਆਂ ਦੇ ਮਾਲਕ ਹੁੰਦੇ ਹੋਏ, ਗੁਪਤ ਕਰਕੇ ਰੱਖੋ। ਜਰ ਜਾਓ ਦੂਸਰੇ ਦੀ ਬਾਤ। ਉਸ ਵੇਲੇ ਸਾਰਿਆਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਆਪ ਦੀ ਮੌਜ ਹੈ। ਮਹਾਰਾਜ ਜੀ ਨੇ ਉਹ ਤੀਰ ਅੰਬ 'ਚ ਮਾਰਿਆ, ਹੁਣ ਤੱਕ ਤੁਸੀਂ ਦੇਖ ਲਓ, ਅੰਬ ਹੁੰਦੇ ਨੇ, ਤੀਰ ਦਾ ਨਿਸ਼ਾਨ ਪਿਆ ਹੋਇਆ ਅੱਜ ਤੱਕ।

ਲਿਖਾਰੀ ਗੁਰੂ ਮਹਾਰਾਜ ਬਾਰੇ ਉਲਟਾ ਲਿਖੀ ਜਾਣ ਅਸੀਂ ਨਹੀਂ ਮੰਨਦੇ, ਸਾਡਾ ਤਾਂ ਗੁਰੂ ਸਰਬ ਕਲਾ ਸਮਰੱਥ ਹੈ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ - ੪੪੨*

ਸਵਾਮੀ ਰਾਮ ਜੀ ਦੀ ਆਪਣੇ ਇਕ ਕਿਤਾਬ ਮਿਲਦੀ ਹੈ, 'ਹਿਮਾਲਿਆ ਦੇ ਸੰਤਾਂ ਸੰਗ ਨਿਵਾਸ' ਉਹਦੇ 'ਚ ਉਹ ਲਿਖਦੇ ਨੇ ਕਿ ਮੈਂ ਵੇਦਾਂਤ ਪੜ੍ਹਾ ਰਿਹਾ ਸੀ, ਵਿਦਿਆਰਥੀਆਂ ਨੂੰ। ਇਕ ਸਵਾਮੀ ਆ ਗਿਆ, ਮੌਤ ਦਾ ਪ੍ਰਕਰਣ ਚੱਲ ਰਿਹਾ ਸੀ। ਜਦੋਂ ਮੈਂ ਪੜ੍ਹਾਵਾਂ ਉਹ ਉੱਚੀ-ਉੱਚੀ ਹੱਸ ਪਏ ਤਾੜੀ ਮਾਰ ਕੇ। ਮੈਂ ਕਿਹਾ ਇਹ ਸਵਾਮੀ ਨੂੰ ਪਤਾ ਹੀ ਨਹੀਂ ਕਿ ਮੈਂ ਇਸ ਵੇਲੇ ਪੜ੍ਹਾ ਰਿਹਾ ਹਾਂ ਤੇ ਇਹ ਮਖੌਲ ਕਰ ਰਿਹੈ।

ਜਦੋਂ ਮੈਂ ਪੜ੍ਹਾ ਹਟਿਆ, ਛੇਤੀ ਜਮਾਤ ਖਤਮ ਕਰ ਦਿਤੀ। ਸਵਾਮੀ ਮੇਰੇ ਕੋਲ ਆ ਗਿਆ, ਮੈਂ ਕਿਹਾ ਸਵਾਮੀ ਜੀ! ਤੁਸੀਂ ਹਸਦੇ ਕਿਉਂ ਸੀ? ਕਹਿੰਦੇ, ਤੇਰੇ ਅਣਜਾਣਪੁਣੇ 'ਤੇ ਹੱਸ ਰਿਹਾ ਸੀ। ਮੈਂ ਕਿਹਾ, ਮੇਰਾ ਅਣਜਾਣਪੁਣਾ ਕਿਹੜੀ ਗੱਲ ਦਾ ਹੈ? ਕਹਿੰਦੇ, ਤੈਨੂੰ ਪਤਾ ਹੀ ਨਹੀਂ ਮੌਤ ਕੀ ਹੁੰਦੀ ਹੈ। ਕਹਿੰਦਾ, ਮੈਂ ਹੈਰਾਨ ਹੋ ਗਿਆ ਕਿ ਇਹ ਤਾਂ ਗੱਲ ਹੀ ਹੋਰ ਤਰ੍ਹਾਂ ਕਰੀ ਜਾਂਦੈ।

ਮੈਂ ਕਿਹਾ, ਤੁਹਾਨੂੰ ਪਤੈ?

ਕਹਿੰਦੇ, ਹਾਂ। ਕਹਿੰਦੇ, ਕੋਈ ਚੀਜ਼ ਲਿਆ ਚੁੱਕ ਕੇ। ਨੇੜੇ ਇਕ ਕੀੜਾ ਜਿਹਾ ਜਾਂਦਾ ਸੀ। ਕਹਿੰਦੇ ਉਹ ਚੁੱਕ ਲਿਆ। ਮੈਂ ਲੈ ਆਇਆ।

ਕਹਿੰਦੇ, ਚਾਕੂ ਦੇ।

ਚਾਕੂ ਦੇ ਦਿਤਾ, ਚਾਕੂ ਦੇ ਨਾਲ ਵਿਚਾਲਿਓਂ ਵੱਢ ਦਿਤਾ।

ਇਕ ਏਧਰ ਸੁੱਟ ਦਿਤਾ ਤੇ ਇਕ ਦੂਜੇ ਪਾਸੇ ਸੁੱਟ ਦਿਤਾ।

ਕਹਿੰਦੇ, ਤੂੰ ਆਰਾਮ ਕਰ ਥੋੜ੍ਹੀ ਦੇਰ।

ਕਹਿੰਦੇ, ਮੈਂ ਦੇਖਿਆ, ਏਧਰਲਾ ਹਿੱਸਾ ਕੀੜੇ ਦਾ ਏਧਰੋਂ ਆ ਰਿਹਾ, ਦੂਸਰਾ ਓਧਰੋਂ ਆ ਰਿਹੈ। ਦੋਨੋਂ

ਹਿੱਸੇ ਜੁੜ ਗਏ। ਆਰਾਮ ਨਾਲ ਹੀ ਉਹ ਕੀੜਾ ਫੇਰ ਤੁਰ ਪਿਆ। ਕਹਿੰਦਾ, ਆਹ ਚੀਜ਼ ਹੈ। ਉਨ੍ਹਾਂ ਨੇ ਅਗਾਂਹਾਂ ਤਾਂ ਨਹੀਂ ਗੱਲ ਖੋਲ੍ਹੀ। ਐਨਾ ਹੀ ਬਹੁਤ ਹੈ ਆਪਾਂ ਨੂੰ ਜਿੰਨਾਂ ਕੁ ਉਨ੍ਹਾਂ ਨੇ ਕਰਿਆ। ਅੱਜ ਦੇ ਸਵਾਮੀ ਜੇ ਇਹ ਗੱਲ ਕਰ ਸਕਦੇ ਨੇ ਫੇਰ ਕੀ ਗੁਰੂ ਸਾਹਿਬ ਵੇਲੇ ਇਹ ਗੱਲਾਂ ਨਹੀਂ ਸੀ ਹੁੰਦੀਆਂ? ਕਿਉਂ ਸਾਨੂੰ ਭੁਲੇਖਿਆਂ 'ਚ ਪਾਇਆ ਜਾਂਦੈ? ਕਿਉਂ ਇਹ ਗੱਲਾਂ ਕਰਦੇ ਨੇ?

ਉਹ ਜਸੂਸ ਲਿਖਦਾ ਹੈ ਕਿ ਮੈਨੂੰ ਇਹ ਨਹੀਂ ਪਤਾ ਕਿ ਕੀਹਦਾ ਸੀਸ ਕੀਹਦੇ ਨਾਲ ਲੱਗਿਆ, ਪਰ ਉੱਠ ਕੇ ਖੜ੍ਹੇ ਹੋ ਗਏ ਪੰਜੋ। ਉਸ ਵੇਲੇ ਮਹਾਰਾਜ ਨੇ ਫੁਰਮਾਨ ਕੀਤਾ ਕਿ ਪਿਆਰਿਓ! ਅਸੀਂ ਬ੍ਰਹਮਗਿਆਨ ਦਾ ਅੰਮ੍ਰਿਤ ਦੇ ਰਹੇ ਹਾਂ, ਉਹ ਪੀਵੋ ਤੁਸੀਂ। ਉਹਦੇ ਨਾਲ ਤੁਸੀਂ ਅਮਰ ਹੋ ਜਾਓਗੇ। ਜਿਹੜਾ ਵੀ ਪੀ ਲਏਗਾ, ਉਹਨੂੰ ਦੁਬਾਰਾ ਜਨਮ 'ਚ ਨਹੀਂ ਆਉਣਾ ਪੈਣਾ। ਇਸ ਤਰ੍ਹਾਂ ਨਾਲ ਪੜ੍ਹ ਲਓ –

*ਧਾਰਨਾ – ਪੀਵਹੁ ਪਾਹੁਲ ਖੰਡੇਧਾਰ,*
*ਹੋਵੇ ਜਨਮ ਸੁਹੇਲਾ।*

*ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।*
*ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।*
*ਗੁਰ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।*
*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।*
*ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।*
*(ਦੂਜਾ) ਭਾਈ ਗੁਰਦਾਸ ਸਿੰਘ*

ਐਸਾ ਅੰਮ੍ਰਿਤ ਤਿਆਰ ਕੀਤਾ ਕਿ ਬਾਹਰਲਾ ਅੰਮ੍ਰਿਤ ਤੇ ਅੰਦਰਲਾ ਅੰਮ੍ਰਿਤ ਦੋਵੇਂ ਇਕੱਠੇ ਕਰ ਦਿਤੇ। ਇਹ ਗੱਲ ਸਮਝਣ ਵਾਲੀ ਹੈ। ਸਾਨੂੰ ਪਤਾ ਹੈ ਕਿ ਇਹ ਧਰਤੀ 'ਚ ਪਾਣੀ ਹੈ। ਕਿਸਾਨ ਦੇ ਮਨ 'ਚ ਆਇਆ ਕਿ ਮੈਂ ਟਿਊਬਵੈੱਲ ਲਾ ਲਵਾਂ। ਟਿਊਬਵੈੱਲ ਲਾ ਲਿਆ, ਪਾਣੀ ਆ ਗਿਆ ਤੇ ਉਹਦੇ ਵਿਚ ਫਿਲਟਰ ਪਾ ਦਿਤਾ, ਉਹਦੇ 'ਚ ਰਿਫਲੈਕਸ ਵਾਲਵ ਪਾ ਦਿਤਾ, ਮੋਟਰ ਫਿੱਟ ਪਾ ਦਿਤੀ, ਉਸ ਤੋਂ ਬਾਅਦ ਥੋੜ੍ਹਾ ਜਿਹਾ ਅਣਜਾਣ ਸੀ, ਉਸਨੇ ਮੋਟਰ ਦਾ ਬਟਨ ਦੱਬ ਦਿਤਾ, ਪਾਣੀ ਨਹੀਂ ਆ ਰਿਹਾ। ਫੇਰ ਦੱਬ ਦਿਤਾ ਫੇਰ ਵੀ ਨਹੀਂ ਆ ਰਿਹਾ, ਹੈਰਾਨ ਹੋ ਗਿਆ। ਜੋਤਸ਼ੀਆਂ ਕੋਲ ਜਾਂਦੈ। ਮੈਂ ਦੇਖਦਾਂ ਕਿ ਮੇਰੇ ਕੋਲ ਵੀ ਕਈ ਆਉਂਦੇ ਨੇ ਕਿ ਜੀ ਸਾਡੇ ਟਿਊਬਵੈੱਲ ਨੇ ਪਾਣੀ ਨਹੀਂ ਦਿਤਾ। ਮੈਂ ਕਿਹਾ, ਪਾਣੀ ਤਾਂ ਨਹੀਂ ਦਿਤਾ, ਤੁਹਾਡਾ ਰਿਫਲੈਕਸ ਵਾਲਵ ਢਿੱਲਾ ਰਹਿ ਗਿਆ। ਉਹ ਹਵਾ ਲੈ ਰਿਹਾ ਉਥੋਂ। ਪਾਣੀ ਆਏਗਾ ਤਾਂ ਜਦ ਪਹਿਲਾਂ ਨਾਲ (ਡਲੀਵਰੀ ਪਾਈਪ) ਨੂੰ ਭਰੋ ਸਾਰੀ ਪਾਣੀ ਨਾਲ। ਸਾਰੇ ਜਾਣਦੇ ਹੋਂ ਤੁਸੀਂ, ਕਿਉਂਕਿ ਬਟਨ ਦੱਬਿਆ, ਜਿੰਨਾਂ ਡੂੰਘਾ ਪਾਣੀ ਉਤੇ ਹੈ, ਜਿੰਨਾਂ ਨਾਲ ਦਾ (ਪਾਈਪ ਦਾ), ਓਨੀਂ ਹੇਠਲੀ ਡੂੰਘਿਆਈ ਤੱਕ ਉਹਨੇ ਪਾਣੀ ਖਿੱਚਣਾ ਹੈ, ਵੱਧ ਨਹੀਂ ਖਿੱਚ ਸਕਦਾ। ਉਹਨੇ ਓਨਾਂ ਪਾਣੀ ਖਿੱਚ ਲਿਆ, 15 ਫੁੱਟ ਨਾਲ ਖਾਲੀ ਰਹਿ ਗਈ ਤੁਹਾਡੀ, ਮੁੜ ਕੇ ਫੇਰ 15 ਫੁੱਟ ਦਾ ਪਾਣੀ ਪਾਓ। ਜਦੋਂ ਪਾਣੀ ਰਿਫਲੈਕਸ ਵਾਲਵ ਨਾਲ ਆ ਲੱਗਿਆ। ਫੇਰ ਜਦੋਂ ਬਟਨ ਦੱਬੋਂਗੇ ਉਸੇ ਵੇਲੇ ਮੋਟਰ ਚੱਲ ਪਏਗੀ, ਹੁਣ ਇਹ ਤਾਂ ਹੈਗਾ ਇਕ ਦੁਨਿਆਵੀ ਦ੍ਰਿਸ਼ਟਾਂਤ। ਸਾਡੇ ਅੰਦਰ ਹੈਗਾ ਅੰਮ੍ਰਿਤ ਦਾ ਪਿਆਲਾ –

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ*
*ਮਨਮੁਖਾ ਸਾਦੁ ਨ ਪਾਇਆ ॥ ਅੰਗ- ੬੪੪*

ਉਹ ਅੰਮ੍ਰਿਤ ਕੀ ਹੈ, ਮਹਾਰਾਜ ਕਹਿੰਦੇ –

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ – ੫੩੮*

ਗੁਰੂ ਦੀ ਮੱਤ ਧਾਰਨ ਕਰਕੇ ਅੰਦਰਲੇ ਅੰਮ੍ਰਿਤ ਤੱਕ ਅਸੀਂ ਪਹੁੰਚ ਸਕਦੇ ਹਾਂ। ਜੇ ਪਹੁੰਚੇ ਫੇਰ ਕੀ ਹੋਏਗਾ –

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ- ੫੩੮*

ਇਹ ਗੁਰੂ ਗ੍ਰੰਥ ਸਾਹਿਬ ਦਾ ਵਾਕ ਹੈ, ਇਹਨੂੰ ਕੋਈ ਬਦਲ ਨਹੀਂ ਸਕਦਾ। ਲਿਖਾਰੀ ਕੁਛ ਲਿਖੀ ਜਾਣ। ਅਸੀਂ ਤਾਂ ਗੁਰੂ ਮਹਾਰਾਜ ਦੇ ਬਚਨਾਂ ਨਾਲ ਜਾਣਾ ਹੈ। ਮਹਾਰਾਜ ਕਹਿੰਦੇ, ਦੋ ਕੰਮ ਕਰਦੈ। ਇਹ ਸੰਸਾਰ ਹਉਮੈ ਕਰਕੇ ਵੱਖਰਾ ਨਜ਼ਰ ਆਉਂਦਾ ਹੈ, ਜੇ ਹਉਮੈ ਦਾ ਪੜਦਾ ਲਹਿ ਜਾਵੇ, ਫੇਰ ਇਹ ਸਾਰਾ ਹੀ ਪ੍ਰਮੇਸ਼ਰ ਦਾ ਰੂਪ ਨਜ਼ਰ ਆਉਣ ਲਗ ਜਾਂਦਾ ਹੈ।

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ – ੯੨੨*

ਕਿਉਂਕਿ ਲਹਿ ਗਿਆ ਮੂਹਰਿਓਂ ਮੋਤੀਆਂ ਬਿੰਦ, ਜਦੋਂ ਮੋਤੀਆ ਆਉਂਦੈ, ਉਸ ਵੇਲੇ ਦਿਸਦਾ ਹੀ ਨਹੀਂ ਕੁਛ। ਸਾਰੇ ਕਹੀ ਜਾਣਗੇ ਫਲਾਣੀ ਚੀਜ਼ ਹੈ, ਫਲਾਣੀ ਚੀਜ਼ ਹੈ, ਉਹਨੂੰ ਦਿਸਦਾ ਹੀ ਨਹੀਂ। ਜਦੋਂ ਡਾਕਟਰ ਨੇ ਪੜਦਾ ਲਾਹ ਦਿਤਾ, ਉਸੇ ਵੇਲੇ ਦਿਸਣ ਲਗ ਜਾਂਦਾ ਹੈ। ਜਦੋਂ ਗੁਰੂ ਡਾਕਟਰ ਨੇ ਬ੍ਰਹਮਗਿਆਨ ਦੀ ਦਵਾਈ ਪਾ

ਦਿਤੀ, ਉਸ ਵੇਲੇ ਮੋਤੀਆ ਬਿੰਦ ਜਿਹੜਾ ਵੱਖਰਾ-ਵੱਖਰਾ ਦੇਖਣਾ ਹੈ, ਉਹ ਲਹਿ ਜਾਂਦੈ। ਫੇਰ ਕੀ ਦੇਖਦਾ ਹੈ, ਫੇਰ ਇੱਕੋ ਹੀ ਦੇਖਦਾ ਹੈ -

*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥*

*ਅੰਗ- ੯੨੨*

ਹੁਣ ਅਸੀਂ ਤਾਂ ਅੰਨ੍ਹੇ ਨੇਤਰਾਂ ਵਾਲੇ ਹੀ ਬੈਠੇ ਹਾਂ ਸਾਰੇ। ਜਦੋਂ ਦਿਬ ਦ੍ਰਿਸ਼ਟ ਹੋ ਗਈ ਇਥੇ ਵਾਹਿਗੁਰੂ ਦੇ ਹੀ ਹੁਲਾਰੇ ਆਉਣਗੇ ਸਾਰਿਆਂ ਨੂੰ। ਦੂਸਰਾ ਨਹੀਂ ਇਥੇ ਨਜ਼ਰ ਆਉਂਦਾ। ਸੋ ਅੰਮ੍ਰਿਤ ਜਿਹੜਾ ਸੀਗਾ, ਗੁਰੂ ਦਸਵੇਂ ਪਾਤਸ਼ਾਹ ਨੇ ਕੇਵਲ ਅੰਮ੍ਰਿਤ ਨਹੀਂ ਸੀ ਛਕਾਇਆ ਕਿ ਪੰਜ ਘੁੱਟਾਂ ਪਿਲਾ ਦਿਤੀਆਂ, ਉਹ ਤਾਂ ਇਕ ਕਿਰਿਆ ਸੀ। ਉਹ ਬਾਹਰੋਂ ਸੰਚਾਰ ਕੀਤਾ ਸੀ। ਵਾਹਿਗੁਰੂ ਮੰਤਰ ਦਿਤਾ। ਉਹਦੇ ਨਾਲ ਉਨ੍ਹਾਂ ਨੇ ਜਿਹੜੇ ਅਗਲੇ ਬਚਨ ਕਹੇ ਉਹ ਘੱਟ ਹੀ ਲਿਖੇ ਹੋਏ ਨੇ, ਉਹ ਮਹਾਂਪੁਰਸ਼ਾਂ ਰਾਹੀਂ ਸੀਨੇ-ਬਸੀਨੇ ਆਉਂਦੇ ਨੇ। ਉਸ ਵੇਲੇ ਬ੍ਰਹਮ ਗਿਆਨ ਦੇ ਦਿਤਾ ਅਤੇ ਉਸ ਦਾ ਜੀਵ ਭਾਵ ਖਤਮ ਕਰਕੇ, ਆਤਮ ਭਾਵ 'ਚ ਲੈ ਗਏ, ਵਾਹਿਗੁਰੂ ਬਣਾ ਦਿਤਾ ਉਹਨੂੰ। ਜਦੋਂ ਉਹ ਹੁਣ ਪੰਜ ਵਾਹਿਗੁਰੂ ਹੋ ਗਏ, ਹੁਣ ਪਰਮਾਣੀਕ ਸਬੂਤ ਚਾਹੀਦਾ ਸੀ। ਸਬੂਤ ਗੁਰੂ ਮਹਾਰਾਜ ਜੀ ਕਹਿੰਦੇ ਕਿ ਇਨ੍ਹਾਂ ਦੇ ਹੱਥੋਂ ਮੈਂ ਛਕਦਾਂ ਹਾਂ, ਹੁਣ ਤਾਂ ਇਹ ਵਾਹਿਗੁਰੂ ਦਾ ਰੂਪ ਹੋ ਗਏ ਪੰਜੋ। ਇਨ੍ਹਾਂ ਨੂੰ ਤੇ ਮੈਨੂੰ ਦੋਹਾਂ ਨੂੰ ਆਪਸ ਵਿਚ ਵੱਖਰੇ-ਵੱਖਰੇ ਨਾ ਜਾਣਿਓਂ, ਇਹ ਮੇਰਾ ਹੀ ਰੂਪ ਨੇ ਸਾਰੇ। ਉੱਚੀ ਕਿਹਾ ਮਹਾਰਾਜ ਨੇ ਕਿ ਸਾਧਸੰਗਤ ਜੀ! ਸੁਣੋ। ਇਹ ਜਿਹੜੇ ਪੰਜ ਨੇ, ਜੋ ਗੁਰੂ 'ਚ ਤਾਕਤ ਹੈ, ਇਨ੍ਹਾਂ ਪੰਜਾਂ 'ਚ ਉਹ ਤਾਕਤ ਹੈ। ਇਹ ਮੇਰਾ ਰੂਪ ਬਣ ਚੁੱਕੇ ਨੇ ਤੇ ਬ੍ਰਹਮਗਿਆਨ ਦੀ ਅਵਸਥਾ ਇਨ੍ਹਾਂ ਨੂੰ ਪ੍ਰਾਪਤ ਹੋ ਚੁੱਕੀ ਹੈ। ਹੁਣ ਇਹ ਪ੍ਰਮੇਸ਼ਰ ਰੂਪ ਦੇ ਵਿਚ ਨੇ। ਅਸੀਂ ਇਨ੍ਹਾਂ ਦੇ ਹੱਥੋਂ ਅੰਮ੍ਰਿਤ ਛਕਾਂਗੇ, ਫੇਰ ਮਹਾਰਾਜ ਨੇ ਉਨ੍ਹਾਂ ਤੋਂ ਅੰਮ੍ਰਿਤੁ ਮੰਗਿਆ ਕਿ ਹੁਣ ਮੈਨੂੰ ਛਕਾਓ। ਉਹ ਸਾਡਾ ਜਿਹੜਾ ਭਰਮ ਸੀ ਉਹਨੂੰ ਲਾਹੁਣ ਵਾਸਤੇ ਗੁਰੂ ਮਹਾਰਾਜ ਨੇ - 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'। ਸੋ ਇਸ ਤਰ੍ਹਾਂ ਦੇ ਨਾਲ ਇਕ ਐਸੀ ਚੀਜ਼ ਲਿਆ ਦਿਤੀ, ਪਹਿਲਾਂ ਨਾ ਤਪ ਕਰਨ ਦੀ ਲੋੜ, ਨਾ ਜਪ ਕਰਨ ਦੀ ਲੋੜ, ਉਹਦੇ ਤਾਂ ਹੁਣ ਪੰਜ ਪਿਆਰਿਆਂ ਦੀ ਹੈ ਚੋਣ ਕਿ ਜਿਹੜਾ ਆ ਰਿਹੈ, ਕੀ ਅਧਿਕਾਰੀ ਹੈ। ਜਿਹੜਾ ਕਿਸੇ ਦੇ ਕਹੇ ਕਹਾਏ ਤੇ ਅੰਮ੍ਰਿਤ ਛਕਣ ਜਾ ਰਿਹੈ, ਉਹ ਤਾਂ ਅੰਮ੍ਰਿਤ ਨਾ ਛਕੇ, ਉਹ ਚੰਗਾ ਹੈ। ਕਿਉਂਕਿ ਉਹਨੇ ਬੇਮੁਖ ਹੋ ਜਾਣੈ, ਬੇਮੁਖੀ ਦਾ ਹੋਰ ਦੋਸ਼ ਲਗਣੈ। ਪਹਿਲਾਂ ਆਪਣੇ ਆਪ ਨੂੰ ਤਿਆਰ ਕਰੇ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਨੂੰ ਮੈਂ ਦੇਖਿਆ, ਜਦ ਕਿਸੇ ਨੇ ਕਹਿਣਾ ਕਿ ਜੀ ਮੈਨੂੰ ਅੰਮ੍ਰਿਤ ਛਕਾ ਦਿਓ, ਕਹਿਣਾ ਛੇ ਮਹੀਨੇ ਤੂੰ ਮੂਲਮੰਤ੍ਰ ਦੀਆਂ ਮਾਲਾ ਕਰ, 33 ਰੋਜ਼ ਦੀਆਂ। ਸਵਾ ਮਹੀਨੇ 'ਚ ਸਵਾ ਲੱਖ ਹੋ ਜਾਇਆ ਕਰਦੀ ਹੈ। ਉਹ ਛੇ ਮਹੀਨੇ ਕਰਾਈ ਜਾਣੀਆਂ। ਉਸ ਤੋਂ ਬਾਅਦ ਉਹਦੀ ਬਿਰਤੀ ਦੇਖਣੀ ਕਿ ਇਹਦੀ ਬਿਰਤੀ ਅੰਮ੍ਰਿਤ ਨੂੰ ਸਾਂਭ ਲਏਗੀ। ਇਹਦੀ ਝੋਲੀ ਦੇ ਵਿਚ ਪ੍ਰਮੇਸ਼ਰ ਦਾ 'ਨਾਮ' ਪੈਣੈ। ਕੀ ਇਹ ਜਪ ਵੀ ਲਏਗਾ? ਫੇਰ ਅੰਮ੍ਰਿਤ ਛਕਾਉਂਦੇ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਸਿਰਫ 101 ਬੰਦੇ ਨੂੰ ਇਸ ਰਸਤੇ ਪਾਇਆ। ਅਰ ਉਹ 101 ਹੀ ਬ੍ਰਹਮਗਿਆਨੀ ਹੋਇਆ।

ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਜੀ ਦਾ ਜਿਹੜਾ ਅੰਮ੍ਰਿਤ ਸੀ, ਉਹ ਬ੍ਰਹਮਗਿਆਨ ਤਕ ਲੈ ਜਾਂਦਾ ਸੀ। ਦੂਜਾ ਨਹੀਂ ਸੀ ਉਥੇ ਰਹਿੰਦਾ। ਉਸ ਤੋਂ ਬਾਅਦ ਗੁਰੂ ਮਹਾਰਾਜ ਨੇ ਕਿਹਾ ਕਿ ਤੁਸੀਂ ਜਿਹੜਾ ਜਾਪ ਕਰਨਾ ਹੈ, ਉਹਦੇ ਬਾਰੇ ਪਹਿਲਾਂ ਸਮਝ ਲਓ। ਉਹ ਇਹ ਹੈ ਉਹਦੇ ਬਹੁਤ ਤਰੀਕੇ ਨੇ। ਪਹਿਲਾਂ ਮਾਲਾ ਦੀ ਮਦਦ ਦੇ ਨਾਲ ਵਾਹਿਗੁਰੂ-ਵਾਹਿਗੁਰੂ ਕਰਨਾ ਪੈਂਦੈ। ਉਸ ਤੋਂ ਬਾਅਦ ਸਵਾਸ ਨਾਲ ਹੋਣਾ ਸ਼ੁਰੂ ਹੋ ਜਾਂਦੈ। ਸਵਾਸ ਦੇ ਦੋ ਹਿੱਸੇ ਕਰ ਲਓ। 'ਵਾਹਿ' ਅੰਦਰ ਨੂੰ ਕਰ ਲਓ, 'ਗੁਰੂ' ਬਾਹਰ ਨੂੰ ਕਰ ਲਓ। 'ਰਤਵਾੜਾ ਸਾਹਿਬ' ਸਮਾਗਮ ਦੌਰਾਨ ਆਖਰੀ ਦਿਨ ਮੈਂ ਦਸ ਦਿੰਦਾ ਹੁੰਦਾ ਕਿ ਤੁਸੀਂ ਇਹ ਤਰੀਕਾ ਅਪਣਾਅ ਲਓ, ਇਹਦੇ ਨਾਲ ਤੁਹਾਡੀ ਬਿਰਤੀ ਟਿਕਣ ਲਗ ਜਾਏਗੀ।

'ਵਾਹਿ.....................ਗੁਰੂ।'

'ਵਾਹਿ.....................ਗੁਰੂ।'

'ਵਾਹਿ.....................ਗੁਰੂ।'

'ਵਾਹਿ.....................ਗੁਰੂ।'

'ਵਾਹਿ.....................ਗੁਰੂ।'

ਇਸੇ ਅਵਾਜ਼ ਨੂੰ ਦੋ ਮਿੰਟ ਅੰਦਰ ਸੁਣੋ। ਇਸ ਤਰ੍ਹਾਂ ਦੇ ਨਾਲ ਸਵਾਸ ਦਾ ਨਾਮ ਹੋਇਆ ਕਰਦਾ ਹੈ। ਚੁੱਪ ਕਰਕੇ, ਨਾ ਕਿਸੇ ਨੂੰ ਪਤਾ ਲਗਦਾ, ਨਾ ਜੀਭ ਹਿੱਲੇ, ਨਾ ਕੁਛ ਹੋਰ ਹੋਵੇ, ਸਿਰਫ ਸੁਣਨਾ ਹੀ ਹੈ। ਇਹਦੇ ਨਾਲ ਕੀ ਹੋਏਗਾ? ਇਕ ਚੀਜ਼ ਦਾ ਧਿਆਨ

ਰੱਖਣਾ ਪੈਂਦਾ ਹੈ। ਮਨ ਜਿਹੜਾ ਹੈ ਨਾ ਛੇਤੀ ਚਲਿਆ ਜਾਂਦਾ ਹੈ ਬਾਹਰ, ਛਾਲ ਮਾਰਦਾ ਹੈ। ਜਾਂ ਤਾਂ ਕੋਈ ਟੇਪ ਲੈ ਲਓ, ਜਾਂ ਫੇਰ ਆਪ ਹੀ ਬੋਲ ਲਈਦੈ, ਪੰਜ ਕੁ ਮਿੰਟ ਬਾਅਦ ਫੇਰ ਕਹਿ ਦਿਓ, ਦੋ ਤਿੰਨ ਵਾਰ ਫੇਰ ਕਹਿ ਲਓ। ਜਦੋਂ ਕਹਿਣ ਦੀ ਆਦਤ ਪੈ ਗਈ, ਅੰਦਰ ਸੁਣਨਾ ਸ਼ੁਰੂ ਕਰ ਦਿਤਾ। ਫੇਰ ਅਗਾਂਹਾਂ ਦੀਆਂ ਅਵਸਥਾਵਾਂ ਆਪੇ ਹੀ ਆ ਜਾਇਆ ਕਰਦੀਆਂ ਨੇ। ਉਹ ਬਹੁਤ ਕਮਾਲ ਦੀਆਂ ਨੇ। ਆਦਮੀ ਝੂੰਮਣ ਲਗ ਜਾਂਦਾ ਹੈ ਆਪੇ ਹੀ, ਐਸੀ ਚੀਜ਼ ਆਉਂਦੀ ਹੈ। ਉਹਦੇ 'ਚ ਇਕ ਚੀਜ਼ ਮਹਾਰਾਜ ਨੇ ਕਹੀ ਹੈ ਕਿ ਇਕੱਲਾ ਅੱਖਰ ਨਾ ਤੁਸੀਂ ਬੋਲਿਓ -

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*

*ਅੰਗ - ੪੯੧*

ਉਹ ਇਹ ਹੈ ਕਿ ਨਿਸ਼ਚੇ ਵਿਚ ਆਓ ਕਿ ਵਾਹਿਗੁਰੂ ਇਥੇ ਸਾਰੇ ਪਰੀਪੂਰਨ ਹੈ, ਸਾਨੂੰ ਦਿਸਦਾ ਨਹੀਂ ਹੈ। ਦਿਸਦਾ ਤਾਂ ਬਹੁਤ ਕੁਛ ਨਹੀਂ, ਆਕਸੀਜਨ ਦਿਸਦੀ ਹੈ? ਆਕਸੀਜਨ ਦੇ ਸਹਾਰੇ ਅਸੀਂ ਜੀਉਂਦੇ ਹਾਂ। ਆਹ ਬ੍ਰਹਿਮੰਡ ਵਾਹਿਗੁਰੂ ਦੇ ਕਰਕੇ ਹੀ ਜੀਉਂਦਾ ਹੈ, ਨਹੀਂ ਤਾਂ ਇਹ ਸਾਰਾ ਹੀ ਖਤਮ ਹੋ ਜਾਏ। ਉਹ ਵਾਹਿਗੁਰੂ ਪਰੀਪੂਰਨ ਹੈ -

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*

*ਅਕਾਲ ਉਸਤਤਿ*

ਚਲੋ ਜੇ ਉਹ ਅੱਖਾਂ ਸਾਨੂੰ ਮਿਲੀਆਂ ਨਹੀਂ, ਇਨ੍ਹਾਂ ਅੱਖਾਂ ਨਾਲ ਦਿਸਦਾ ਨਹੀਂ, ਨਿਸ਼ਚਾ ਤਾਂ ਕਰ ਲਈਏ ਕਿ ਵਾਹਿਗੁਰੂ ਹੈ। ਉਹ ਜਦੋਂ ਵਾਹਿਗੁਰੂ ਕਹਿਣਾ ਹੈ, ਉਹ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਹਿਣੈ -

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*

*ਅੰਗ - ੬੧੨*

ਮੈਨੂੰ ਦੇਖਦਾ ਵੀ ਹੈ, ਮੇਰੀਆਂ ਗੱਲਾਂ ਸੁਣਦਾ ਵੀ ਹੈ, ਮੇਰੇ ਨਾਲ ਰਹਿੰਦਾ ਹੈ, ਪਰ ਮੈਂ ਕਮਲਾ ਉਹਨੂੰ ਦੂਰ ਜਾਣਦਾ ਹਾਂ ਕਿ ਦੂਰ ਹੈ। ਜਦੋਂ ਇਹ ਨਾਮ ਜਪਣਾ ਹੈ, ਇਹਦਾ ਮਤਲਬ ਇਹ ਹੈ ਕਿ ਅਸੀਂ ਭੁੱਲ ਦੂਰ ਕਰਨੀ ਹੈ, ਜਿਹੜੀ ਖਾਈ ਪਈ ਹੋਈ ਹੈ ਭੁੱਲ ਦੀ। ਇਹਦੇ ਉਤੇ ਪੁਲ ਬਣਾ ਰਹੇ ਹਾਂ ਅਸੀਂ 'ਯਾਦ' ਦਾ। ਉਸ ਵੇਲੇ ਉਹਨੂੰ ਯਾਦ ਰੱਖੋ, ਸੁੱਕਾ ਹੀ 'ਵਾਹਿਗੁਰੂ-ਵਾਹਿਗੁਰੂ' ਨਾ ਕਹੋ। ਇਹਦਾ ਫਲ ਬੜਾ ਧੀਰਜ ਵਾਲਾ ਹੈ। ਜਿਹੜਾ ਮੈਂ ਦੱਸਿਆ ਹੈ, ਇਹ ਇਕ ਵਾਰੀ ਕਹਿ ਲਓ ਤੇ ਜਿਹੜਾ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਹਿਣਾ ਹੈ, ਇਹ ਸੌ ਵਾਰੀ ਕਹਿ ਲਓ, ਇਕੋ ਬਰਾਬਰ ਹੋ ਜਾਇਆ ਕਰਦਾ ਹੈ। ਇਸ ਤੋਂ ਅੱਗੇ ਦੀਆਂ ਫੇਰ ਜੁਗਤੀਆਂ ਨੇ। ਸੰਤ ਮਹਾਰਾਜ ਜੀ ਬਥੇਰਾ ਦਸਦੇ ਹੁੰਦੇ ਸੀ ਦੀਵਾਨਾਂ 'ਚ, ਕਿਸੇ ਦੀ ਸਮਝ 'ਚ ਆਉਂਦਾ ਸੀ, ਕਿਸੇ ਦੇ ਨਹੀਂ ਆਉਂਦਾ ਸੀ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਓ! ਤੁਸੀਂ ਉਸ ਨਿਰੰਕਾਰ ਦਾ ਜਾਪ ਕਰੋ, ਉਹਨੂੰ ਹਾਜ਼ਰ ਨਾਜ਼ਰ ਜਾਣ ਕੇ ਕਰੋ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਜਪੋ ਖਾਲਸਾ, ਤੁਸੀਂ ਜਾਗਦੀ ਜੋਤ ਨੂੰ।*

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਐ ਖਾਲਸਾ ਜੀ! ਤੁਹਾਡੇ ਅੰਦਰ ਪ੍ਰਮੇਸ਼ਰ ਦਾ ਨਾਮ ਪ੍ਰਵੇਸ਼ ਕਰ ਗਿਆ, ਪ੍ਰਗਟ ਹੋ ਗਿਆ ਅੰਦਰੋਂ, ਵਸ ਗਿਆ ਹਿਰਦੇ ਦੇ ਅੰਦਰ -

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥*

*ਅੰਗ- ੬੪੯*

ਇਹ ਐਵੇਂ ਨਹੀਂ ਹੈ ਕਿ ਕੋਈ ਅੱਖਰ ਰਟੀ ਜਾਣੈ, ਇਹਦੇ ਨਾਲ ਤੁਹਾਡੇ 'ਚ ਸਾਰੀਆਂ ਤਾਕਤਾਂ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥* *ਅੰਗ- ੬੧੧*

ਅਰੋਗਤਾ ਆਏਗੀ, ਸਾਰੀਆਂ ਇੱਛਾਂ ਪੂਰੀਆਂ ਹੋ ਜਾਣਗੀਆਂ। ਸੋ ਐਸੀ ਤੁਹਾਨੂੰ ਅਸੀਂ ਚੀਜ਼ ਦਿਤੀ ਹੈ, ਇਹਨੂੰ ਭੁੱਲਣਾ ਨਾ। ਜਿੰਨਾਂ ਚਿਰ ਤੁਸੀਂ 'ਨਾਮ' ਦੇ ਲੜ ਲੱਗੇ ਰਹੋਂਗੇ। ਹੋਰ ਗੱਲਾਂ 'ਚ ਨਹੀਂ ਪਵੋਂਗੇ ਪਿਆਰਿਓ! ਓਨਾਂ ਚਿਰ ਜੋ ਮੇਰਾ ਤੇਜ ਹੈ, ਉਹ ਤੁਹਾਡੇ ਨਾਲ ਰਹੇਗਾ।

*ਧਾਰਨਾ - ਦਿਤਾ ਖਾਲਸਾ ਤੈਨੂੰ ਤੇਜ ਆਪਣਾ ਮੈਂ।*

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥* *(ਸਰਬ ਲੋਹ ਗ੍ਰੰਥ 'ਚੋਂ)*

ਜਦੋਂ ਤਕ ਇਹ ਵਾਹਿਗੁਰੂ ਦੇ ਉਤੇ ਵਿਸ਼ਵਾਸ਼ ਕਰੇਗਾ, ਭਜਨ ਬੰਦਗੀ ਕਰੇਗਾ, ਉੱਚਾ ਚਰਿੱਤਰ ਰੱਖੇਗਾ, ਪ੍ਰਮੇਸ਼ਰ ਨਾਲ ਜੁੜ ਕੇ ਰਹੇਗਾ ਤੇ ਗੁਰਮਤਿ ਦਾ ਧਾਰਨੀ ਰਹੇਗਾ, ਉਸ ਵੇਲੇ ਤੱਕ ਮੇਰਾ ਤੇਜ ਇਹਦੇ ਵਿਚ ਪ੍ਰਵੇਸ਼

ਕਰਿਆ ਰਹੇਗਾ। ਕੋਈ ਕਮੀ ਨਹੀਂ ਹੋਏਗੀ। ਕਿਸੇ ਥਾਂ ਤੋਂ ਇਹ ਥੁੜ੍ਹੇਗਾ ਨਹੀਂ -

*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥* *(ਸਰਬ ਲੋਹ ਗ੍ਰੰਥ 'ਚੋਂ)*

ਜਦੋਂ ਇਹ ਫੇਰ ਮੜ੍ਹੀਆਂ ਮਸਾਣੀਆਂ ਨੂੰ ਮੱਥੇ ਟੇਕਣ ਲਗ ਗਿਆ, ਸੂਰਜ ਚੰਦ ਨੂੰ ਟੇਕਣ ਲੱਗ ਗਿਆ, ਹੋਰ-ਹੋਰ ਕੋਈ ਕਰਮ-ਕਾਂਡਾਂ 'ਚ ਪੈ ਗਿਆ, ਫੇਰ ਇਹ ਮੇਰੇ 'ਚੋਂ ਨਿਕਲ ਗਿਆ, ਫੇਰ ਮੈਂ ਇਹਦੀ ਪਰਤੀਤ ਨਹੀਂ ਕਰਨੀ। ਖਾਲਸਾ ਉਹ ਹੈ ਜਿਹੜਾ ਹਰ ਵਕਤ ਪ੍ਰਮੇਸ਼ਰ ਨਾਲ ਜੁੜਿਆ ਰਹਿੰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਬੜੇ ਹੀ ਉੱਤਮ ਉਪਦੇਸ਼ ਦਿਤੇ। ਹਰ ਥਾਂ ਦੇ ਉਤੇ ਮਹਾਰਾਜ ਜੀ ਨੇ ਸਾਨੂੰ ਸਾਵਧਾਨ ਕਰਿਆ।

ਇਕ ਦਿਨ ਬਹੁਤ ਵੱਡਾ ਸ਼ੇਰ ਮਾਰ ਕੇ ਲਿਆਂਦਾ। ਮਹਾਰਾਜ ਕਹਿੰਦੇ, ਇਹਦੀ ਖਲ ਜ਼ਰਾ ਬੜੀ ਸਾਂਭ ਕੇ ਲਾਹਿਓ। ਉਹਨਾਂ ਦੀਆਂ ਹਦਾਇਤਾਂ ਦੇ ਮੁਤਾਬਿਕ ਲਾਹੀ ਤੇ ਕਿਹਾ ਭਾਈ ਬਚਿੱਤਰ ਸਿੰਘ ਨੂੰ ਕਿ ਇਕ ਗਧਾ ਫੜ ਕੇ ਉਹਦੇ ਉਤੇ ਚਾੜ੍ਹ ਦਿਉ। ਖੱਲ੍ਹ ਉਹਦੇ ਉਤੇ ਚਾੜ੍ਹ ਦਿਤੀ, ਚੰਗਾ ਪਲਿਆ ਹੋਇਆ ਗਧਾ ਸੀ। ਖੇਤਾਂ 'ਚ ਛੱਡ ਦਿਤਾ, ਹੁਣ ਮੌਜ ਬਣ ਗਈ ਉਹਨੂੰ। ਨਾ ਉਹਦੇ ਕੋਈ ਨੇੜੇ ਜਾਵੇ, ਨਾ ਉਹ ਘਰ ਜਾਵੇ, ਉਥੇ ਫਸਲਾਂ ਖਾਈ ਜਾਂਦਾ ਸੀ।

ਗੁਰੂ ਮਹਾਰਾਜ ਕੋਲ ਆਏ ਲੋਕ ਕਿ ਮਹਾਰਾਜ! ਖੇਤਾਂ 'ਚ ਜਾਣਾ ਹੀ ਬੰਦ ਹੋ ਗਿਆ ਸਾਨੂੰ ਤਾਂ, ਉਥੇ ਤਾਂ ਸ਼ੇਰ ਫਿਰਦੈ ਬਹੁਤ ਵੱਡਾ। ਮਹਾਰਾਜ ਕਹਿੰਦੇ, ਇਕੱਠੇ ਹੋ ਕੇ ਮਾਰ ਲਓ। ਕਹਿੰਦੇ, ਸੱਚੇ ਪਾਤਸ਼ਾਹ! ਐਡੇ ਸ਼ੇਰ ਦੇ ਅੱਗੇ ਤਾਂ ਜਾਣਾ ਹੀ ਔਖਾ ਹੈ। ਜਿਹਦੇ 'ਤੇ ਕੁੱਦ ਗਿਆ, ਉਹ ਤਾਂ ਫੇਰ ਹੈ ਨਹੀਂ ਬੰਦਾ। ਫੇਰ ਉਹ ਇਹੋ ਜਿਹਾ ਜਾਨਵਰ ਹੈ, ਉਹ ਛੇਤੀ-ਛੇਤੀ ਕਾਬੂ ਵੀ ਨਹੀਂ ਆਉਂਦਾ ਕਿ ਡੰਡਾ ਵੀ ਖਾ ਲਵੇ। ਆਪ ਹੀ ਕ੍ਰਿਪਾ ਕਰੋ। ਮਹਾਰਾਜ ਕਹਿੰਦੇ, ਕੋਈ ਗੱਲ ਨਹੀਂ। ਥੋੜ੍ਹੇ ਦਿਨਾਂ ਤੋਂ ਬਾਅਦ ਉਹ ਜਿਹੜਾ ਘੁਮਿਆਰ ਸੀ, ਜਿਹਦਾ ਗਧਾ ਖੋਇਆ ਸੀ, ਉਹ ਆਪਣੇ ਗਧੇ ਲੈ ਕੇ ਓਧਰ ਨੂੰ ਚੱਲ ਪਿਆ, ਖਾਂਦਾ-ਖਾਂਦਾ ਉਹ ਵੀ ਨੇੜੇ ਨੂੰ ਆ ਗਿਆ। ਗਧਿਆਂ ਨੂੰ ਪਤਾ ਲੱਗ ਗਿਆ ਕਿ ਇਹ ਤਾਂ ਸਾਡਾ ਹੀ ਭਾਈ ਹੈ। ਉਹ ਬੋਲਣ ਲੱਗ ਗਏ ਹਿਚਕੂੰ-ਹਿਚਕੂੰ। ਉਹ ਵੀ ਲੱਗ ਗਿਆ ਇੰਵ ਹੀ ਕਰਨ। ਘੁਮਿਆਰ ਨੇ ਦੇਖਿਆ ਇਹ ਤਾਂ ਮੇਰਾ ਹੀ ਗਧਾ ਹੈ ਜਿਹੜਾ ਗੁਆਚਿਆ ਹੈ। ਜਾ ਕੇ, ਬੇਫਿਕਰ ਹੋ ਕੇ ਕੰਨ ਤੋਂ ਫੜ ਲਿਆ। ਪੰਜ-ਸੱਤ ਡੰਡੇ ਮਾਰੇ, ਕਹਿੰਦਾ, ਫਸਲਾਂ ਖਾ-ਖਾ ਤਕੜਾ ਹੋ ਗਿਆ, ਮਹਾਰਾਜ ਕੋਲ ਖੱਲ੍ਹ ਲਾਹ ਕੇ, ਲਿਆ ਕੇ ਦੇ ਦਿਤੀ ਕਿ ਉਨ੍ਹਾਂ ਦਾ ਹੀ ਕੌਤਕ ਹੈ ਕੋਈ। ਬੜਾ ਹੀ ਹਾਸਾ ਪਿਆ।

ਉਹ ਕਹਿੰਦੇ, ਸੱਚੇ ਪਾਤਸ਼ਾਹ! ਇਹ ਕੀ ਕੌਤਕ ਹੋਇਆ। ਮਹਾਰਾਜ ਕਹਿੰਦੇ, ਦੇਖੋ, ਅਸੀਂ ਤੁਹਾਨੂੰ ਨਿਰਭੈ ਬਣਾਇਐ, ਪ੍ਰਮੇਸ਼ਰ ਤੁਹਾਡੇ ਹਰ ਵਕਤ ਤੁਹਾਡੇ ਅੰਦਰ ਵਸਾਇਐ, ਜਿਹੜਾ ਨਿਰਭਉ ਹੈ। ਤੁਸੀਂ ਸੱਚ ਦੇ ਉਤੇ ਜੀਵਨ ਗੁਜ਼ਾਰਨੈ, ਡਰਨਾ ਨਹੀਂ ਕਿਸੇ ਤੋਂ। ਪਰ ਪਿਆਰਿਓ! ਹੈ ਤਾਂ ਗਧਾ, ਪਰ ਉਤੇ ਚਾੜ੍ਹੀ ਹੋਈ ਖੱਲ੍ਹ, ਕਾਫੀ ਦਿਨ ਪਰੇਸ਼ਾਨ ਰਹੇ ਸਾਰੇ। ਜੇ ਨਾ ਬੋਲਦਾ ਬੋਲੀ, ਆਪਣੇ ਭਾਈਆਂ ਵਾਲੀ, ਕਹਿੰਦੇ ਅਜੇ ਵੀ ਇਹਦਾ ਪਤਾ ਨਹੀਂ ਸੀ ਲੱਗਣਾ। ਦਹਿਸ਼ਤ ਹੋਈ ਪਈ ਸੀ ਸਾਰਿਆਂ ਨੂੰ। ਕਹਿੰਦੇ, ਜਿਸ ਵਕਤ ਤੁਹਾਡੇ ਵਿਚੋਂ ਖਾਲਸਾਪੁਣ ਨਿਕਲ ਜਾਏਗਾ, ਕੇਵਲ ਸ਼ਕਲ ਸੂਰਤ ਰਹਿ ਜਾਏਗੀ ਕਿ ਆਹ ਸਿੱਖ ਹੈ ਜੀ, ਇਹੋ ਜਿਹਾ ਹੋਣਾ ਚਾਹੀਦਾ ਹੈ ਜੀ, ਉਤਲੇ-ਉਤਲੇ ਭੇਖ ਵਿਚ ਆ ਜਾਓਂਗੇ, ਉਦੋਂ ਅੰਦਰਲੇ ਪਾਸੇ ਵਾਲਾ ਜੀਵਨ ਖਤਮ ਹੋ ਜਾਏਗਾ। ਉਸ ਵੇਲੇ ਤੁਹਾਡੇ 'ਤੇ ਹੱਲਾ ਹੋ ਜਾਏਗਾ, ਕ੍ਰੋਧ ਦਾ ਵੀ, ਲੋਭ ਦਾ ਵੀ, ਕਾਮ ਦਾ ਵੀ, ਵੈਰ ਭਾਵ ਦਾ, ਸਭ ਕੁਛ ਜਾਂਦਾ ਰਹੇਗਾ। ਤੁਹਾਡਾ ਫੇਰ ਇਤਬਾਰ ਨਹੀਂ ਰਹਿਣਾ ਕਿਸੇ ਨੂੰ ਤੇ ਏਸ ਕੌਤਕ ਦੇ ਨਾਲ ਅਸੀਂ ਤੁਹਾਨੂੰ ਸਦਾ ਹੀ ਚੜ੍ਹਦੀ ਕਲਾ ਵਾਲਾ ਬਣਾ ਕੇ ਰੱਖਣਾ ਹੈ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੇ ਬਹੁਤ ਗੱਲਾਂ ਸਮਝਾਈਆਂ, ਬੜੇ ਯੁੱਧ ਹੋਏ। ਸਾਰੇ ਸੁਣਦੇ ਰਹਿੰਦੇ ਹਾਂ ਆਪਾਂ। ਇਕ ਬੜਾ ਭਾਰੀ ਭੁਲੇਖਾ ਪਿਆ ਹੋਇਆ ਹੈ, ਉਹ ਭੁਲੇਖਾ ਇਹ ਹੈ ਕਿ ਇਤਿਹਾਸ 'ਚ ਆਉਂਦੈ, ਸ਼ਾਇਦ ਸੂਰਜ ਪ੍ਰਕਾਸ਼ ਵਿਚ ਵੀ ਹੋਵੇ, ਮੈਂ ਕਿੰਨੇ ਹੀ ਇਤਿਹਾਸ ਪੜ੍ਹੇ ਨੇ, ਇਹਦੇ 'ਚ ਵੀ ਲਿਖਿਆ ਹੈ। ਜਿਸ ਵਕਤ ਉਨ੍ਹਾਂ ਨੇ ਹਮਲਾ ਕਰ ਦਿਤਾ ਕਸਮਾਂ ਤੋੜ ਕੇ ਪਹਾੜੀਆਂ ਨੇ ਤੇ ਮੁਗਲਾਂ ਨੇ, ਉਸ ਵੇਲੇ ਭੀਮ ਚੰਦ ਦੀ ਵੀ ਫੌਜ ਸੀ, ਸਾਰਿਆਂ ਪਹਾੜੀਆਂ ਦੀ ਫੌਜ ਸੀ ਜਿਨ੍ਹਾਂ ਨੇ ਗੁਰੂ ਸਾਹਿਬ ਤੇ ਹੱਲਾ ਕਰਿਆ। ਉਸ ਵੇਲੇ ਸਿੰਘਾਂ ਨੇ ਕਿਹਾ ਸੱਚੇ ਪਾਤਸ਼ਾਹ! ਇਹ ਕੀ ਹੋਇਆ, ਹੱਲਾ ਕਰ ਦਿਤਾ ਇਨ੍ਹਾਂ ਨੇ। ਮਹਾਰਾਜ ਨੇ ਕਿਹਾ ਕਿ ਰਾਜੇ ਦਾ ਕੋਈ ਇਤਬਾਰ ਨਹੀਂ ਹੁੰਦਾ। ਅਹਿਦਨਾਮੇ ਦੋਵੇਂ ਪਾਸੇ ਤਾਕਤਾਂ ਹੋਣ ਤਾਂ ਨਿਭਦਾ ਹੈ, ਜਦੋਂ ਇਕ ਪਾਸੇ ਘਟ ਜਾਂਦੀ ਹੈ, ਅਹਿਦਨਾਮਾ ਟੁੱਟ ਜਾਇਆ ਕਰਦਾ ਹੈ। ਅੰਗਰੇਜ਼ਾਂ ਨੇ ਜਦੋਂ ਤੋੜਿਆ ਉਨ੍ਹਾਂ ਨੂੰ ਪਤਾ ਸੀ ਕਿ ਸਿੱਖ ਪਾਟ ਗਏ ਆਪਸ ਵਿਚ ਕਿ ਇਹਦੇ ਬਾਰੇ ਤਾਂ ਸਰਕਾਰਾਂ ਦੀਆਂ ਚਿੱਠੀਆਂ ਆਉਂਦੀਆਂ ਨੇ ਮੇਰੇ ਕੋਲ ਕਿ ਥੋੜ੍ਹੀ ਜਿਹੀ ਤਾਕਤ ਇਨ੍ਹਾਂ ਦੀ ਘੱਟ ਕਰ ਦਿਓ।

ਉਸ ਵੇਲੇ ਸਾਡੇ ਅਹਿਦਨਾਮੇ ਦਾ ਕੀ ਮਤਲਬ ਰਹਿ ਗਿਆ। ਫੇਰ ਉਹ ਤੋੜ ਕੇ ਲੰਘ ਆਏ ਸਤਿਲੁਜ ਦੀ ਹੱਦ। ਸਿੱਧਾ ਹੀ ਲਾਹੌਰ ਗਿਆ ਦੂਜੀ ਲੜਾਈ 'ਤੇ। ਜਾ ਕੇ ਦਲੀਪ ਸਿੰਘ ਨੂੰ ਲਾਹ ਦਿਤਾ, ਕਿੱਥੇ ਗਈਆਂ ਉਹ ਸਾਰੀਆਂ ਸ਼ਰਤਾਂ। ਮਹਾਰਾਜ ਨੇ ਕਿਹਾ ਕਿ ਰਾਜਸੀ ਜਿਹਦੀ ਸ਼ਕਤੀ ਹੁੰਦੀ ਹੈ, ਉਹਦੇ 'ਚ ਬਚਨ ਨਹੀਂ ਕੋਈ ਵੀ ਮਾਇਨੇ ਰੱਖਿਆ ਕਰਦਾ। ਉਹਦੇ 'ਚ ਹੁੰਦਾ ਹੈ ਦੇਸ਼ ਦਾ ਹਿਤ। ਬਚਨ ਕੋਈ ਲਗਾਮ ਨਹੀਂ ਕਿ ਜਿਹੜੀ ਰੋਕ ਲਏਗੀ ਆਦਮੀ ਨੂੰ। ਲਿਖਿਆ ਹੋਇਆ ਕਾਗਜ਼ ਕੋਈ ਐਟਮ ਬੰਬ ਨਹੀਂ ਕਿ ਜਿਹੜਾ ਲੰਘ ਨਹੀਂ ਹੁੰਦਾ। ਸਮੇਂ ਦੇ ਮੁਤਾਬਿਕ ਉਹਨੇ ਬਦਲ ਜਾਣੈ, ਆਪਣਾ ਸਭ ਕੁਛ ਦੇਖ ਕੇ। ਇਸ ਕਰਕੇ ਕਦੇ ਵੀ ਇਸ ਗੱਲ ਦਾ ਇਤਬਾਰ ਨਾ ਕਰੋ। ਤਾਕਤ ਹੋਏਗੀ ਤਾਂ ਅਹਿਦਨਾਮਾ ਨਿਭਦਾ ਹੈ, ਨਹੀਂ ਹੋਏਗੀ ਤਾਂ ਨਹੀਂ ਨਿਭਦਾ। ਇਸ ਕਰਕੇ ਰਾਜਿਆਂ ਦਾ ਕੋਈ ਇਤਬਾਰ ਨਹੀਂ।

ਹੋਇਆ ਕੀ ਇਹ ਗੱਲ ਚੱਲ ਪਈ ਕਿ ਮੁਸਲਮਾਨ ਦਾ ਕੋਈ ਇਤਬਾਰ ਨਹੀਂ।

ਸਿੱਖੀ ਦੀ ਬੁਨਿਆਦ ਜਿਹੜੀ ਹੈ, ਜੇ ਭਾਈ ਮਰਦਾਨਾ ਗੁਰੂ ਨਾਨਕ ਸਾਹਿਬ ਨਾਲ ਰਬਾਬ ਨਾ ਚੁੱਕਦਾ ਤਾਂ ਕੀ ਬਾਣੀ ਨਹੀਂ ਸੀ ਆਉਣੀ। ਬਾਣੀ ਆ ਜਾਣੀ ਸੀ, ਇਸ ਤਰ੍ਹਾਂ ਨਹੀਂ ਸੀ। ਮਹਾਰਾਜ ਕਹਿੰਦੇ ਸੀ, ਮਰਦਾਨਿਆਂ! ਰਬਾਬ ਸੁਰ ਕਰ ਆਸਾ ਰਾਗ 'ਚ, ਬਾਣੀ ਆ ਰਹੀ ਹੈ। ਸੂਹੀ ਰਾਗ 'ਚ ਸੁਰ ਕਰ, ਬਾਣੀ ਆ ਰਹੀ ਹੈ। ਰਬਾਬ ਮੁਸਲਮਾਨ ਨੇ ਹੀ ਵਜਾਈ, ਸਾਰੀ ਜ਼ਿੰਦਗੀ ਰਿਹਾ ਗੁਰੂ ਨਾਨਕ ਸਾਹਿਬ ਨਾਲ, ਘਰ ਦਾ, ਬੱਚਿਆਂ ਦਾ ਨਹੀਂ ਉਹਨੇ ਧਿਆਨ ਦਿਤਾ। ਫੇਰ ਸਾਥੀ ਕੌਣ ਹੋਇਆ?

ਸਭ ਤੋਂ ਪਹਿਲਾਂ ਗੁਰੂ ਪੈਗੰਬਰ ਐਲਾਨ ਕਰਨ ਵਾਲਾ ਘੜਾਮ ਪੀਰ ਸੀ, ਭੀਖਣ ਸ਼ਾਹ। ਉਹਨੇ ਟੈਸਟ ਲਿਆ ਤੇ ਨਮਾਜ਼ ਓਧਰ ਨੂੰ ਮੂੰਹ ਕਰਕੇ ਪੜ੍ਹੀ। ਕਹਿਣ ਲੱਗਿਆ, ਪੈਗੰਬਰ ਆ ਗਿਆ। ਇਸਲਾਮ ਵਿਚ ਇਹ ਹੈ ਕਿ ਆਖਰੀ ਪੈਗੰਬਰ ਮੁਹੰਮਦ ਸਾਹਿਬ ਤੋਂ ਬਾਅਦ ਹੁਣ ਨਹੀਂ ਆਉਣਾ। ਪਰ ਉਹਨੇ ਕਹਿ ਦਿਤਾ, ਬੰਧਨ ਤੋੜ ਦਿਤੇ, ਸੂਫੀ ਸੀਗਾ। ਉਸ ਤੋਂ ਬਾਅਦ ਘੜਾਮ ਦੇ ਪੀਰ ਨੇ ਸਿਜਦਾ ਕਰਿਆ। ਕਹਿੰਦੇ, ਸਿਜਦਾ ਕਰਦੇ ਓਂ। ਕਹਿੰਦੇ, ਇਹ ਉਥੇ ਦਰਗਾਹ ਦੇ ਵਿਚ ਮੈਨੂੰ ਨਜ਼ਰ ਆ ਰਹੇ ਹਨ। ਇਹ ਤਾਂ ਆਏ ਨੇ ਸੰਸਾਰ ਦਾ ਉਧਾਰ ਕਰਨ। ਜਦ ਬੱਚੇ ਸੀ ਦਸ਼ਮੇਸ਼ ਪਿਤਾ ਜੀ। ਫੇਰ ਗੁਰੂ ਮਹਾਰਾਜ ਦਾ ਜਦੋਂ ਯੁੱਧ ਹੋਇਆ, ਭੰਗਾਣੀ ਦਾ, ਪਾਉਂਟਾ ਸਾਹਿਬ ਕੋਲ ਉਸ ਵੇਲੇ ਹੋਇਆ ਕੀ, ਜਿਹੜਾ ਮਿੱਤਰ ਸੀ ਫਤਿਹ ਸ਼ਾਹ ਗੁਰੂ ਸਾਹਿਬ ਨੇ ਸਵਾ ਲੱਖ ਦਾ ਤੰਬੋਲ ਭੇਜਿਆ ਸੀ, ਸੁਗਾਤਾਂ ਭੇਜੀਆਂ ਸੀ ਉਹਦੀ ਲੜਕੀ ਦੀ ਸ਼ਾਦੀ ਵਾਸਤੇ। ਮਿੱਤਰਤਾ ਕਾਇਮ ਕਰਾਈ ਸੀ ਨਾਹਨ ਵਾਲੇ ਦੀ ਅਰ ਉਹਦੀ। ਘਰ ਦਾ ਬੰਦਾ ਸੀ। ਐਡੇ ਸਬੰਧ ਉਸ ਨਾਲ ਹੁੰਦੇ ਹੋਏ, ਭੀਮ ਚੰਦ ਦੇ ਕਹਿਣ 'ਤੇ ਵਿਗੜਿਆ, ਅਰ ਆ ਕੇ ਮਹਾਰਾਜ 'ਤੇ ਹੱਲਾ ਕਰਿਆ। ਉਸ ਵੇਲੇ ਜਿਹੜੇ ਮਹਾਰਾਜ ਦੀ ਫੌਜ 'ਚ ਪਠਾਣ ਸੀ, ਉਹ ਲਾਲਚ 'ਚ ਆ ਕੇ ਓਧਰ ਹੋ ਗਏ, ਫੇਰ ਨਾਲ ਨਿਭਿਆ ਕੌਣ?

ਪੀਰ ਬੁੱਧੂਸ਼ਾਹ 700 ਮੁਰੀਦ ਲੈ ਕੇ ਆਇਆ। ਅਰ ਗੁਰੂ ਮਹਾਰਾਜ ਨੇ ਦੇਖਿਆ ਕਿ ਇਸ ਵਿੰਗ 'ਤੇ ਕੌਣ ਲੜ ਰਿਹੈ। ਬਹੁਤ ਜ਼ਿਆਦਾ ਇਥੇ ਭਾਜੜ ਪੈ ਰਹੀ ਹੈ। ਸਖਤ ਲੜਾਈ ਹੋ ਰਹੀ ਹੈ। ਉਹ ਕਹਿਣ ਲੱਗੇ ਜੀ, ਪੀਰ ਬੁੱਧੂ ਸ਼ਾਹ 700 ਮੁਰੀਦ ਲੈ ਆਇਆ ਹੈ ਆਪਣੇ।

ਸਰਸਾ ਪਾਰ ਕਰਦੇ ਸਾਰ ਗੁਰੂ ਮਹਾਰਾਜ ਨਿਹੰਗ ਖਾਂ ਦੇ ਕਿਲੇ ਵਿਚ ਆਏ। ਉਥੇ ਆ ਕੇ ਉਹਨੇ ਕਿਹਾ ਕਿ ਮਹਾਰਾਜ ਮੈਂ ਕਿਲੇ ਦੇ ਦਰਵਾਜ਼ੇ ਬੰਦ ਕਰ ਦਿੰਦਾ ਹਾਂ। ਇਥੇ ਰਹੋ। ਮਹਾਰਾਜ ਨੇ ਕਿਹਾ, ਨਹੀਂ ਇਥੇ ਨਹੀਂ ਰਹਿਣਾ। ਭਾਈ ਬਚਿੱਤਰ ਸਿੰਘ ਜ਼ਖਮੀ ਹੋਏ-ਹੋਏ ਨੇ, ਇਹ ਰਾਜ਼ੀ ਹੋ ਗਏ ਤਾਂ ਠੀਕ ਹੈ, ਨਾ ਰਾਜ਼ੀ ਹੋਏ ਭਾਣਾ ਵਰਤ ਗਿਆ ਤਾਂ ਸਸਕਾਰ ਕਰ ਦਿਓ। ਉਸ ਵੇਲੇ ਮਹਾਰਾਜ ਨਿਹੰਗ ਖਾਨ ਦੇ ਕਿਲ੍ਹੇ 'ਚ ਆਏ। ਉਸ ਤੋਂ ਬਾਅਦ ਜਦੋਂ ਮਾਛੀਵਾੜੇ 'ਤੋਂ ਨਿਕਲਦੇ ਨੇ ਤਾਂ ਤਿੰਨ ਤਾਂ ਸੀਗੇ ਪੀਰ ਮੌਲਵੀ ਜਿਨ੍ਹਾਂ ਨੇ ਕਿਹਾ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈਗੇ। ਉਸੇ ਵੇਲੇ ਇਸ ਤੋਂ ਵਧੀਆ ਮੌਕਾ ਉਨ੍ਹਾਂ ਕੋਲ ਕਿਹੜਾ ਸੀ, ਗੁਰੂ ਮਹਾਰਾਜ ਨੂੰ ਗ੍ਰਿਫਤਾਰ ਕਰਾਉਣ ਦਾ। ਪਰ ਨਹੀਂ ਐਸਾ ਉਨ੍ਹਾਂ ਨੇ ਕਰਿਆ। ਦੋ ਚਾਰਪਾਈ ਚੁੱਕਣ ਵਾਲੇ ਸੀ, ਗਨੀ ਖਾਂ ਤੇ ਨਬੀ ਖਾਂ, ਉਸ ਤੋਂ ਬਾਅਦ ਮਹਾਰਾਜ ਗਏ ਰਾਏ ਕੱਲੇ ਕੋਲ। ਉਹ ਵੀ ਮੁਸਲਮਾਨ ਸੀ। ਉਹਨੂੰ ਸਰਹੰਦ ਦੇ ਨਵਾਬ ਦੀ ਚਿੱਠੀ ਆਈ ਕਿ ਇਸ ਵੇਲੇ ਤੋਂ ਚੰਗਾ ਮੌਕਾ ਨਹੀਂ ਮਿਲਣਾ। ਤੂੰ ਹੁਣ ਗੁਰੂ ਗੋਬਿੰਦ ਸਿੰਘ ਜੀ ਨੂੰ ਕੈਦ ਕਰਾ ਦੇ। ਉਹ ਕਹਿਣ ਲੱਗਿਆ, ਨਵਾਬ ਸਾਹਿਬ! ਗੁਰੂ ਗੋਬਿੰਦ ਸਿੰਘ ਮੇਰੇ ਪੀਰ ਨੇ, ਪੀਰਾਂ ਦੇ ਵਾਸਤੇ ਮੁਰੀਦ ਜਿਵੇਂ ਲੜ ਕੇ ਟੁਕੜੇ-ਟੁਕੜੇ ਹੋ ਜਾਂਦੇ ਨੇ, ਜਦ ਤਕ ਮੇਰੀ ਰਿਆਸਤ ਦਾ ਇਕ ਵੀ ਬੰਦਾ ਹੈ, ਉਸ ਵੇਲੇ ਤੱਕ ਇਨ੍ਹਾਂ ਵਲ ਕੋਈ ਬੰਦਾ ਦੇਖ ਨਹੀਂ ਸਕਦਾ। ਇਹ ਮਿੱਤਰਤਾ ਹੀ ਹੋਈ ਉਨ੍ਹਾਂ ਦੀ ਗੁਰੂ ਸਾਹਿਬ ਨਾਲ।

ਗੁਰੂ ਸਾਹਿਬ ਲਿਖਦੇ ਨੇ -

*ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,*

*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*

*ਅਕਾਲ ਉਸਤਤਿ*

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸਵੇਂ ਪਾਤਸ਼ਾਹ ਨੂੰ ਸਮਝਣਾ ਬਹੁਤ ਮੁਸ਼ਕਲ ਹੈ ਜਾਂ ਉਨ੍ਹਾਂ ਦੀ ਬਾਣੀ ਦੇ ਹਿਸਾਬ ਨਾਲ ਪੜ੍ਹੋ। ਜਾਂ ਉਨ੍ਹਾਂ ਕਰਤੱਬਾਂ ਨਾਲ ਪੜ੍ਹੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੇਕ ਲੈ ਕੇ ਜਦੋਂ ਗੁਰੂ ਦਸਵੇਂ ਪਾਤਸ਼ਾਹ ਨੂੰ ਵਾਚਦੇ ਹਾਂ, ਉਸ ਵੇਲੇ ਸਾਡੇ ਅਸਲੀ ਗੱਲ ਸਮਝ 'ਚ ਆਉਂਦੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਕਿਲ੍ਹੇ 'ਚੋਂ ਨਿਕਲ ਜਾਂਦੇ ਨੇ, ਇਥੋਂ ਹੌਲੀ-ਹੌਲੀ ਚਲਦੇ-ਚਲਦੇ ਮਾਲਵੇ 'ਚ ਪਹੁੰਚ ਗਏ। ਮਾਲਵੇ ਵਿਚ ਪਹੁੰਚ ਕੇ ਉਸ ਵੇਲੇ ਇਕ ਦਿਨ ਕੁਝ ਗੱਡੇ ਆਏ ਰਾਸ਼ਨ ਦੇ। ਜਿਨ੍ਹਾਂ ਨੇ ਲਿਆ ਕੇ ਰੱਖੇ, ਜਿਸ ਵਕਤ ਉਹ ਨਮਸ਼ਕਾਰ ਕਰਨ ਆਏ ਉਸ ਵੇਲੇ ਭਾਈ ਰਾਮ ਸਿੰਘ ਤੇ ਭਾਈ ਤਿਲੋਕ ਸਿੰਘ ਉਥੇ ਦੇ ਰਹਿਣ ਵਾਲੇ ਸੀਗੇ। ਜਿਨ੍ਹਾਂ ਨੂੰ ਗੁਰੂ ਸਤਵੇਂ ਪਾਤਸ਼ਾਹ ਨੇ ਵਰ ਦਿਤਾ ਸੀ, ਜਿਸ ਵਕਤ ਲਿਆ ਕੇ ਇਕ ਸਿੰਘ ਨੇ ਦੱਸਿਆ ਕਿ ਇਹ ਉਹ ਨੇ ਜਿਨ੍ਹਾਂ ਨੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਿਆ। ਇਨ੍ਹਾਂ ਨੂੰ ਪੁੱਛੋ, ਸਾਰੀ ਸੰਗਤ ਸੁਣਨਾ ਚਾਹੁੰਦੀ ਹੈ। ਉਸ ਵੇਲੇ ਮਹਾਰਾਜ ਨੇ ਆਵਾਜ਼ ਦਿਤੀ ਕਿ ਭਾਈ ਤਿਲੋਕ ਸਿੰਘ, ਭਾਈ ਰਾਮ ਸਿੰਘ! ਕਿਵੇਂ ਹੋਈ? ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਸਰਹੰਦ ਸੀ, ਜਿਸ ਵਕਤ ਉਥੇ ਯੁੱਧ ਹੋਇਆ, ਚਮਕੌਰ ਸਾਹਿਬ ਦਾ। ਅਸੀਂ ਲੰਗੋਟੀਆਂ ਪਾ ਲਈਆਂ, ਕੇਸ ਖੋਲ੍ਹ ਲਏ, ਇਹਨੇ ਮੇਰੇ ਸਿਰ 'ਚ ਸੁਆਹ ਪਾ ਦਿਤੀ, ਮੈਂ ਇਹਦੇ ਪਾ ਦਿਤੀ। ਜਦੋਂ ਨੇੜੇ ਗਏ ਕਮਲਿਆਂ ਵਾਂਗਣ ਲੱਗ ਗਏ। ਇਕ ਦੂਜੇ ਨਾਲ ਕਦੇ ਲੜ ਪੈਂਦੇ ਸੀ, ਕਦੇ ਘੁਲ ਪੈਂਦੇ ਸੀ। ਕਹਿੰਦੇ, ਉਹ ਵੀ ਢੋਂਦੇ ਸੀਗੇ ਆਪਣੇ ਮੁਰਦਿਆਂ ਨੂੰ, ਅਸੀਂ ਵੀ ਘੜੀਸਣ ਲੱਗ ਗਏ ਨਾਲ ਹੀ। ਨਿਗ੍ਹਾ ਸਾਡੀ ਇਸ ਗੱਲ ਦੇ ਉਤੇ ਸੀ ਕਿ ਸਾਹਿਬਜ਼ਾਦੇ ਨਜ਼ਰ ਆ ਜਾਣ। ਇਕ ਥਾਂ ਅਸੀਂ ਦੇਖਿਆ ਕਿ ਕੁਛ ਸਿੰਘਾਂ ਨੂੰ ਸਸਕਾਰ ਕਰਨ ਦਾ ਯਤਨ ਕੀਤਾ ਗਿਆ, ਲੇਕਿਨ ਵਿਚਾਲੇ ਰਹਿ ਗਏ। ਕਹਿੰਦੇ, ਅਸੀਂ ਨੱਠ-ਨੱਠ ਕੇ ਉਨ੍ਹਾਂ ਦਾ ਕੰਮ ਕਰਦੇ ਰਹੇ। ਉਹ ਕਹਿੰਦੇ, ਆਹ ਕਮਲੇ ਬੜੇ ਕੰਮ ਕਰ ਰਹੇ ਨੇ। ਕਹਿੰਦਾ, ਵਿਚੋਂ ਅਸੀਂ ਨਿਗ੍ਹਾ ਰਖਦੇ ਸੀ। ਲਕੜੀ ਜਿਹੜੀ ਮਿਲਣੀ ਚੁੱਕ ਕੇ ਇੱਕ ਥਾਂ ਸੁੱਟ ਆਉਣੀ, ਉਨ੍ਹਾਂ ਦੇ ਨੋਟਿਸ 'ਚ ਨਹੀਂ ਆਇਆ ਕਿ ਇਹ ਕੰਮ ਕੀ ਕਰ ਰਹੇ ਨੇ?

ਕਹਿੰਦੇ ਸ਼ਾਮ ਹੋ ਗਈ, ਉਸ ਵੇਲੇ ਅਸੀਂ ਅਰਦਾਸ ਕਰੀ ਕਿ ਹੇ ਗੁਰੂ ਕਲਗੀਧਰ ਪਾਤਸ਼ਾਹ ਸਾਨੂੰ ਉਹ ਨੇਤਰ ਦੇਹ। ਜਿਨ੍ਹਾਂ ਦੇ ਨਾਲ ਸਾਹਿਬਜ਼ਾਦਿਆਂ ਦੇ ਸਰੀਰ ਦਾ ਦਰਸ਼ਨ ਹੋ ਜਾਏ। ਕਹਿੰਦੇ ਅਸੀਂ ਕੀ ਦੇਖਦੇ ਹਾਂ ਕੁਛ ਝਾਫੇ ਰਾਤ ਨੂੰ ਹਵਾ ਬਹੁਤ ਚੱਲੀ ਸੀ, ਕੁਛ ਵਾੜ ਉਡ ਕੇ ਆ ਕੇ ਇਕ ਥਾਉਂ 'ਤੇ ਪਏ ਤੇ ਉਡਾਰ ਦਾ ਰੇਤਾ ਪਿਆ, ਉਥੇ ਹੇਠਲੇ ਪਾਸੇ ਅਸੀਂ ਦੇਖਿਆ ਤਾਂ ਸਾਹਿਬਜ਼ਾਦੇ ਪਏ। ਪੂਰੇ ਜੋਸ਼ ਵਿਚ ਸੀਗੇ ਅਸੀਂ, ਜਦੋਂ ਅਸੀਂ ਉਨ੍ਹਾਂ ਦੇ ਸਰੀਰ ਰਾਤ ਨੂੰ ਕੱਢੇ। ਪਹਿਲਾਂ ਅਸੀਂ ਬਹਾਨੇ ਵਗੈਰਾ ਕਰਦੇ ਰਹੇ। ਕਹਿੰਦੇ, ਉਹ ਆਪਣਾ ਮਸਤ ਹੋ ਕੇ ਸ਼ਰਾਬਾਂ ਵਗੈਰਾ ਪੀਣ ਲੱਗ ਗਏ। ਕਹਿੰਦੇ, ਅਸੀਂ ਲੱਕੜੀਆਂ ਇਕੱਠੀਆਂ ਕਰੀਆਂ। ਮੌਕਾ ਪਾ ਕੇ ਸਸਕਾਰ ਕਰ ਦਿਤਾ ਤੇ ਸੁਆਹ ਅਸੀਂ ਰੱਖ ਆਏ ਹਾਂ ਪਾ ਕੇ ਮੱਟਾਂ 'ਚ। ਮਹਾਰਾਜ ਪ੍ਰਸੰਨ ਹੋ ਗਏ। ਕਹਿਣ ਲੱਗੇ, ਪਿਆਰਿਓ! ਤੁਹਾਡੀ ਸੇਵਾ ਪ੍ਰਵਾਨ ਹੋ ਗਈ। ਮੰਗੋ ਤੁਸੀਂ ਜੋ ਮੰਗਣਾ ਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਭਾਈ ਰਾਮ ਸਿੰਘ, ਭਾਈ ਤਿਲੋਕ ਸਿੰਘ! ਤੁਸੀਂ ਉਹ ਸੇਵਾ ਕਰੀ ਹੈ ਜਿਹਦੇ ਨਾਲ ਗੁਰੂ ਪ੍ਰਸੰਨ ਹੋ ਗਿਆ।

*ਸੁਨਿ ਕਰਿ ਪਰਮ ਪ੍ਰਸੰਨ ਬਿਸਾਲਾ।*
*ਸ੍ਰੀ ਮੁਖ ਤੇ ਭਾਖਯੋ ਤਿਸ ਕਾਲਾ।*
*'ਰਾਮਾ ਸਿੰਘ ਤਿਲੋਕ ਸਿੰਘ ਸੁਨਿ!*
*ਜਾਚ ਲੇਹੁ ਹਮ ਤੇ ਬਾਂਛਤ ਮਨ॥*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੬੧੧੫*

*ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥*
*ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥*

*ਅੰਗ- ੩੧੪*

ਦੱਸੋ ਕੀ ਚਾਹੀਦਾ ਹੈ, ਅਸੀਂ ਤੁਹਾਨੂੰ ਦਿਵਾਉਂਦੇ ਹਾਂ ਗੁਰੂ ਘਰ 'ਚੋਂ। ਉਸ ਵੇਲੇ ਉਨ੍ਹਾਂ ਨੇ ਕਿਹਾ ਸੱਚੇ ਪਾਤਸ਼ਾਹ! ਹਾਲੇ ਤੱਕ ਅਸੀਂ ਰਾਹਕ ਚੱਲ ਰਹੇ ਹਾਂ, ਸਾਡਾ ਆਪਣਾ ਕੋਈ ਟਿਕਾਣਾ ਨਹੀਂ ਤੇ ਕ੍ਰਿਪਾ ਕਰੋ ਸਾਨੂੰ ਕੋਈ ਵਸਣ ਦਾ ਥਾਂ ਆਪ ਦਿਓ। ਮਹਾਰਾਜ ਕਹਿੰਦੇ, ਪਿਆਰਿਓ! ਵਸਣ ਦਾ ਥਾਂ! ਤੁਸੀਂ ਤਾਂ ਗੁਰੂ ਨੂੰ ਪ੍ਰਸੰਨ ਕਰ ਲਿਆ। ਵਸਣ ਦਾ ਟਿਕਾਣਾ ਦੁਨੀਆਂ ਮੰਗਿਆ ਕਰੇਗੀ ਤੁਹਾਡੇ ਤੋਂ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਬਖਸ਼ੀ ਮਾਲਕਾ! ਕਿਤੇ ਰਹਿਣ ਦਾ ਟਿਕਾਣਾ।*

ਪਾਤਸ਼ਾਹ! ਕੋਈ ਥਾਂ ਨਹੀਂ ਹੈ ਰਹਿਣ ਦਾ। ਆਪ ਕ੍ਰਿਪਾ ਕਰੋ ਕਿਤੇ ਸਾਡੇ ਪੈਰ ਲੱਗ ਜਾਣ। ਮਹਾਰਾਜ ਜੀ ਕਹਿਣ ਲੱਗੇ -

*ਦਯਾ ਸਿੰਧੁ ਸੁਨਿ ਧੀਰਜ ਦੀਨਿ।*
*ਤੁਮ ਤੌ ਦੇਸ ਸਕਲ ਹੀ ਲੀਨਿ।*
*ਐਸੇ ਪਾਇ ਤੁਮਾਰੇ ਜਮੈਂ।*
*ਭੂਪਨ ਭੂਪ ਦੇਸ਼ ਗਨ ਨਮੈਂ।*

*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੬੧੧੫*

ਤੁਸੀਂ ਛੋਟਾ ਜਿਹਾ ਟਿਕਾਣਾ ਕੀ ਮੰਗਦੇ ਓਂ, ਤੁਸੀਂ ਤਾਂ ਟਿਕਾਨਾ ਦੇਣ ਵਾਲੇ ਬਣ ਜਾਓਂਗੇ। ਸਾਰਾ ਹੀ ਦੇਸ਼ ਲੈ ਲਿਆ ਤੁਸੀਂ –

*ਧਾਰਨਾ – ਤੁਸੀਂ ਰਾਜ ਕਰੋਂਗੇ ਇਸ ਜਗ 'ਤੇ,*
*ਸੇਵਾ ਕੀਤੀ ਲੇਖੇ ਪੈ ਗਈ।*

ਸੋ ਇਸ ਤਰ੍ਹਾਂ ਬਰਕਤਾਂ ਦਿੰਦੇ ਹੋਏ ਗੁਰੂ ਮਹਾਰਾਜ ਨੌ ਮਹੀਨੇ ਤੋਂ ਰਹਿ ਰਹੇ ਸੀ ਦਮਦਮੇ ਸਾਹਿਬ। ਅੱਜ ਮਹਾਰਾਜ ਨੇ ਸਾਰਿਆਂ ਨੂੰ ਕਿਹਾ ਕਿ ਭਾਈ! ਅਸੀਂ ਦੱਖਣ ਵਿਚ ਜਾਣਾ ਹੈ। ਉਥੇ ਕਾਰਜ ਹੈ ਸਾਨੂੰ ਸਾਡੇ ਨਾਲ ਚੱਲੋ। ਉਸ ਵੇਲੇ ਜਿਹੜੇ ਮਾਲਵੇ ਦੀ ਮੁਖੀ-ਮੁਖੀ ਸਿੰਘ ਸੀਗੇ। ਭਾਈ ਡੱਲਾ ਸਿੰਘ, ਦੂਜੇ ਰਾਮ ਸਿੰਘ, ਦੂਸਰਾ ਤਿਲੋਕ ਸਿੰਘ, ਫਤਿਹ ਸਿੰਘ, ਹੋਰ ਘਰਬਾਰੀ ਸਿੰਘ, ਦਰਬਾਰੀ ਸਿੰਘ, ਦੀਵਾਨੇ, ਇਹ ਸਾਰੇ ਦੇ ਸਾਰੇ ਤਿਆਰ ਹੋ ਗਏ। ਉਸ ਵੇਲੇ ਰਾਮ ਸਿੰਘ ਨੇ ਕਿਹਾ ਮਹਾਰਾਜ! ਸਾਡੇ ਜ਼ਮੀਨ-ਜਾਇਦਾਦ ਬਹੁਤ ਜ਼ਿਆਦਾ ਹੈ। ਅਸੀਂ ਦੋਵੇਂ ਭਰਾ ਇਥੇ ਹਾਂ। ਇਕ ਭਰਾ ਨਾਲ ਚਲਦਾ ਹੈ ਤੁਹਾਡੇ। ਫਤਹਿ ਸਿੰਘ ਨੂੰ ਛੁੱਟੀ ਦੇ ਦਿਓ। ਮਹਾਰਾਜ ਕਹਿੰਦੇ ਤੂੰ? ਕਹਿੰਦਾ, ਮੈਂ ਤਾਂ ਅਖੀਰ ਤੱਕ ਜਾਊਂਗਾ। ਕਿਉਂ ਭਾਈ ਡੱਲਾ ਸਿੰਘ? ਕਹਿੰਦਾ, ਜੀ ਇਹ ਤਾਂ ਕੱਚੇ ਪਿੱਲੇ ਨੇ ਜਿਹੜੇ ਜਾਣ ਤੋਂ ਕਤਰਾਉਂਦੇ ਨੇ। ਨਾਲ ਚੱਲਾਂਗੇ ਅਸੀਂ। ਗੁਰੂ ਮਹਾਰਾਜ ਨੇ ਤਿਆਰੀ ਕਰ ਲਈ, ਦੋ ਤਿੰਨ ਮੰਜ਼ਲਾਂ ਜਿਸ ਵਕਤ ਗਏ ਤਾਂ ਘਰਬਾਰੀ ਸਿੰਘ ਤੇ ਦਰਬਾਰੀ ਸਿੰਘ ਦੀ ਪਾਰਟੀ ਸਾਰੇ ਉਸ ਦੇ ਨਾਲ ਦੇ ਬੰਦੇ ਨੱਠ ਗਏ ਰਾਤ ਨੂੰ। ਮਹਾਰਾਜ ਨੂੰ ਕਿਹਾ ਕਿ ਸੱਚੇ ਪਾਤਸ਼ਾਹ! ਉਹ ਤਾਂ ਦੌੜ ਗਏ ਰਾਤ। ਦੂਜੇ ਦਿਨ ਦੂਜੇ ਚਲੇ ਗਏ, ਰੋਜ਼ ਹੀ ਨੱਠਣੇ ਸ਼ੁਰੂ ਹੋ ਗਏ। ਡੱਲੇ ਨੂੰ ਕਿਹਾ, ਕਹਿੰਦੇ, ਡੱਲਾ ਸਿੰਘਾ! ਤੇਰੀ ਕੀ ਮਰਜ਼ੀ ਹੈ। ਕਹਿੰਦਾ, ਨਾ ਮਹਾਰਾਜ ਮੈਂ ਤੁਹਾਡੇ ਨਾਲ ਨਿਭਾਂਗਾ। ਰਾਤ ਨੂੰ ਸਲਾਹ ਹੋ ਗਈ, ਮਨ ਡੋਲ ਗਿਆ।

ਇਥੇ ਇਕ ਗੱਲ ਵਿਚਾਰਨ ਵਾਲੀ ਹੈ। ਗੁਰੂ ਦਸ਼ਮੇਸ਼ ਵਰਗਾ ਗੁਰੂ ਹੋਵੇ, ਆਪਣਾ ਸਾਰਾ ਪਰਿਵਾਰ ਵਾਰ ਆਇਆ ਹੋਵੇ ਸਾਡੇ ਵਾਸਤੇ। ਅਸੀਂ ਉਹਦੇ ਸਾਥੀ ਹੋਈਏ ਤੇ ਅਜੇ ਕਿਤੇ ਗਏ ਨੀਂ, ਦੋ ਮੰਜ਼ਲਾਂ, ਤਿੰਨ ਮੰਜ਼ਲਾਂ ਪਾਰ ਕਰੀਆਂ ਨੇ, ਤਿੰਨ ਦਿਨ ਘਰੋਂ ਬਾਹਰ ਹੋਏ ਹਾਂ। ਤਿੰਨ ਦਿਨ 'ਚ ਘਰ ਯਾਦ ਗਿਆ, ਨੱਠਣਾ ਸ਼ੁਰੂ ਕਰ ਦਿਤਾ ਗੁਰੂ ਸਾਹਿਬ ਕੋਲੋਂ। ਕਹਿੰਦੇ, ਡੱਲਾ ਸਿੰਘ! ਤੂੰ ਵੀ ਆਪਣੀ ਮਰਜ਼ੀ ਦਸ ਦੇ। ਕਹਿੰਦਾ, ਨਾ ਮਹਾਰਾਜ ਮੈਂ ਤਾਂ ਤੁਹਾਡੇ ਨਾਲ ਰਹਾਂਗਾ। ਉਸ ਵੇਲੇ ਰਾਤ ਨੂੰ ਸਾਰੇ ਆਪਣੇ ਜਵਾਨ ਤਿਆਰ ਕਰ ਲਏ ਤੇ ਗੁਰੂ ਮਹਾਰਾਜ ਦੇ ਪਲੰਘ ਦੇ ਨਾਲ ਖੰਡਾ, ਦੋ ਹਜ਼ਾਰ ਦਾ ਸੀ ਉਸ ਵੇਲੇ ਦੀ ਕੀਮਤ ਦਾ ਸੀ, ਹੀਰੇ ਲੱਗੇ ਹੋਏ ਸੀ, ਜੜਾਊ ਕੜੇ ਮਹਾਰਾਜ ਨੇ ਦਿਤੇ ਸੀ, ਦੋਵੇਂ ਕੜੇ ਲਾਹ ਕੇ ਸਰ੍ਹਾਣੇ ਧਰ ਦਿਤੇ, ਮੰਜੇ ਦੇ ਨਾਲ ਖੰਡਾ ਖੜ੍ਹਾਅ ਦਿਤਾ। ਮੱਥਾ ਟੇਕਿਆ, ਚੁੱਪ ਕਰਕੇ ਬੰਦੇ ਪਹਿਲਾਂ ਹੀ ਬਾਹਰ ਕੱਢੇ ਹੋਏ ਸੀ, ਤੁਰ ਗਿਆ। ਮਹਾਰਾਜ ਨੇ ਅਵਾਜ਼ ਦਿਤੀ, ਪਹਿਰੇ ਤੇ ਵੀ ਓਹੀ ਹੁੰਦਾ ਸੀ।

ਕਹਿੰਦੇ, ਡੱਲ ਸਿੰਘਾ!

ਉਥੇ ਇਕ ਫਕੀਰ ਸੀ, ਮੁਸਲਮਾਨ ਸੀ ਉਹ। ਨਾਲ ਹੀ ਤੁਰਿਆ ਜਾਂਦਾ ਸੀ। ਉਹ ਕਹਿੰਦਾ ਗੁਰੂ ਜੀ! 'ਨਾ ਡੱਲਾ ਨਾ ਮੱਲਾ, ਰਹਿ ਗਿਆ ਗੁਰੂ ਕੱਲਾ।'

ਮਹਾਰਾਜ ਕਹਿੰਦੇ, ਫਕੀਰ! 'ਗੁਰੂ ਨਾਲ ਸਦਾ ਹੀ ਅੱਲਾ, ਗੁਰੂ ਕਦੇ ਨਾ ਕੱਲਾ।'

ਕਿੰਨੀ ਚੜ੍ਹਦੀ ਕਲਾ ਦੇਖੋ ਤੁਸੀਂ ਗੁਰੂ ਜੀ ਦੀ। ਸਾਥੀ ਨੱਠੇ ਜਾ ਰਹੇ ਨੇ ਤੇ ਮਹਾਰਾਜ ਦਾ ਮਨੋਬਲ ਦੇਖੋ ਕਿੰਨਾ ਹੈ। ਅਗਲੇ ਦਿਨ ਜਿਹੜਾ ਸੀਗਾ ਰਾਮ ਸਿੰਘ, ਇਹ ਵੀ ਚਲਿਆ ਗਿਆ। ਕਹਿੰਦੇ ਰਾਮ ਸਿੰਘ ਵੀ ਚਲਿਆ ਗਿਆ। ਮਹਾਰਾਜ ਕਹਿੰਦੇ, ਉਹਦੇ ਨਾਲ ਸਾਂਝ ਸੀਗੀ ਸਾਡੀ ਪੁਰਾਣੀ। ਕਿਉਂਕਿ ਚੌਥੇ ਪਾਤਸ਼ਾਹ ਨੇ ਆਪਣਾ ਪੁੱਤਰ ਇਨ੍ਹਾਂ ਦੇ ਘਰ ਭਾਈ ਭਗਤੂ ਭੇਜਿਆ ਸੀ। ਉਹਦੀ ਉਲਾਦ ਹੈ। ਕਹਿੰਦੇ, ਉਹਨੂੰ ਮੋੜ ਲਿਆਓ।

ਪਿੱਛੇ ਘੋੜ ਸਵਾਰ ਗਏ, ਕਹਿੰਦੇ ਅੱਠ-ਸੱਤ ਮੀਲ 'ਤੇ ਰੋਕ ਲਿਆ ਤੇ ਕਿਹਾ ਕਿ ਗੁਰੂ ਸਾਹਿਬ ਨੇ ਕਿਹੈ ਕਿ ਤੂੰ ਮੁੜ ਆ।

ਕਹਿੰਦਾ, ਮੈਂ ਤਾਂ ਮੁੜ ਨਹੀਂ ਸਕਦਾ। ਗੁਰੂ ਮਹਾਰਾਜ ਨੇ ਦੂਸਰੀ ਵਾਰੀ ਫੇਰ ਭੇਜਿਆ, ਉਹ ਫੇਰ ਨਾ ਮੁੜਿਆ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਕਰੋ, ਸਾਡਾ ਰੁਮਾਲ ਲੈ ਜਾਓ। ਲਕੀਰ ਕੱਢ ਦਿਓ ਉਹਦੇ ਮੂਹਰੇ, ਕਹਿ ਦਿਓ ਕਿ ਦਸਤਾਰ ਹੈ ਉਨ੍ਹਾਂ ਦੀ, ਇਹਨੂੰ ਲੰਘ ਕੇ ਜਾਣੈ ਤਾਂ ਚਲਿਆ ਜਾਹ। ਘੋੜੇ 'ਤੇ ਬੈਠਾ ਸੀ ਅੱਡੀ ਮਾਰੀ ਪਾਰ ਨਿਕਲ ਗਿਆ ਜਿਹੜਾ ਸਭ ਤੋਂ ਵਿਸ਼ਵਾਸ਼ ਵਾਲਾ ਬੰਦਾ ਸੀ।

ਈਸਾ ਜੀ ਨਾਲ ਇਵੇਂ ਜਿਵੇਂ ਹੋਈ ਸੀ, ਪਿਤਰਸ ਸੀਗਾ, ਸੱਤ ਦਰਵਾਜ਼ਿਆਂ 'ਚ ਬੰਦ ਸੀਗਾ। ਤਾਲੇ ਤੋੜ ਕੇ ਆਪਣੀ ਸ਼ਕਤੀ ਨਾਲ ਉਹਨੂੰ ਬਾਹਰ ਕੱਢਿਆ ਸੀ। ਜਦੋਂ ਗਵਾਹੀਆਂ ਹੋਣ ਲੱਗੀਆਂ ਉਨ੍ਹਾਂ ਦੇ ਖਿਲਾਫ, ਪਿਤਰਸ ਨੂੰ ਪੁੱਛਿਆ ਕਿ ਤੂੰ ਇਨ੍ਹਾਂ ਨੂੰ ਜਾਣਦੈਂ। ਉਹ ਕਹਿੰਦਾ, ਮੈਨੂੰ ਤਾਂ ਪਤਾ ਨਹੀਂ, ਮੈਂ ਤਾਂ ਰਾਤ ਆਇਆਂ। ਯਾਨਿ ਉਹਨੇ ਵੀ ਛੱਡ ਦਿਤਾ ਸਾਥ। ਜਦੋਂ ਇਸ ਤਰ੍ਹਾਂ ਹੋਇਆ ਤਾਂ ਉਹ ਕਹਿਣ ਲੱਗੇ ਕਿ ਹੁਣ ਤਾਂ ਜਿਨ੍ਹਾਂ ਤੇ ਵਿਸ਼ਵਾਸ਼ ਸੀ ਉਨ੍ਹਾਂ ਬੰਦਿਆਂ ਨੇ ਜਵਾਬ ਦੇ ਦਿਤਾ, ਹੁਣ

ਜਿਹੜਾ ਕੁਛ ਹੋਣੈ, ਠੀਕ ਹੈ।

ਇਵੇਂ ਜਿਵੇਂ ਜੂਲੀਅਸ ਸੀਜ਼ਰ ਸੀਗਾ, ਉਹਦਾ ਇਕ ਜਰਨੈਲ ਸੀ ਬੜੇ ਹੀ ਵਿਸ਼ਵਾਸ਼ ਵਾਲਾ। ਜਿਸ ਵਕਤ ਜੂਲੀਅਟ ਸੀਜ਼ਰ ਨੂੰ ਮਾਰਨ ਦੀ ਸਕੀਮ ਬਣਾਈ, ਸੱਤ ਜਰਨੈਲ ਜਿਹੜੇ ਵੱਡੇ ਸੀ, ਉਨ੍ਹਾਂ ਨੇ ਉਹਨੂੰ ਮਾਰਨ ਦੀ ਸਕੀਮ ਬਣਾ ਲਈ। ਜਦੋਂ ਰਾਤ ਨੂੰ ਆ ਕੇ ਘੇਰ ਲਿਆ ਤਾਂ ਕੀ ਦੇਖਦਾ ਹੈ ਕਿ ਜਿਹੜਾ ਮੇਰੇ ਸਭ ਤੋਂ ਵਿਸ਼ਵਾਸ਼ ਵਾਲਾ ਬੰਦਾ ਹੈ, ਉਹ ਵੀ ਉਨ੍ਹਾਂ 'ਚ ਖੜ੍ਹੈ। ਪਹਿਲਾਂ ਤਾਂ ਉਹਨੇ ਹਿੰਮਤ ਕਰੀ ਕਿ ਮੈਂ ਯੁੱਧ ਕਰਾਂਗਾ। ਉਸ ਤੋਂ ਬਾਅਦ ਉਹ ਕਹਿਣ ਲੱਗਿਆ ਕਿ ਜੇ ਤੂੰ ਵੀ ਇਨ੍ਹਾਂ ਦੇ ਨਾਲ ਰਲ ਗਿਆ, ਹੁਣ ਤਾਂ ਫੇਰ ਕੋਈ ਵੀ ਨਹੀਂ। ਆਹ ਮੈਂ ਰਖਦਾਂ ਹਥਿਆਰ ਤੇ ਮਾਰਿਆ ਗਿਆ ਉਥੇ।

ਸਾਥੀ ਸਾਥ ਛੱਡ ਦੇਵੇ, ਔਖੇ ਵੇਲੇ ਕੋਈ ਹਾਅ ਦਾ ਨਾਹਰਾ ਨਾ ਮਾਰੇ। ਆਦਮੀ ਦੇ ਮਨੋ ਬਲ 'ਤੇ ਬਹੁਤ ਅਸਰ ਪਿਆ ਕਰਦਾ ਹੈ।

ਉਸ ਵੇਲੇ ਗੁਰੂ ਮਹਾਰਾਜ ਨੇ ਪਰਵਾਹ ਨਹੀਂ ਕਰੀ ਉਥੋਂ ਚੱਲੇ, ਬਹਾਦਰਸ਼ਾਹ ਨੂੰ ਰਾਜ ਦਿਵਾਇਆ। ਉਸ ਤੋਂ ਬਾਅਦ ਅੱਜ ਨਾਂਦੇੜ ਪਹੁੰਚ ਜਾਂਦੇ ਨੇ। ਉਥੇ ਸਿੰਘ ਹੈਗੇ, ਪੁਰਾਣੇ ਸਿੰਘ ਨੇ। ਜਿਹੜੇ ਨਵੇਂ ਰੱਖੇ ਸੀ ਉਹ ਤਾਂ ਸਾਰੇ ਹੀ ਤੁਰ ਗਏ ਸੀ। ਤਿੰਨ ਸੌ ਸਿੰਘ ਰਹਿ ਗਿਆ ਸੀ ਮਹਾਰਾਜ ਨਾਲ। ਉਸ ਵੇਲੇ ਮਹਾਰਾਜ ਜਦੋਂ ਪ੍ਰਸ਼ਾਦਾ ਛਕ ਕੇ ਹਟੇ, ਬਿਰਾਜਮਾਨ ਹੋਏ। ਉਸ ਵੇਲੇ ਆਵਾਜ਼ ਆਈ ਮਾਰੂ ਦੇ ਸ਼ਬਦਾਂ ਦੀ -

*ਗੁਰਮੁਖਿ ਜਨਮ ਸਵਾਰਿ ਦਰਗਹ ਚਲਿਆ।*

ਮਹਾਰਾਜ ਜੀ ਕਹਿਣ ਲੱਗੇ ਕਿ ਕੀ ਗੱਲ ਹੋਈ ਬਈ? ਕਹਿੰਦੇ, ਮਹਾਰਾਜ! ਭਾਈ ਦਇਆ ਸਿੰਘ ਜੀ ਚੜ੍ਹਾਈ ਕਰ ਗਏ। ਕਹਿੰਦੇ, ਬਿਨਾਂ ਦੱਸੇ ਹੀ?

ਬੁਲਾ ਕੇ ਲਿਆਓ।

ਉਸ ਵੇਲੇ ਸਿੰਘ ਗਿਆ, ਜਾ ਕੇ ਕਿਹਾ, ਭਾਈ ਦਇਆ ਸਿੰਘ ਜੀ, ਗੁਰੂ ਮਹਾਰਾਜ ਦਾ ਹੁਕਮ ਹੈ ਕਿ ਤੁਸੀਂ ਮਿਲ ਕੇ ਜਾਓ।

ਵਾਹਿਗੁਰੂ-ਵਾਹਿਗੁਰੂ ਕਹਿ ਕੇ ਉਠ ਕੇ ਬੈਠ ਗਏ ਉਹ। ਮਹਾਰਾਜ ਜੀ ਕੋਲ ਆ ਕੇ ਬੜਾ ਹੀ ਵੈਰਾਗ ਕਰਿਆ।

ਭਾਈ ਦਇਆ ਸਿੰਘਾ! ਆਪਾਂ ਬਚਪਨ ਤੋਂ ਇਕੱਠੇ ਹਾਂ, ਜੋ ਵੀ ਜ਼ਰੂਰੀ ਕੰਮ ਹੁੰਦਾ ਅਸੀਂ ਤੁਹਾਡੇ ਨਾਲ ਸਲਾਹ ਕਰਦੇ ਸੀ। ਚਿੱਠੀ ਦੇ ਕੇ ਔਰੰਗਜ਼ੇਬ ਕੋਲ ਭੇਜਿਆ, ਤਾਂ ਵੀ ਤੁਹਾਨੂੰ ਭੇਜਿਆ ਤੇ ਹੁਣ ਜਾਣ ਵੇਲੇ ਦੱਸਿਆ ਹੀ ਨਾ?

ਕਹਿਣ ਲੱਗੇ, ਸੱਚੇ ਪਾਤਸ਼ਾਹ! ਏਧਰ ਵੀ ਤੁਸੀਂ ਹੋਂ ਤੇ ਓਧਰ ਵੀ ਤੁਸੀਂ ਹੋਂ। ਤੁਹਾਡਾ ਹੁਕਮ ਆ ਗਿਆ ਸੀ ਕਿ ਜਲਦੀ ਆ ਜਾ। ਇਸ ਕਰਕੇ ਮੈਂ ਚਲਿਆ ਗਿਆ।

ਹੁਕਮ?

ਆਪ ਨੇ ਕਿਹਾ ਕਿ ਜਾਓ, ਪਰ ਸਾਡਾ ਇਕ ਸੁਨੇਹਾ ਲੈ ਜਾਓ ਨਾਲ ਜਿਹੜਾ ਅਸੀਂ ਮਾਛੀਵਾੜੇ ਵੀ ਦਿਤਾ ਸੀ, ਇਸ ਤਰ੍ਹਾਂ ਪੜ੍ਹ ਲਓ ਸਾਰੇ -

*ਧਾਰਨਾ - ਹਾਲ ਮੁਰੀਦਾਂ ਦਾ ਕਹਿਣਾ।*
*ਮਿੱਤ੍ਰ ਪਿਆਰੇ ਨੂੰ ਕਹਿਣਾ।*

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਪੰਜਰੁ ਪਿਆਲਾ,*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰੁ ਚੰਗਾ,*
*ਭਠ ਖੇੜਿਆਂ ਦਾ ਰਹਣਾ॥* *ਖਿਆਲ ਪਾਤਸ਼ਾਹੀ ੧੦*

ਅੱਛਾ ਭਾਈ ਖੁਸ਼ੀਆਂ ਨੇ ਤੁਸੀਂ ਜਾ ਸਕਦੇ ਹੋਂ। ਭਾਈ ਦਇਆ ਸਿੰਘ ਜੀ ਗਏ, ਜਾ ਕੇ ਕੁਸ਼ਾ ਦਾ ਆਸਣ ਵਿਛਾਇਆ, ਲੰਮੇ ਪਏ, ਸਰੀਰ ਛੱਡ ਦਿਤਾ। ਜਿਸ ਤਰ੍ਹਾਂ ਦੇ ਨਾਲ ਸੱਪ ਕੁੰਜ ਛੱਡ ਜਾਇਆ ਕਰਦੈ।

*ਧਾਰਨਾ - ਆਵੈ ਜਾਏ ਨਿਸੰਗ*
*ਗੁਰਮੁਖ ਪਿਆਰਾ ਗੁਰਮੁਖ ਪਿਆਰਾ।*

*ਗੁਰਮੁਖਿ ਆਵੈ ਜਾਇ ਨਿਸੰਗੁ ॥* *ਅੰਗ - ੯੩੨*

ਸਰੀਰ ਛੱਡਣ ਤੋਂ ਬਾਅਦ ਜੇ ਉਹ ਚਾਹੇ ਉੱਠ ਖੜ੍ਹਦੈ, ਭਾਈ ਦਇਆ ਸਿੰਘ ਚਾਹੁੰਦੇ, ਉਠ ਖੜ੍ਹਦੇ। ਜਾਣਾ ਚਾਹੁੰਦੇ ਉਹ ਚਲੇ ਜਾਂਦੈ।

ਗੁਰੂ ਮਹਾਰਾਜ ਨੇ ਕਿਹਾ ਕਿ ਭਾਈ ਦਇਆ ਸਿੰਘ ਅਸੀਂ ਵੀ ਤੇਰੇ ਪਿੱਛੇ ਹੀ ਆ ਰਹੇ ਹਾਂ। 20 ਦਿਨ ਬਾਅਦ ਮਹਾਰਾਜ ਚਲੇ ਗਏ ਫੇਰ।

ਗੁਰੂ ਸਾਹਿਬ ਨੇ ਇਕ ਦਿਨ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਪੰਜ ਸਿੰਘ ਖੜ੍ਹੇ ਕਰਕੇ ਤਾਬੇ, ਪ੍ਰਕਰਮਾ ਕਰਕੇ, ਨਾਰੀਅਲ ਲੈ ਕੇ ਮੱਥਾ ਟੇਕ ਦਿਤਾ।

ਇਸ ਵਾਸਤੇ ਮੈਂ ਕਹਿੰਦਾ ਹੁੰਦਾਂ ਹਾਂ ਕਿ ਜੇ ਸਭ ਤੋਂ ਵੱਡੇ ਨੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ। ਜਿਹਦੇ ਅੱਗੇ ਗੁਰੂ ਦਸ਼ਮੇਸ਼ ਪਿਤਾ ਵੀ ਨਿਵੇ। ਸ਼ਬਦ ਗੁਰੂ ਹੈ, ਬ੍ਰਹਮ ਹੈ ਇਹ, ਵਾਹਿਗੁਰੂ ਹੈ, ਇਹਨੂੰ ਸਮਝਣ ਨੂੰ ਬੜੀ ਦੇਰ ਲੱਗੇਗੀ ਆਪਾਂ ਨੂੰ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ

ਹੈ ਕੀ। ਇਹ ਜਿਹੜਾ ਕੁਛ ਸਾਨੂੰ ਦਿਸਦਾ ਹੈ ਉਹ ਨਹੀਂ ਹੈ, ਇਹਦੇ ਅੰਦਰ ਜਿਹੜਾ ਸ਼ਬਦ ਹੈ ਉਹ ਬ੍ਰਹਮ ਹੈ, ਵਾਹਿਗੁਰੂ ਹੈ, ਕਿਉਂਕਿ ਸ਼ਬਦ ਤੋਂ ਰਚਨਾ ਹੋਈ ਹੈ ਸਾਰੀ। ਸ਼ਬਦ ਹੀ ਸਾਡਾ ਗੁਰੂ ਹੈ, 'ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥' (ਅੰਗ-943) ਉਸ ਵੇਲੇ ਮਹਾਰਾਜ ਜੀ ਨੇ ਸਾਰਿਆਂ ਨੂੰ ਮੁਖਾਤਬ ਕਰਕੇ ਇਸ ਤਰ੍ਹਾਂ ਫੁਰਮਾਨ ਕੀਤਾ -

*ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ॥*
*ਸਭ ਸਿੱਖਨਿ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥*
*ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ॥*
*ਜੋ ਪ੍ਰਭ ਕੋ ਮਿਲਬੋ ਚੈ, ਖੋਜ ਸ਼ਬਦ ਮੈਂ ਲੇਹ॥ ਦੋਹਰਾ*

ਇਹ ਪੰਥ ਮੈਂ ਜਿਹੜਾ ਨਵਾਂ ਚਲਾਇਐ, ਇਹ ਹੁਕਮ ਵਾਹਿਗੁਰੂ ਦਾ ਹੋਇਆ ਸੀ। ਵਾਹਿਗੁਰੂ ਨੇ ਮੈਨੂੰ ਕਿਹਾ ਸੀ-

*ਮੈ ਅਪੁਨਾ ਸੁਤ ਤੋਹਿ ਨਿਵਾਜਾ॥*
*ਪੰਥ ਪ੍ਰਚੁਰ ਕਰਬੇ ਕਉ ਸਾਜਾ॥*
*ਜਾਹਿ ਤਹਾ ਤੈ ਧਰਮੁ ਚਲਾਇ॥*
*ਕਬੁਧਿ ਕਰਨ ਤੇ ਲੋਕ ਹਟਾਇ॥*

*ਅਕਾਲ ਪੁਰਖ ਬਾਚ॥ ਚੌਪਈ॥*

ਜਿਹੜੀ ਕੁਬੁੱਧੀ ਪਈ ਹੋਈ ਹੈ ਲੋਕਾਂ 'ਚ ਇਹਨੂੰ ਖਤਮ ਕਰ ਦਿਓ। ਉਨ੍ਹਾਂ ਨੂੰ ਗਿਆਨ ਦੇ ਦਿਓ, ਪੂਰੀ ਤਰ੍ਹਾਂ ਦਸ ਦਿਓ ਕਿ ਕੀ ਕਰਨੈ ਉਨ੍ਹਾਂ ਨੇ। ਹੁਣ ਉਲਝਣ ਬਾਜ਼ੀਆਂ 'ਚੋਂ ਕੱਢ ਦਿਓ ਉਨ੍ਹਾਂ ਨੂੰ। ਕਹਿੰਦੇ, ਹੁਣ ਇਸ ਕਰਕੇ ਉਨ੍ਹਾਂ ਦੇ ਹੁਕਮ ਦੇ ਵਿਚ ਪੰਥ ਚਲਾਇਐ।

ਹੁਣ ਦੇਹ ਵਾਲਾ ਗੁਰੂ ਜਿਹੜਾ ਹੈ ਉਹ ਚਲਣਾ ਨਹੀਂ ਕਲਜੁਗ ਦੇ ਵਿਚ। ਹਰ ਬੰਦੇ ਨੇ ਕਹਿਣੈ ਕਿ ਮੇਰਾ ਆਹ ਹੋ ਗਿਆ, ਆਹ ਗਿਆ। ਗੁਰੂ ਕੀਹਦੀ-ਕੀਹਦੀ ਖੁਆਇਸ਼ ਪੂਰੀ ਕਰੀ ਜਾਏਗਾ। ਹਰ ਥਾਂ ਦੇ ਉਤੇ ਗੁਰੂ ਹੀ ਗੁਰੂ ਨਜ਼ਰ ਆਉਣਗੇ। ਕੰਮ ਨਹੀਂ ਚੱਲਣਾ ਕਿਸੇ ਦਾ।

*ਘਰਿ ਘਰਿ ਹੋਇ ਬਹੈਂਗੇ ਰਾਮਾ॥*
*ਤਿਨ ਤੇ ਸਰੈ ਨ ਕਛੂਐ ਕਾਮਾ॥*

*ਸੌ ਸਾਖੀ - ਲਿਖਾਰੀ ਸਾਹਿਬ ਸਿੰਘ ਜੀ*

ਸੋ ਇਸ ਕਰਕੇ ਸ਼ਬਦ ਗੁਰੂ ਦੇ ਮੈਂ ਤੁਹਾਨੂੰ ਲੜ ਲਾਉਂਦਾ ਹੈ। ਦੂਸਰੇ ਦਿਨ ਮਹਾਰਾਜ ਜੀ ਨੇ ਸਵੇਰ ਵੇਲੇ ਹੀ ਚੰਦਨ, ਪੰਜ ਹਜ਼ਾਰ ਦਾ ਲਿਖਿਆ ਹੋਇਆ, ਪੰਜ ਹਜ਼ਾਰ ਦਾ ਮੰਗਾਇਆ। ਚਿਖਾ ਤਿਆਰ ਕਰ ਲਈ ਸਾਰਾ ਦਿਨ ਉਪਦੇਸ਼ ਦਿੰਦੇ ਰਹੇ। ਆਪ ਦੇ ਜ਼ਖਮ ਹੋ ਗਿਆ ਸੀ, ਆਪ ਨੇ ਦੁਬਾਰਾ ਬੰਨ੍ਹਾਇਆ ਨਹੀਂ, ਕੌਤਕ ਹੀ ਉਨ੍ਹਾਂ ਨੇ ਐਸਾ ਕਰਿਆ ਸੀ ਉਨ੍ਹਾਂ ਨੇ ਜਾਣ ਦਾ। ਉਸ ਵੇਲੇ ਸਿੰਘਾਂ ਨੇ ਬਹੁਤ ਸਵਾਲ ਕਰੇ ਕਿ ਮਹਾਰਾਜ! ਸਾਡਾ ਬਣੇਗਾ ਕੀ? ਮਹਾਰਾਜ ਕਹਿਣ ਲੱਗੇ ਕਿ ਅਸੀਂ ਕਿਤੇ ਚੱਲੇ ਹਾਂ? ਗੁਰੂ ਕਦੇ ਕਿਤੇ ਜਾਂਦਾ ਹੁੰਦੈ?

ਪ੍ਰਤੱਖ ਸਮਝਾਉਣ ਵਾਸਤੇ ਮਹਾਰਾਜ ਨੇ, ਜਿਸ ਵਕਤ ਕਨਾਤ ਵਿਚ ਗਏ ਤਾਂ ਵੈਰਾਗ ਛੁਟ ਗਿਆ ਸਿੰਘਾਂ ਦਾ, ਕੋਈ ਸੂਰਮਾ ਇਹੋ ਜਿਹਾ ਨਾ ਰਿਹਾ ਜਿਹੜਾ ਨਾ ਵੈਰਾਗ 'ਚ ਹੋਵੇ। ਬੇਨਤੀਆਂ ਹੁੰਦੀਆਂ ਨੇ ਇਸ ਤਰ੍ਹਾਂ ਪੜ੍ਹੋ ਪਿਆਰ ਨਾਲ -

*ਧਾਰਨਾ - ਝੱਲਿਆ ਨੀਂ ਜਾਣਾ ਸਾਹਿਬਾ,*
*ਤੇਰਾ ਵਿਛੋੜਾ।*

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*

*ਅੰਗ- ੧੧੦੦*

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥*

*ਅੰਗ- ੮੩*

ਐਸੇ ਭਾਵ ਦਾ ਜਦੋਂ ਕਰੁਣਾ ਰਸ ਛਾ ਗਿਆ, ਸਾਰੇ ਸਿੰਘਾਂ ਦੇ ਨੇਤਰਾਂ 'ਚੋਂ ਜਲ ਜਾ ਰਿਹੈ। ਮਹਾਰਾਜ ਦੁਬਾਰਾ ਵਾਪਸ ਆ ਗਏ। ਕਨਾਤ 'ਚੋਂ ਨਿਕਲ ਆਏ। ਉਸ ਵੇਲੇ ਜਥੇਦਾਰ ਸੰਤੋਖ ਸਿੰਘ ਮੁਖੀ ਸੀਗੇ। ਭਾਈ ਦਇਆ ਸਿੰਘ ਜੀ ਤਾਂ ਚੜ੍ਹਾਈ ਕਰ ਗਏ ਸੀ। ਉਸ ਨੇ ਜੱਫਾ ਪਾ ਲਿਆ ਮਹਾਰਾਜ ਦੇ ਚਰਨਾਂ ਨੂੰ, ਮਹਾਰਾਜ ਮੈਂ ਤੁਹਾਨੂੰ ਜਾਣ ਹੀ ਨਹੀਂ ਦੇਣਾ, ਬਾਹਾਂ ਕੱਟ ਦਿਓ ਮੇਰੀਆਂ, ਤਾਂ ਮੈਂ ਜਾਣ ਦਊਂ। ਉਹ ਹੈਰਾਨ ਹੋ ਗਿਆ, ਉਸ ਨੇ ਜੱਫਾ ਪਾਇਆ ਮਹਾਰਾਜ ਦੇ ਚਰਨਾਂ ਨੂੰ ਬਾਹਾਂ ਛਾਤੀ ਨਾਲ ਹੀ ਆ ਲੱਗੀਆਂ ਮੁੜ ਕੇ। ਹੈਰਾਨ ਹੋ ਗਿਆ ਇਹ ਕੀ ਹੋਇਆ? ਫੇਰ ਪਾਇਆ, ਫੇਰ ਇਸੇ ਤਰ੍ਹਾਂ ਹੋਇਆ। ਤਿੰਨ ਵਾਰੀ ਕਰਿਆ ਉਹਨੇ। ਮਹਾਰਾਜ ਮੁਸਕਰਾ ਰਹੇ ਨੇ। ਦੂਸਰੇ ਸਿੰਘ ਵੀ ਇਸ ਤਰ੍ਹਾਂ ਕਰਿਆ, ਬਾਬਾ ਦੀਪ ਸਿੰਘ ਉਥੇ ਸੀ, ਸਾਰਿਆਂ ਨੇ ਵਾਰੀ-ਵਾਰੀ, ਤਿੰਨ ਚਾਰ ਨੇ ਕਰਿਆ, ਹੱਥ 'ਚ ਹੀ ਨਾ ਆਏ ਮਹਾਰਾਜ।

ਮਹਾਰਾਜ ਕਹਿਣ ਲੱਗੇ, ਖਾਲਸਾ ਜੀ! ਇਸ ਸਰੀਰ ਨਾਲ ਮੈਂ ਤੁਹਾਡੇ 'ਚ ਰਹੂੰਗਾ, ਦਿਸਣਾ ਨਹੀਂ ਹੈ।

*ਪੰਥ ਖਾਲਸਾ ਖੇਤੀ ਮੇਰੀ, ਕਰਹੁੰ ਸੰਭਾਲ ਮੈਂ ਤਿਸ ਕੇਰੀ।*

ਮੈਂ ਇਹਦੀ ਸੰਭਾਲ ਕਰਾਂਗਾ। ਦਿਸਣਾ ਨਹੀਂ ਹੈ ਮੈਂ। ਇਹ ਮੇਰਾ ਸਰੂਪ ਹੈ ਜਿਹਦੇ 'ਚ ਅਸੀਂ ਰਹਿੰਦੇ ਹਾਂ। ਆਹ ਜਿਹੜਾ ਤੁਹਾਡੇ ਕੋਲ ਸੀ ਉਹ ਤਾਂ ਮਾਇਆ ਦਾ ਸਰੀਰ ਧਾਰ ਕੇ ਕੌਤਕ ਕਰੇ ਸੀ। ਨਾਟਕ ਕਰਿਆ ਸੀ। ਪੰਥ ਖਾਲਸਾ ਮੇਰੀ ਖੇਤੀ ਹੈ। ਜੇ ਤੁਸੀਂ ਰਹੋਂਗੇ,

ਬੰਦਗੀ ਕਰੋਂਗੇ, ਨਾਮ ਜਪੋਂਗੇ, ਰਹਿਤਾਂ ਵਿਚ ਪੱਕੇ ਰਹੋਂਗੇ, ਫੇਰ ਮੈਂ ਤੁਹਾਡੇ ਨਾਲ ਸਦਾ ਹੀ ਜੁੜਿਆ ਰਹਾਂਗਾ। ਜੇ ਤੁਸੀਂ ਮੈਨੂੰ ਛੱਡ ਦਿਓਂਗੇ, ਤੁਹਾਡੀ ਮਰਜ਼ੀ ਹੈ। ਆਪ ਛੱਡ ਦੇਣਾ, ਮੈਂ ਤਾਂ ਨਹੀਂ ਛੱਡਦਾ। ਉਸ ਵਕਤ ਗੁਰੂ ਮਹਾਰਾਜ ਜਿਸ ਵਕਤ ਦੁਬਾਰਾ ਕਨਾਤ 'ਚ ਜਾਣ ਲੱਗੇ, ਕਿਉਂਕਿ ਕਨਾਤ ਤਾਣੀ ਹੋਈ ਸੀ, ਕਿਉਂ ਤਾਣੀ ਹੋਈ ਸੀ ਇਸ ਬਾਰੇ ਨਹੀਂ ਕੁਛ ਕਹਿ ਸਕਦੇ। ਸਾਨੂੰ ਕੀ ਪਤਾ ਮਾਲਕ ਦੀ ਕੀ ਮੌਜ ਸੀ। ਉਸ ਵੇਲੇ ਆਵਾਜ਼ ਆਈ ਐਸੀ -

*ਧਾਰਨਾ - ਕਦੇ ਹੋਣਗੇ ਸੰਜੋਗਾਂ ਨਾਲ ਮੇਲੇ,*
*ਨਦੀਆਂ ਦੇ ਵਹਿਣ ਵਿਛੜੇ।*

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*
*ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥*

*ਅੰਗ - ੪੩੯*

ਉਸ ਤੋਂ ਬਾਅਦ ਕੀ ਦੇਖਦੇ ਨੇ, ਮਹਾਰਾਜ ਨੇ ਯੋਗ ਮਾਇਆ ਨਾਲ ਅਗਨ ਪ੍ਰਚੰਡ ਕਰ ਲਈ।

ਕਈ ਪ੍ਰੇਮੀਆਂ ਨੂੰ ਇਸ ਗੱਲ ਦਾ ਪਤਾ ਨਹੀਂ ਹੈ, ਆਹ ਈਟਾ ਯੂ.ਪੀ ਵਿਚ ਹੈ। ਉਥੇ ਇਕ ਨਿਹੰਗ ਸਾਧੂ ਸਿੰਘ ਰਹਿੰਦਾ ਸੀ, 110 ਸਾਲ ਦਾ ਸੀ। ਉਹਨੇ ਆਖਰੀ ਦਿਨ ਕਿਹਾ ਕਿ ਅੱਜ ਮੇਰਾ ਅੰਨ ਪਾਣੀ ਇਥੋਂ ਖਤਮ ਹੋ ਗਿਆ। ਅੱਜ ਮੈਂ ਚਲੇ ਜਾਣਾ। ਇਕ ਬਿਜਨਸਮੈਨ ਸੀ ਸਿੰਘ, ਉਹ ਸੇਵਾ ਕਰਦਾ ਸੀ। ਉਹਨੇ ਲੜਕਾ ਭੇਜ ਦਿਤਾ ਆਪਣਾ ਕਿ ਜਾਹ ਤੂੰ ਪ੍ਰਸ਼ਾਦਾ ਛਕਾ ਆ। ਰੋਜ਼ ਹੀ ਛਕਾਉਂਦੇ ਸੀ। ਉਹ ਕਹਿੰਦਾ, ਕਾਕਾ ਬਰਤਨ ਲੈ ਜਾਈਂ। ਉਹ ਜਦੋਂ ਬਰਤਨ ਲੈਣ ਵਾਸਤੇ ਆਇਆ, ਕੀ ਦੇਖਦਾ ਹੈ ਨਿਹੰਗ ਸਿੰਘ ਬੈਠੇ ਨੇ ਸਫ 'ਤੇ ਸਰੀਰ ਦੇ ਵਿਚੋਂ ਅੱਗ ਨਿਕਲ ਰਹੀ ਹੈ। ਉਹਨੇ ਆ ਕੇ ਆਪਣੇ ਪਿਉ ਨੂੰ ਦੱਸਿਆ ਕਿ ਅੱਗ ਨਿਕਲ ਰਹੀ ਹੈ ਉਨ੍ਹਾਂ ਦੇ ਸਰੀਰ 'ਚੋਂ ਤਾਂ। ਲੋਕ ਇਕੱਠੇ ਹੋ ਗਏ ਸਾਰੇ ਕਿ ਇਹ ਕੀ ਹੋਇਆ। ਇਕੱਲਾ-ਇਕੱਲਾ ਅੰਗ ਅੱਗ 'ਚ ਜਲਦਾ ਤੁਰਿਆ ਜਾ ਰਿਹਾ ਹੈ, ਬਾਂਹ ਜਲ ਰਹੀ ਹੈ, ਲੱਤ ਜਲ ਰਹੀ ਹੈ। ਕੱਪੜਾ ਕੋਈ ਨਹੀਂ ਜਲ ਰਿਹਾ। ਐਸ.ਪੀ ਨੂੰ ਪਤਾ ਲੱਗਿਆ ਉਹ ਆ ਗਿਆ, ਡੀ. ਸੀ ਨੂੰ ਪਤਾ ਲੱਗਿਆ ਉਹ ਆ ਗਿਆ, ਸਾਇੰਸ ਦਾ ਉਥੇ ਕਾਲਜ ਸੀ ਸਾਰੇ ਪ੍ਰੋਫੈਸਰ ਆ ਗਏ। ਦੇਖੀ ਜਾਂਦੇ ਨੇ। ਡੀ.ਸੀ ਹੱਥ ਲਾਉਣ ਲੱਗਿਆ, ਅੱਗ ਇਕ ਦਮ ਆਈ ਉਹਦੇ ਵਲ। ਉਹ ਪਾਸੇ ਹੱਟ ਗਿਆ। ਉਸ ਤੋਂ ਬਾਅਦ ਇਕ ਮਾਈ ਆਈ, ਪਤਾ ਉਹਨੂੰ ਕੀ ਸੀ, ਉਹਨੇ ਨੱਠ ਕੇ ਆ ਕੇ ਜਿਹੜਾ ਪੈਰ ਰਹਿ ਗਿਆ ਸੀ, ਪੈਰ ਦੇ ਉਤੇ ਮੱਥਾ ਲਾ ਦਿਤਾ। ਜਦੋਂ ਮੱਥਾ ਲਾਇਆ, ਅੱਗ ਬੁਝ ਗਈ। ਪੈਰ ਇਕੱਲਾ ਰਹਿ ਗਿਆ। ਫੇਰ ਤਿੰਨਾਂ ਹੀ ਜਾਤੀਆਂ ਨੇ, ਹਿੰਦੂ, ਮੁਸਲਮਾਨ, ਸਿੱਖਾਂ ਨੇ ਇਕੱਠੇ ਹੋ ਕੇ ਉਦੋਂ ਪੈਰ ਦਾ ਜਲੂਸ ਕੱਢ ਕੇ, ਸ਼ਮਸ਼ਾਨ ਭੂਮੀ 'ਚ ਜਾ ਕੇ ਸਸਕਾਰ ਕਰਿਆ ਸੀ।

ਉਸ ਨੂੰ ਕਹਿੰਦੇ ਨੇ, ਯੋਗ ਅਗਨ। ਯੋਗੀ ਚਿਖਾ 'ਚ ਨਹੀਂ ਬੈਠਦੇ, ਆਪਣੇ ਆਪ ਹੀ ਭਸਮ ਹੋ ਜਾਂਦੇ ਨੇ।

ਮਹਾਰਾਜ ਪਹਿਲਾਂ ਜਦੋਂ ਬੈਠੇ, ਅੱਗ ਜਦੋਂ ਲੱਗੀ ਚਿਖਾ ਨੂੰ, ਗੁਰੂ ਮਹਾਰਾਜ ਨੂੰ ਕੁਛ ਵੀ ਨਹੀਂ ਹੋਇਆ, ਪੂਰੇ ਸ਼ਸਤਰ ਪਾਏ ਹੋਏ ਨੇ, ਅੱਗ ਲੱਗ ਹੀ ਨੀਂ ਰਹੀ, ਉਵੇਂ ਜਿਵੇਂ ਬੈਠੇ ਨੇ। ਉਸ ਤੋਂ ਬਾਅਦ ਜਦੋਂ ਦੇਖਦੇ ਨੇ, ਉਹ ਨਜ਼ਰ ਨਹੀਂ ਆਏ।

ਐਨੇ ਨੂੰ ਅਫਸੋਸ 'ਚ ਬੈਠੇ ਨੇ ਦਸ ਵੱਜ ਗਏ ਰਾਤ ਦੇ ਤੇ ਜਿਹੜਾ ਪਹਿਰੇਦਾਰ ਸੀਗਾ ਤਬੇਲੇ ਦਾ, ਘੋੜਿਆਂ ਦਾ, ਕਹਿਣ ਲੱਗਿਆ, ਕਮੈਤ ਘੋੜਾ ਜਿਹੜਾ ਮਹਾਰਾਜ ਜੀ ਦੀ ਸਵਾਰੀ ਦਾ ਸੀ ਉਹ ਤਾਂ ਪਤਾ ਹੀ ਨਹੀਂ ਕਿੱਧਰ ਚਲਿਆ ਗਿਆ। ਤਾਲੇ ਲੱਗੇ ਹੋਏ ਨੇ ਮੈਂ ਨਹੀਂ ਕਹਿ ਸਕਦਾ ਕਿ ਕਿੱਥੇ ਗਿਆ।

ਇਸ ਤਰ੍ਹਾਂ ਗੁਰੂ ਮਹਾਰਾਜ ਦਸਵੇਂ ਪਾਤਸ਼ਾਹ ਹੁਕਮ 'ਚ ਆਏ ਸੀ ਅਕਾਲ ਪੁਰਖ ਨੇ ਭੇਜੇ ਸੀ। ਉਹ ਆਪਣੇ ਦੇਸ਼ 'ਚ ਸਾਨੂੰ ਤਿਆਰ-ਬਰ-ਤਿਆਰ ਕਰਕੇ, ਜੀਵਨ ਦਾ ਰਾਹ ਦਸ ਕੇ, ਜੀਉਣ ਦੀ ਜੁਗਤੀ ਦਸ ਕੇ, ਸਵਾਏਮਾਨ ਦੇ ਨਾਲ ਜੀਵਨ ਗੁਜ਼ਾਰਨ ਦੀ ਗੱਲ ਦਸ ਕੇ, ਉਹ ਅਲੋਪ ਹੋ ਗਏ, ਗਏ ਕਿਤੇ ਨਹੀਂ ਹੈਗੇ। ਉਹ ਸਿੱਖ ਦੀ ਸੰਭਾਲ ਕਰਦੇ ਨੇ। ਸਿੱਖ ਕਦੋਂ ਟੁੱਟਦਾ ਹੈ ਗੁਰੂ ਨਾਲੋਂ ਜਦੋਂ ਗੁਰੂ ਤੋਂ ਬੇਮੁਖ ਹੋ ਕੇ ਸ਼ਰਾਬਾਂ ਪੀਣ ਲਗ ਜਾਏ, ਰਹਿਤਾਂ ਤੋਂ ਕੁਰਹਿਤਾਂ 'ਚ ਪੈ ਜਾਏ, ਗਲਤ ਗੱਲਾਂ ਕਰਨ ਲਗ ਜਾਏ, ਚੁਗਲੀਆਂ ਕਰਨ ਲਗ ਜਾਏ, ਲੜਾਈਆਂ ਕਰਨ ਲਗ ਜਾਏ। ਫੇਰ ਗੁਰੂ ਪਾਸੇ ਹਟ ਜਾਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਆਪਾਂ ਵਿਚਾਰਾਂ ਕੀਤੀਆਂ ਨੇ, ਗੁਰੂ ਮਹਾਰਾਜ ਸਾਡੇ ਉਪਰ ਵੀ ਕ੍ਰਿਪਾ ਕਰਨ।

ਅਨੰਦ ਸਾਹਿਬ, ਗੁਰਸਤੋਤਰ, ਅਰਦਾਸ, ਹੁਕਮਨਾਮਾ।

# ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ

*ਸੰਤ ਬਾਬਾ ਹਰਪਾਲ ਸਿੰਘ ਜੀ*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ, ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ ਜੀ। ਪਾਤਸ਼ਾਹ ਜੀ ਦੀਆਂ ਅਪਾਰ ਬਖਸ਼ਿਸ਼ਾਂ ਬਦੌਲਤ ਕ੍ਰਿਪਾ ਹੋਈ ਸੇਵਕਾਂ ਨੂੰ ਇਹ ਸੋਹਣੇ ਘਰ ਪ੍ਰਾਪਤ ਹੋਏ। ਧੁਰ ਦਰਗਾਹੀ ਇਲਾਹੀ ਬਾਣੀ ਦੇ ਅਖੰਡ ਪਾਠ ਕਰਵਾਏ ਗਏ, ਭੋਗ ਪਾਏ ਗਏ। ਕਿੰਨੀਆਂ ਰਹਿਮਤਾਂ ਹਨ –

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*
*ਸੋ ਥਾਨੁ ਸੁਹਾਵਾ ਰਾਮ ਰਾਜੇ ॥ ਅੰਗ– ੪੫੦*

ਸੁਹਾਵਣਾ ਸੋਹਣਾ ਥਾਂ ਬਣ ਗਿਆ। ਜਿਥੇ ਕਿ ਬਾਣੀ ਪੜ੍ਹੀ ਗਈ, ਸੁਣੀ ਗਈ ਸਤਿਸੰਗ ਹੋ ਰਿਹਾ ਹੈ। ਐਸੇ ਥਾਂ –

*ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥*
*ਅੰਗ– ੪੫੦*

ਗੁਰਸਿੱਖ ਲੱਭ ਲੈਂਦੇ ਨੇ ਤੇ ਧੂੜ ਮੁੱਖ ਹੈ, ਉਹ ਐਸੀ ਹੁੰਦੀ ਹੈ ਜਿਵੇਂ ਤਿੰਨ ਦਿਨ ਬਾਣੀ ਪੜ੍ਹੀ ਗਈ। ਇਹ ਮੁਖ ਧੂੜ ਹੈ। ਇਥੇ ਸੰਗਤਾਂ ਆਈਆਂ ਪਿਆਰ ਵਿਚ ਸਤਿਗੁਰ ਜੀ ਆਏ ਤੇ ਉਹ ਧੂੜ ਚਰਨਾਂ ਦੀ ਵੀ ਮਿਲ ਗਈ –

*ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥*
*ਅੰਗ – ੪੬੮*

ਕਿੱਡੀਆਂ ਬਖਸ਼ਿਸ਼ਾਂ ਨੇ, ਮਾਘ ਦਾ ਮਹੀਨਾ ਹੈ, ਕਿੱਥੇ-ਕਿੱਥੇ ਜਾਂਦੇ ਹਨ ਲੋਕ –

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*
*ਅੰਗ– ੧੩੫*

ਪਰ ਇਥੇ ਸਤਿਗੁਰੂ ਜੀ ਆ ਗਏ –

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*ਅੰਗ– ੯੮੨*

ਬਾਣੀ ਪੜ੍ਹਨ ਨਾਲ, ਬਾਣੀ ਸੁਣਨ ਨਾਲ ਸਾਰੇ ਤੀਰਥਾਂ ਦੇ ਇਸ਼ਨਾਨ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ– ੫੪੬*

ਕਰੋੜਾਂ ਯੱਗਾਂ ਦੇ ਫਲ ਮਿਲ ਜਾਂਦੇ ਹਨ। ਸੋ ਕ੍ਰਿਪਾ ਹੋਈ ਹੈ, ਐਸੀ ਜਗ੍ਹਾ ਜਿਥੇ ਸਤਿਗੁਰੂ ਜੀ ਬੈਠ ਗਏ, ਭਾਗ ਜਾਗ ਗਏ –

*ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥*
*ਅੰਗ– ੬੨੭*

ਜਿਹੜੇ ਦੁਖ ਰੋਗ ਨੇ ਇਹ ਸਾਰੇ ਬਾਣੀ ਸੁਣਨ ਦੇ ਨਾਲ ਦੂਰ ਹੋ ਜਾਂਦੇ ਨੇ। ਸਾਰੇ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ –

*ਬਿਘਨ ਬਿਨਾਸਨ ਸਭਿ ਦੁਖ ਨਾਸਨ*
*ਸਤਿਗੁਰਿ ਨਾਮੁ ਦ੍ਰਿੜਾਇਆ ॥*
*ਖੋਏ ਪਾਪ ਭਏ ਸਭਿ ਪਾਵਨ*
*ਜਨ ਨਾਨਕ ਸੁਖਿ ਘਰਿ ਆਇਆ ॥ ਅੰਗ– ੬੨੨*

ਪ੍ਰੇਮੀ ਪਰਿਵਾਰ ਨੂੰ ਇਹ ਬਖਸ਼ਿਸ਼ ਪ੍ਰਾਪਤ ਹੋਈ ਹੈ। ਜ਼ਿੰਦਗੀ ਰੂਪੀ ਜੋ ਰੈਣ ਹੈ ਉਸ ਵਾਸਤੇ ਕੁੱਲੀ, ਜੁੱਲੀ, ਗੁੱਲੀ ਦੀ ਲੋੜ। ਰੋਟੀ, ਕਪੜਾ, ਮਕਾਨ ਦੀ ਲੋੜ ਹੈ। ਇਹ ਸਤਿਗੁਰਾਂ ਨੇ ਬਖਸ਼ਿਸ਼ ਕੀਤੀ ਹੈ –

*ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ*
*ਥਾਨੁ ਸੁਹਾਵਾ ਰਾਮ ਰਾਜੇ ॥*
*ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥*
*ਅੰਗ – ੪੫੦*

ਜਿਥੇ ਵੀ ਸਤਿਗੁਰੂ ਬੈਠ ਗਏ, ਉਹ ਥਾਨ ਸੁਹਾਵਾ ਹੋ ਗਿਆ। ਧਰਤੀ ਨੂੰ ਭਾਗ ਲਗ ਗਏ –

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥*
*ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥*
*ਅੰਗ– ੩੧੯*

*ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥*
*ਅੰਗ – ੮੯੦*

***'ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥'*** ਇਹ ਧੂੜ ਮਿਲ ਜਾਣੀ। ਚੰਗੇ ਭਾਗਾਂ ਦੀ ਨਿਸ਼ਾਨੀ ਹੈ।

*ਗੁਰਸਿਖਾ ਕੀ ਘਾਲ ਥਾਇ ਪਈ*
*ਜਿਨ ਹਰਿ ਨਾਮੁ ਧਿਆਵਾ ॥*
*ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥*
*ਅੰਗ– ੪੫੦*

ਗੁਰਸਿੱਖਾਂ ਦੀ ਕੀਤੀ ਹੋਈ ਘਾਲਣਾ-ਕਮਾਈ, ਨਾਮ ਦੀ ਰੁਸਵਾਈ, ਗੁਰਮੰਤ੍ਰ ਦੀ ਕੀਤੀ ਕਮਾਈ, ਇਹ ਘਾਲਣਾ ਥਾਂ ਪੈਂਦੀ ਹੈ। ਬਾਕੀ ਨਹੀਂ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*

*ਅੰਗ- ੧੦*

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ*
*ਸੰਝ ਤੇ ਫਜਰੇ। ਭਾਈ ਵੀਰ ਸਿੰਘ ਜੀ*

ਆਹ ਉਮਰ ਵਿਚ ਕੀਤੀ ਘਾਲਣਾ ਥਾਂ ਪੈਂਦੀ ਹੈ ਉਹਨਾਂ ਦੀ, ਜਿਹੜੇ ਨਾਮ ਨਾਲ ਜੁੜਦੇ ਨੇ, ਨਾਮ 'ਚ ਸਥਿਤ ਹੁੰਦੇ ਨੇ। ਉਹਨਾਂ ਦੀ ਫੇਰ ਪੂਜਾ ਵੀ ਹੁੰਦੀ ਹੈ-

*ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥*

*ਅੰਗ- ੪੫੧*

ਕਿੰਨੀ ਸੁਹਾਵਣੀ ਘੜੀ ਹੈ ਜਿਥੇ ਬੈਠ ਕੇ ਹਰੀ ਗੁਣ ਗਾਏ ਜਾਂਦੇ ਨੇ -

*ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥ ਅੰਗ- ੭੪੫*

ਇਹ ਇਲਾਕਾ ਕਿੰਨਾ ਪਛੜਿਆ ਹੋਇਆ ਸੀ। ਗੁਰੂ ਪਾਤਸ਼ਾਹ ਨੇ ਰਹਿਮਤ ਕੀਤੀ, ਐਸੇ ਮਹਾਂਪੁਰਸ਼ ਇਸ ਇਲਾਕੇ ਦੇ ਵਿਚ ਆਏ ਕਿ ਜਿਨ੍ਹਾਂ ਨੇ ਆਪਣਾ ਤਨ, ਮਨ, ਧਨ ਇਥੇ ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਲਾਇਆ। ਦੇਖਦੇ-ਦੇਖਦੇ ਹੀ ਕਿੰਨੇ ਭਾਗ ਲਗ ਗਏ -

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥ ਅੰਗ- ੩੧੯*

ਜਦੋਂ ਇਥੇ ਸਤਿਸੰਗ ਹੋਣੇ ਸਾਰਿਆਂ ਨੇ ਮਹਾਂਪੁਰਸ਼ਾਂ ਨੂੰ ਕਹਿਣਾ ਕਿ ਅਸੀਂ ਤਾਂ ਬਹੁਤ ਪਛੜੇ ਹੋਏ ਹਾਂ। ਮਹਾਂਪੁਰਖਾਂ ਨੇ ਕਹਿਣਾ ਕਿ ਪਿਆਰਿਓ! ਤੁਸੀਂ ਗੁਰਮੁਖ ਬਣੋ, ਨਸ਼ਿਆਂ ਦਾ ਤਿਆਗ ਕਰੋ। ਅੰਮ੍ਰਿਤ ਛਕੋ। ਜਦੋਂ ਨਾਮ ਨਾਲ ਜੁੜ ਗਏ, ਆਪੇ ਹੀ ਬਰਕਤਾਂ ਪੈਣਗੀਆਂ। ਸਾਰੀਆਂ ਰਿੱਧੀਆਂ-ਸਿੱਧੀਆਂ ਪਿਛੇ ਲੱਗੀਆਂ ਆਪੇ ਹੀ ਆਉਣਗੀਆਂ। ਇਥੇ ਤਾਂ ਸੈਣੀਮਾਜਰਾ ਨਗਰ ਤਮਾਕੂ ਬੀਜਦੇ ਸੀ। ਮਹਾਂਪੁਰਸ਼ਾਂ ਨੇ ਐਸੇ ਨਖਿੱਧ ਕਰਮਾਂ ਤੋਂ ਹਟਾਏ, ਬਚਨ ਕੀਤੇ ਕਿ ਤੁਹਾਡੀਆਂ ਇਹ ਜ਼ਮੀਨਾਂ ਕਰੋੜਾਂ ਹੋ ਜਾਣੀਆਂ ਨੇ, ਲਿਸਟ ਉਲਟੀ ਹੋ ਜਾਣੀ ਹੈ, ਪਛੜੇ ਹੋਏ (backward) ਦੀ ਜਗ੍ਹਾਂ ਉੱਨਤੀ ਭਰਪੂਰ (farward) ਹੋ ਜਾਣਾ ਹੈ। ਇਥੇ ਸ਼ਹਿਰ ਬਣ ਜਾਣਾ ਹੈ। ਵੱਡੀਆਂ ਕ੍ਰਿਪਾ ਹੋਈਆਂ, ਬਚਨ ਸਫਲੇ ਹੋਏ। ਰਹਿਮਤਾਂ ਹੋਈਆਂ। ਨਾਮ ਬਾਣੀ ਨਾਲ ਜੁੜ ਕੇ ਇਹ ਬਰਕਤਾਂ, ਇਹ ਬਖਸ਼ਿਸ਼ਾਂ ਪ੍ਰਾਪਤ ਹੋਈਆਂ, ਪ੍ਰਤੱਖ ਹੈ, ਕੋਈ ਪ੍ਰਮਾਣ ਦੀ ਲੋੜ ਨਹੀਂ -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥*
*ਜੇ ਕੋ ਆਪੁਨਾ ਦੂਖੁ ਮਿਟਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ ਅੰਗ- ੨੬੬*

ਚਾਰੋਂ ਪਦਾਰਥ ਦੀਨ ਤੇ ਦੁਨੀਆਂ ਦੇ ਕਿਸਨੂੰ ਮਿਲਦੇ ਨੇ? ਜਿਹੜੇ ਸੇਵਾ ਕਰਦੇ ਨੇ। ਅੱਜ ਇਹ ਪ੍ਰੇਮੀ ਪਰਿਵਾਰ ਸੇਵਾ ਕਰ ਰਹੇ ਨੇ, ਸੰਗਤਾਂ ਨੂੰ ਬੁਲਾਇਆ, ਸਤਿਗੁਰ ਜੀ ਆਏ, ਸਤਿਸੰਗ ਹੋਏ, ਸੰਗਤਾਂ ਦੀਆਂ ਖੁਸ਼ੀਆਂ ਲੈਣ ਵਾਸਤੇ ਗੁਰੂ ਕੇ ਲੰਗਰ ਕੀਤੇ ਗਏ -

*ਦੇਗ ਤੇਗ ਜਗ ਮਹਿ ਦੋਊ ਚਲੈ।*
*ਰਾਖਿ ਆਪਿ ਮੋਹਿ ਅਉਰ ਨ ਦਲੈ।*
*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ ਅੰਗ- ੯੪*

ਖੁਸ਼ੀਆਂ ਹੀ ਖੁਸ਼ੀਆਂ ਮਿਲਦੀਆਂ ਨੇ। ਸੰਗਤ ਦੀ ਪ੍ਰਸੰਨਤਾ ਗੁਰੂ ਦੀ ਪ੍ਰਸੰਨਤਾ ਹੁੰਦੀ ਹੈ -

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥*
*ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ॥*

*ਅੰਗ- ੪੪*

ਸੇਵਾ ਤੋਂ, ਸਿਮਰਨ ਤੋਂ, ਧਰਮ, ਅਰਥ, ਕਾਮ, ਮੋਕਸ਼ ਇਹ ਚਾਰੋਂ ਪਦਾਰਥ ਮਿਲਦੇ ਨੇ। ਧਰਮ ਨਾਲ ਰਿਸ਼ਤਾ ਜੁੜਦਾ ਹੈ, (economy) ਅਰਥ ਮਜ਼ਬੂਤ ਹੁੰਦਾ ਹੈ, ਸ਼ਕਤੀਸ਼ਾਲ ਹੋ ਜਾਂਦੈ। ਸ਼ੁਭ ਕਾਮਨਾਵਾਂ ਦੀ ਪੂਰਤੀ ਹੋ ਕੇ ਅੰਤ ਮੋਖਸ਼ ਦੀ ਪ੍ਰਾਪਤੀ ਹੋ ਜਾਂਦੀ ਹੈ -

*ਚਾਰਿ ਪਦਾਰਥ ਜੇ ਕੋ ਮਾਗੈ ॥*
*ਸਾਧ ਜਨਾ ਕੀ ਸੇਵਾ ਲਾਗੈ ॥*
*ਜੇ ਕੋ ਆਪੁਨਾ ਦੂਖੁ ਮਿਟਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ ਅੰਗ- ੨੬੬*

ਐਡੀਆਂ ਬਖਸ਼ਿਸ਼ਾਂ ਹੋਣ, ਸੋਹਣੇ ਮਕਾਨ ਮਿਲਣ, ਇਹਨਾਂ ਵਿਚ ਬੈਠ ਕੇ ਨਾਮ ਜਪਿਆ ਜਾਵੇ। ਜਿਵੇਂ ਬਾਣੀ ਪੜ੍ਹੀ ਗਈ ਹੈ। ਰੋਜ਼ਾਨਾ ਹੀ ਐਸਾ ਕਰਮ ਹੋਵੇ ਤੇ ਖੁਸ਼ੀ ਕਿੰਨੀ ਮਿਲ ਜਾਂਦੀ ਹੈ। ਕ੍ਰਿਪਾ ਹੈ, ਬਖਸ਼ਿਸ਼ ਹੈ, ਖੁਸ਼ੀਆਂ 'ਚ ਵਾਧਾ ਹੋ ਜਾਂਦਾ ਹੈ -

*ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥*
*ਤਿਸਹਿ ਧਿਆਇ ਸਦਾ ਮਨ ਅੰਦਰਿ ॥ ਅੰਗ- ੨੬੯*

ਬੈਠ ਕੇ ਮਨ ਦੇ ਅੰਦਰ ਧਿਆਵੇ, ਸ਼ੁਕਰਾਨਾ ਕਰੇ ਜਿਵੇਂ ਅੱਜ ਇਹ ਪ੍ਰੇਮੀ ਪਰਿਵਾਰ ਸ਼ੁਕਰਾਨਾ ਕਰ ਰਹੇ ਨੇ -

*ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ - ੫*

*ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ॥ ਅੰਗ- ੬੫੨*

ਪਰ ਮਨਮੁੱਖ ਖੁਸ਼ੀ ਹੋਰ ਤਰ੍ਹਾਂ ਦੇ ਨਾਲ ਮਨਾਉਂਦੇ ਨੇ, ਸ਼ਰਾਬਾਂ ਦੇ ਦੌਰ ਚਲਦੇ ਨੇ, ਬੱਕਰੇ ਮੀਟ ਖਾਂਦੇ ਨੇ। ਨਖਿੱਧ ਕਰਮ ਕਰਦੇ ਨੇ -

*ਦਾਤਿ ਪਿਆਰੀ ਵਿਸਰਿਆ ਦਾਤਾਰਾ॥*
*ਜਾਣੈ ਨਾਹੀ ਮਰਣੁ ਵਿਚਾਰਾ ॥ ੨ ॥ ਅੰਗ- ੬੭੬*

ਇਹ ਵਿਚਾਰ ਹੀ ਨਹੀਂ ਆਈ ਕਿ ਇਥੇ ਤਾਂ ਥੋੜ੍ਹੇ ਸਮੇਂ ਵਾਸਤੇ ਰਹਿ ਕੇ ਚਲੇ ਜਾਣਾ ਹੈ। ਜਿਥੇ ਜਾਣੈ ਉਥੋਂ ਦਾ ਸੋਚਿਆ ਨਹੀਂ। ਪਰ ਐਸੇ ਗੁਰਮੁਖ ਪਰਿਵਾਰ ਸ਼ੁਕਰਾਨਾ ਕਰਦੇ ਨੇ ਕਿ ਦਾਤਾ! ਸ਼ੁਕਰ ਹੈ। ਧੰਨਵਾਦ ਹੈ ਤੇਰਾ ਕਿ ਤੂੰ ਐਡੀਆਂ ਬਖਸ਼ਿਸ਼ਾਂ ਕੀਤੀਆਂ ਨੇ। ਫੇਰ ਉਹ ਰੋਜ਼ ਹੀ ਉਹਨੂੰ ਧਿਆਉਂਦੇ ਨੇ।

ਜੇ ਦੁੱਖ ਦਾ ਖਾਤਮਾ ਕਰਨਾ ਹੈ ਤਾਂ ਕਹਿੰਦੇ ਨੇ ਹਿਰਦੇ 'ਚ ਧਿਆਵੇ। ਰੋਜ਼ ਹੀ ਧਿਆਨ 'ਚ ਬੈਠ ਕੇ ਐਸਾ ਕਰਮ ਕਰੇ, ਨੇਮ ਨਾਲ, ਨਿਤਨੇਮ ਨਾਲ। ਕਿਉਂਕਿ ਨਾਮ ਜਪਣ ਨਾਲ ਸਾਰੇ ਦੁੱਖ ਮੁਕਦੇ ਨੇ। ਸੇਵਾ ਨਾਲ ਮਾਣ ਮਿਲਦਾ ਹੈ -

*ਵਿਚਿ ਦੁਨੀਆ ਸੇਵ ਕਮਾਈਐ ॥*
*ਤਾ ਦਰਗਹ ਬੈਸਣੁ ਪਾਈਐ ॥*
*ਕਹੁ ਨਾਨਕ ਬਾਹ ਲੁਡਾਈਐ ॥ ਅੰਗ- ੨੬*

ਕੀ ਮਜ਼ਾਲ ਕਿ ਕੋਈ ਇਹ ਕਹੇ ਕਿ -

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ- ੨੫੨*

ਫੇਰ ਤਾਂ ਆਦਰ ਮਿਲਦੈ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ੫ ॥ ਅੰਗ- ੨੮੩*

ਘਰਾਂ ਦੇ ਵਿਚ ਨਾਮ ਬਾਣੀ ਨਾਲ ਆਪ ਵੀ ਜੁੜਦੇ ਨੇ -

*ਆਪਿ ਜਪਹੁ ਅਵਰਾ ਨਾਮੁ ਜਪਾਵਹੁ॥ ਅੰਗ- ੨੮੯*

ਦੂਜਿਆਂ ਨੂੰ ਵੀ ਜੋੜਦੇ ਨੇ, ਬਖਸ਼ਿਸ਼ਾਂ ਫੇਰ ਕਿੱਡੀਆਂ ਮਿਲ ਜਾਂਦੀਆਂ ਨੇ -

*ਜੇ ਕੋ ਆਪੁਨਾ ਦੂਖੁ ਮਿਟਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥*
*ਜੇ ਕੋ ਆਪੁਨੀ ਸੋਭਾ ਲੋਰੈ ॥*
*ਸਾਧਸੰਗਿ ਇਹ ਹਉਮੈ ਛੋਰੈ ॥ ਅੰਗ- ੨੬੬*

ਕਿਵੇਂ ਸੋਭਾ ਹੁੰਦੀ ਹੈ -

*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥ ਅੰਗ- ੧੩੬*

ਨਾਮ ਮਾਰਗ ਨੂੰ ਅਪਣਾਇਆ, ਸੱਚੇ ਦੇ ਮਾਰਗ ਨੂੰ ਅਪਣਾਇਆ। ਮਹਾਂਪੁਰਸ਼ਾਂ ਨੇ 'ਆਤਮ ਮਾਰਗ' ਮੈਗਜ਼ੀਨ ਚਲਾਇਆ। ਮੈਗਜ਼ੀਨ ਦਾ ਨਾਮ 'ਆਤਮ ਮਾਰਗ' ਰੱਖਿਆ। ਜਿਹੜੇ ਇਸ ਮਾਰਗ ਨੂੰ ਅਪਣਾਉਂਦੇ ਨੇ -

*ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥*
*ਅੰਗ- ੬੨੨*

ਵਡਭਾਗੇ ਨੇ ਤੇ ਸੋਭਾ ਹੁੰਦੀ ਹੈ, ਧੰਨ-ਧੰਨ ਹੁੰਦੀ ਹੈ ਕਿਉਂਕਿ ਉਹਨਾਂ ਨੇ ਸੰਗਤ ਕੀਤੀ ਸਾਧੂਆਂ ਦੀ, ਹਉਮੈ ਨੂੰ ਛੱਡ ਦਿਤਾ। ਕਿਉਂਕਿ ਹਉਮੈ ਛੱਡਣੀ ਬਹੁਤ ਔਖੀ ਹੈ। ਸਾਰੇ ਕੰਮ ਹਉਂ ਦੇ ਵਿਚ ਹੁੰਦੇ ਨੇ ਪਰ ਜਿਨ੍ਹਾਂ ਨੇ ਬੁੱਝ ਲਿਆ -

*ਹਉਮੈ ਬੂਝੈ ਤਾ ਦਰੁ ਸੂਝੈ ॥*
*ਗਿਆਨ ਵਿਹੂਣਾ ਕਥਿ ਕਥਿ ਲੂਝੈ ॥ ਅੰਗ- ੪੬੬*

*ਗਿਆਨ ਵਿਹੂਣਾ ਗਾਵੈ ਗੀਤ ॥*
*ਭੁਖੇ ਮੁਲਾਂ ਘਰੇ ਮਸੀਤਿ ॥*
*ਮਖਟੂ ਹੋਇ ਕੈ ਕੰਨ ਪੜਾਏ ॥*
*ਫਕਰੁ ਕਰੇ ਹੋਰੁ ਜਾਤਿ ਗਵਾਏ ॥*
*ਗੁਰੁ ਪੀਰੁ ਸਦਾਏ ਮੰਗਣ ਜਾਇ ॥*
*ਤਾ ਕੈ ਮੂਲਿ ਨ ਲਗੀਐ ਪਾਇ ॥*
*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ਅੰਗ- ੧੨੪੫*

ਜਿਨ੍ਹਾਂ ਨੇ ਰਸਤੇ ਨੂੰ ਪਛਾਣ ਲਿਆ ਉਸ 'ਤੇ ਚੱਲ ਪਏ, ਉਹਦੀ ਤਾਂ ਉਸਤਤੀ ਹੀ ਉਸਤਤੀ ਹੁੰਦੀ ਹੈ। ਇਸ ਤਰ੍ਹਾਂ ਕਰਨ ਨਾਲ -

*ਜੇ ਕੋ ਆਪੁਨੀ ਸੋਭਾ ਲੋਰੈ ॥*
*ਸਾਧਸੰਗਿ ਇਹ ਹਉਮੈ ਛੋਰੈ ॥ ਅੰਗ- ੨੬੬*

ਸਾਧੂਆਂ ਦੀ ਸੰਗਤ ਤੋਂ ਫੇਰ ਜੁਗਤੀ ਮਿਲਦੀ ਹੈ। ਫੇਰ ਮੁਕਤੀ ਹੋ ਜਾਂਦੀ ਹੈ -

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥*
*ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥ ੮ ॥*
*ਅੰਗ- ੨੯੫*

ਕਿੰਨੀ ਸੁਖੈਨ ਜੁਗਤ, ਸੌਖੀ ਮਹਾਂਪੁਰਸ਼ਾਂ ਨੇ ਦਰਸਾਈ। ਜੇ ਗੁਰਮੰਤ੍ਰ ਇਸ ਤਰ੍ਹਾਂ ਨਾਲ ਕਰੋ ਕਿ ਅੰਦਰ ਨੂੰ ਜਾਵੇ ਸਵਾਸ ਤਾਂ 'ਵਾਹਿ' ਬਾਹਰ ਨੂੰ ਸਵਾਸ ਆਵੇ ਤਾਂ 'ਗੁਰੂ'। ਸਵਾਸ-ਸਵਾਸ ਸਿਮਰਨ ਹੋਵੇ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

ਇਸ ਗੁਰਮੰਤ੍ਰ ਦੀ ਕਮਾਈ ਕਮਾਈ ਵਾਲੇ ਮਹਾਂਪੁਰਸ਼ਾਂ ਰਾਹੀਂ ਕਰਕੇ, ਨਾਮ ਤਕ ਰੁਸਵਾਈ ਹੋ

*(ਬਾਕੀ ਪੰਨਾ 44 'ਤੇ)*

# ਬਾਬਾ ਦੀਪ ਸਿੰਘ ਜੀ

## (ਬਾਬਾ ਜੀ ਦਾ ਜਨਮ ਦਿਵਸ - 27 ਜਨਵਰੀ 2022)

ਬਾਬਾ ਦੀਪ ਸਿੰਘ ਜੀ ਇਕ ਮਹਾਨ ਸੰਤ ਸਿਪਾਹੀ ਹੋਏ ਹਨ। ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਜੀ ਦੇ ਹੱਥੋਂ ਅੰਮ੍ਰਿਤ ਪਾਨ ਕੀਤਾ ਸੀ। ਆਪ ਜੀ ਜਿਥੇ ਭਗਤ, ਸੂਰਮੇ, ਆਗੂ, ਜਰਨੈਲ ਤੇ ਸਿਪਾਹੀ ਸਨ, ਉਥੇ ਵਿਦਵਾਨ ਵੀ ਸਨ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਉਤਾਰੇ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਵਿਖੇ ਬੈਠ ਕੇ ਕੀਤੇ ਸਨ। ਚਾਰ ਉਤਾਰੇ ਚੌਹਾਂ ਤਖਤਾਂ ਤੇ ਵੀ ਭੇਜੇ ਸਨ। ਆਪ ਜੀ ਦਾ ਜਨਮ ਸੰਨ 1682 ਵਿਚ, ਪਿੰਡ ਪਹੂ ਵਿੰਡ (ਮਾਝਾ) ਵਿਚ, ਮਾਤਾ ਜੀਊਣੀ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਦਾ ਨਾਮ ਭਾਈ ਭਗਤਾ ਜੀ ਸੀ, ਜੋ ਜ਼ਿਮੀਦਾਰ ਸਨ।

ਆਪ ਜੀ ਸੰਨ 1700 ਦੀ ਵਿਸਾਖੀ ਨੂੰ ਆਪਣੇ ਪਿਤਾ ਜੀ ਨਾਲ ਅਨੰਦਪੁਰ ਸਾਹਿਬ ਆਏ ਅਤੇ ਅੰਮ੍ਰਿਤ ਪਾਨ ਕੀਤਾ। ਸਿੰਘ ਸਜਣ ਮਗਰੋਂ ਆਪ ਨੇ ਪੰਥ ਵੀ ਸੇਵਾ ਵਿਚ ਹੀ ਆਪਣਾ ਜੀਵਨ ਲਾ ਦਿਤਾ। ਅਨੇਕਾਂ ਲੜਾਈਆਂ ਵਿਚ ਹਿੱਸਾ ਲਿਆ ਅਤੇ ਜਾਨ ਹੂਲ ਕੇ ਲੜੇ। ਬਾਬਾ ਬੰਦਾ ਸਿੰਘ ਜੀ ਦੇ ਸਮੇਂ ਵਿਚ ਵੀ ਆਪ ਜੀ ਨੇ ਕਈ ਜੰਗਾਂ ਵਿਚ ਹਿੱਸਾ ਲਿਆ। ਮਿਸਲਾਂ ਦੇ ਸਮੇਂ ਉਨ੍ਹਾਂ ਨੇ ਮਿਸਲ ਸ਼ਹੀਦਾਂ ਦੀ ਜਥੇਦਾਰੀ ਕੀਤੀ। ਇਸ ਮਿਸਲ ਵਿਚ ਸਿੰਘਾਂ ਦੀ ਗਿਣਤੀ ਭਾਵੇਂ ਕੁਝ ਘੱਟ ਹੀ ਰਹੀ ਹੈ, ਪਰ ਇਸ ਦਾ ਨਾਂ, ਬਹਾਦਰੀ ਅਤੇ ਜੁਰਅਤ ਕਰਕੇ ਸਦਾ ਹੀ ਕਾਇਮ ਰਿਹਾ ਹੈ।

ਅਹਿਮਦਸ਼ਾਹ ਅਬਦਾਲੀ ਦੇ ਚੌਥੇ ਹਮਲੇ (1756-57) ਦੇ ਮਗਰੋਂ ਲਾਹੌਰ ਦੀ ਗਵਰਨਰੀ ਉਸ ਦੇ ਪੁੱਤਰ ਤੈਮੂਰ ਸ਼ਾਹ ਅਤੇ ਜਹਾਨ ਖਾਨ ਦੇ ਹੱਥ ਆਈ। ਇਸ ਹਮਲੇ ਸਮੇਂ ਜਦ ਅਬਦਾਲੀ ਵਾਪਿਸ ਜਾ ਰਿਹਾ ਸੀ ਤਾਂ ਸਿੱਖਾਂ ਨੇ ਦਿੱਲੀ ਤੋਂ ਲੈ ਕੇ ਚਨਾਬ ਤਕ ਉਸ ਦਾ ਪਿੱਛਾ ਕੀਤਾ। ਉਹ ਉਸਦੀਆਂ ਫੌਜਾਂ ਤੇ ਹਮਲੇ ਕਰਦੇ ਰਹੇ ਤੇ ਉਸ ਕੋਲੋਂ ਲੁੱਟ ਦਾ ਮਾਲ ਖੋਂਹਦੇ ਰਹੇ। ਸਿੱਖਾਂ ਦਾ ਇਕ ਹਮਲਾ ਤਾਂ ਇੰਨਾਂ ਤੇਜ਼ ਸੀ ਕਿ ਇਹ ਖਬਰ (ਅਫਵਾਹ) ਵੀ ਫੇਲ ਗਈ ਕਿ ਤੈਮੂਰ ਵੀ ਪਕੜਿਆ ਗਿਆ ਹੈ। ਅਬਦਾਲੀ ਜਾਂਦਾ ਹੋਇਆ ਸਿੱਖਾਂ ਨੂੰ ਮਜ਼ਾ ਚਖਾਉਣ ਦਾ ਹੁਕਮ ਦੇ ਗਿਆ ਸੀ।

ਸਿੱਖਾਂ ਨੇ ਆਉਣ ਵਾਲੇ ਸਮੇਂ ਦੀਆਂ ਮੁਸ਼ਕਲਾਂ ਦਾ ਟਾਕਰਾ ਕਰਨ ਲਈ ਅੰਮ੍ਰਿਤਸਰ ਇਕੱਠਿਆਂ ਹੋਣ ਦੀ ਵਿਚਾਰ ਕੀਤੀ। ਤੈਮੂਰ ਤੇ ਜਹਾਨ ਖਾਨ ਸਿੱਖਾਂ ਵਿਰੁੱਧ ਸਿੱਧੀ ਕਾਰਵਾਈ ਲਈ ਸੋਚ ਰਹੇ ਸਨ। ਜਦ ਉਨ੍ਹਾਂ ਨੂੰ ਅੰਮ੍ਰਿਤਸਰ ਵਿਚ ਸਿੱਖਾਂ ਦੇ ਇਕੱਠ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਉਸ ਸਮੇਂ ਗਨੀਮਤ ਸਮਝ ਕੇ ਹਮਲਾ ਕਰਨ ਦੀ ਸੋਚੀ। ਹਮਲੇ ਨੂੰ ਮਜ਼ਹਬੀ ਰੰਗਤ ਦੇਣ ਲਈ ਜਹਾਦ ਦਾ ਝੰਡਾ ਝੁਲਾਇਆ।

ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਸਿੱਖਾਂ ਨੂੰ ਖਤਮ ਕਰਨ ਦਾ ਕੇਵਲ ਇਕੋ ਹੀ ਰਾਹ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਨੂੰ ਢਾਹ ਦਿਤਾ ਜਾਏ ਅਤੇ ਸਰੋਵਰ ਨੂੰ ਮਿੱਟੀ ਨਾਲ ਪੂਰ ਦਿਤਾ ਜਾਏ। ਉਸ ਦਾ ਵਿਚਾਰ ਸੀ ਕਿ ਸਿੱਖ ਸਰੋਵਰ ਤੋਂ ਅੰਮ੍ਰਿਤ ਪੀ ਕੇ ਅਮਰ ਹੋ ਜਾਂਦੇ ਹਨ ਅਤੇ ਉਹਨਾਂ ਵਿਚ ਲੜਨ ਦੀ ਅਥਾਹ ਸ਼ਕਤੀ ਆ ਜਾਂਦੀ ਹੈ। ਇਹ ਸੁਣ ਕੇ ਜਹਾਨ ਖਾਂ ਹਜ਼ਾਰ ਫੌਜ ਲੈ ਕੇ ਅੰਮ੍ਰਿਤਸਰ ਆਇਆ ਅਤੇ ਉਸ ਨੇ ਸ੍ਰੀ ਦਰਬਾਰ ਸਾਹਿਬ ਨੂੰ ਢਾਹ ਕੇ ਸਰੋਵਰ ਨੂੰ ਪੂਰ ਦਿਤਾ।

ਇਸ ਬੇਅਦਬੀ ਦੀ ਖਬਰ ਸਿੱਖਾਂ ਵਿਚ ਬਿਜਲੀ ਵਾਂਗ ਫੈਲ ਗਈ ਅਤੇ ਹਰ ਸਿੱਖ ਦੇ ਹਿਰਦੇ ਵਿਚ ਰੋਹ ਦੇ ਭਾਂਬੜ ਮਚ ਉਠੇ।

ਜਦ ਇਹ ਖਬਰ ਬਾਬਾ ਦੀਪ ਸਿੰਘ ਨੂੰ ਬਠਿੰਡੇ ਪਹੁੰਚੀ ਤਾਂ ਉਨ੍ਹਾਂ ਦੇ ਖੂਨ ਨੇ ਉਬਾਲਾ ਖਾਧਾ। ਉਨ੍ਹਾਂ ਨੇ ਪ੍ਰਣ ਕੀਤਾ ਕਿ ਜਦ ਤਕ ਵੈਰੀਆਂ ਨੂੰ ਇਸ ਬੇਇਜ਼ਤੀ ਦਾ ਸਬਕ ਨਾ ਸਿਖਾ ਦਿਤਾ ਜਾਵੇ ਉਹ ਇਕ ਪਲ ਵੀ ਅਰਾਮ ਨਹੀਂ ਕਰਨਗੇ। ਉਨ੍ਹਾਂ ਦੇ ਦੂਰ-ਦੂਰ ਸਿੱਖਾਂ ਸੰਗਤਾਂ ਨੂੰ ਸੱਦਾ ਪੱਤਰ ਭੇਜੇ ਅਤੇ ਲਿਖਿਆ ਕਿ ਹਰ ਸਿੱਖ, ਜਿਸ ਨੂੰ ਧਰਮ ਪਿਆਰਾ ਹੈ, ਫੌਰਨ ਦਰਬਾਰ ਸਾਹਿਬ ਦੀ ਇੱਜ਼ਤ ਨੂੰ ਕਾਇਮ ਰੱਖਣ ਲਈ ਆਪਣਾ ਆਪ ਪੇਸ਼ ਕਰੇ। ਇਹ ਸੁਨੇਹਾ ਪਹੁੰਚਦਿਆਂ ਹੀ ਸਿੱਖਾਂ ਨੇ ਬਠਿੰਡੇ ਵਲ ਵਹੀਰਾਂ ਘੱਤ ਦਿਤੀਆਂ। ਪਿੰਡਾਂ ਵਿਚੋਂ, ਸ਼ਹਿਰਾਂ ਵਿਚੋਂ, ਮਾਲਵੇ ਦੇ ਲਖੀ ਜੰਗਲ ਵਿਚੋਂ, ਜਿਥੇ ਕਿਤੇ ਵੀ ਸਿੱਖ ਰਹਿੰਦੇ ਸਨ, ਉਹ ਬਾਬਾ ਦੀਪ ਸਿੰਘ ਪਾਸ ਆ ਪਹੁੰਚੇ।

ਬਾਬਾ ਜੀ ਕੋਲ ਲੱਗਭੱਗ ਪੰਜ ਹਜ਼ਾਰ ਸਿੰਘ ਇਕੱਠੇ ਹੋ ਗਏ। ਆਪ ਨੇ ਸਿੰਘਾਂ ਨੂੰ ਕਿਹਾ ਕਿ ਅਣਖ ਦੀ ਜ਼ਿੰਦਗੀ ਹੀ ਅਸਲੀ ਜ਼ਿੰਦਗੀ ਹੈ। ਜੇ ਜੀਊਣਾ ਹੈ ਤਾਂ ਅਣਖ ਨਾਲ ਜੀਊਣਾ ਹੈ, ਜੇ ਮਰਨਾ ਹੈ ਤਾਂਵੀ ਅਣਖ ਨਾਲ ਹੀ ਮਰਨਾ ਹੈ। ਬਾਬਾ ਜੀ ਦੇ ਬਚਨਾਂ ਨੂੰ ਸੁਣ

ਕੇ ਸਭ ਸਿੰਘ ਧਰਮ-ਯੁੱਧ ਵਿਚ ਕੁੱਦਣ ਲਈ ਤਿਆਰ ਹੋ ਗਏ।

ਇਸ ਤੋਂ ਬਾਅਦ ਅਰਦਾਸ ਕਰਕੇ ਸਿੰਘਾਂ ਨੇ ਬਾਬਾ ਦੀਪ ਸਿੰਘ ਦੀ ਕਮਾਨ ਹੇਠ ਹਰੀਕੇ ਪੱਤਣ ਰਾਹੀਂ ਅੰਮ੍ਰਿਤਸਰ ਵਲ ਨੂੰ ਕੂਚ ਕਰ ਦਿਤਾ। ਤਰਨਤਾਰਨ ਕੁਝ ਸਮਾਂ ਠਹਿਰ ਕੇ ਇਹ ਘੋੜ-ਸਵਾਰ ਸੈਨਾ, ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਦਰਮਿਆਨ ਚੱਬੇ ਦੇ ਮੈਦਾਨ ਵਿਚ ਪਹੁੰਚ ਗਈ।

ਉਧਰ ਸਿੱਖਾਂ ਦੀ ਇਸ ਤਿਆਰੀ ਦੀ ਖਬਰ ਜਹਾਨ ਖਾਂ ਨੂੰ ਵੀ ਪਹੁੰਚ ਗਈ। ਇਸ ਲਈ ਉਹ ਵੀਹ ਹਜ਼ਾਰ ਫੌਜ ਨਾਲ ਲੈ ਕੇ ਇਨ੍ਹਾਂ ਦੇ ਮੁਕਾਬਲੇ ਲਈ ਆ ਗਿਆ। ਦੋਵੇਂ ਫੌਜਾਂ ਲੋਹਗੜ੍ਹ ਪਾਸ ਜਿਹੜਾ ਅੰਮ੍ਰਿਤਸਰ ਤੋਂ ਕੋਈ ਛੇ ਮੀਲ ਦੀ ਵਿੱਥ ਤੇ ਹੈ, ਆ ਮਿਲੀਆਂ ਅਤੇ ਇਕ ਦਮ ਕੱਟ ਵੱਢ ਸ਼ੁਰੂ ਹੋ ਗਈ। ਘਮਸਾਨ ਦੀ ਲੜਾਈ ਹੋਈ। ਜਹਾਨ ਖਾਂ ਆਪਣੇ ਹਾਥੀ ਤੇ ਸਵਾਰ ਹੋ ਕੇ ਲੜਾਈ ਵੇਖ ਰਿਹਾ ਸੀ। ਬਾਬਾ ਦੀਪ ਸਿੰਘ ਦਾ ਇਕ ਸਾਥੀ, ਜਿਸ ਦਾ ਨਾਂ ਦਿਆਲ ਸਿੰਘ ਸੀ, ਪੰਜ ਸੌ ਸੰਤ ਸਿਪਾਹੀ ਨਾਲ ਲੈ ਕੇ ਉਸ ਉਤੇ ਟੁੱਟ ਪਿਆ। ਦਿਆਲ ਸਿੰਘ ਨੇ ਘੋੜੇ ਨੂੰ ਉਛਾਲਿਆ ਅਤੇ ਬਿਜਲੀ ਦੀ ਫੁਰਤੀ ਨਾਲ ਜਹਾਨ ਖਾਂ ਦਾ ਸਿਰ ਲਾਹ ਕੇ ਰੱਖ ਦਿਤਾ।

ਇਹ ਵੇਖ ਕੇ ਸਿੱਖਾਂ ਦੇ ਹੌਂਸਲੇ ਹੋਰ ਵਧ ਗਏ। ਉਹਨਾਂ ਨੇ ਭੁੱਖੇ ਸ਼ੇਰਾਂ ਵਾਂਗ ਇਕ ਹੋਰ ਹੱਲਾ ਬੋਲਿਆ। ਗਜ਼ਬ ਦੀ ਤਲਵਾਰ ਚੱਲੀ। ਮੁਸਲਮਾਨੀ ਫੌਜ ਦੇ, ਜਿਹੜੀ ਕਿ ਸਿੱਖ ਫੌਜ ਨਾਲੋਂ ਤਿੰਨ ਗੁਣਾ ਸੀ, ਪੈਰ ਉਖੜ ਗਏ ਅਤੇ ਪਿਛਾਂਹ ਨੂੰ ਨੱਠ ਉਠੀ। ਪਰ ਮੌਕਾ ਐਸਾ ਬਣਿਆ ਕਿ ਲਾਹੌਰੋਂ ਮੁਸਲਮਾਨਾਂ ਦੀ ਤਾਜ਼ੀ ਕੁਮਕ ਪਹੁੰਚ ਗਈ ਅਤੇ ਭੱਜ ਰਹੀ ਮੁਸਲਮਾਨੀ ਫੌਜ ਦੀ ਜਾਨ ਵਿਚ ਜਾਨ ਆਈ। ਵੈਰੀ ਦੇ ਜਰਨੈਲ ਨੇ ਫੌਜ ਨੂੰ ਫੇਰ ਹੌਂਸਲਾ ਦੇ ਕੇ ਇਕੱਠਾ ਕੀਤਾ।

ਅਮਾਨ ਖਾਂ ਨੇ ਬਾਬਾ ਦੀਪ ਸਿੰਘ ਨੂੰ ਦੋ ਹੱਥ ਕਰਨ ਲਈ ਵੰਗਾਰਿਆ। ਬਾਬਾ ਦੀਪ ਸਿੰਘ ਸ਼ੇਰ ਵਾਂਗ ਗੱਜਦੇ ਉਸ ਤੇ ਜਾ ਪਏ। ਦੋਹਾਂ ਸੂਰਬੀਰਾਂ ਨੇ ਤਲਵਾਰ ਦੇ ਖੂਬ ਜੌਹਰ ਵਿਖਾਏ। ਅਚਾਨਕ ਦੋਹਾਂ ਦੇ ਵਾਰ ਇਕ ਇਕੋ ਸਮੇਂ ਤੇ ਹੋਣ ਕਾਰਨ ਦੋਵੇਂ ਇਕੋ ਸਮੇਂ ਸਖਤ ਜ਼ਖਮੀ ਹੋ ਗਏ।

ਬਾਬਾ ਦੀਪ ਸਿੰਘ ਨੂੰ ਸ਼ਹੀਦ ਹੁੰਦਿਆਂ ਅਤੇ ਮੂਰਛਾ ਖਾ ਕੇ ਗਿਰਦਿਆਂ ਵੇਖ ਉਹਨਾਂ ਦੇ ਇਕ ਸਾਥੀ ਨੇ ਆਵਾਜ਼ ਦਿਤੀ, ਤੁਹਾਡਾ ਪ੍ਰਣ ਹਾਲੀ ਪੂਰਾ ਨਹੀਂ ਹੋਇਆ। ਤੁਸਾਂ ਕਿਹਾ ਸੀ ਕਿ ਮੈਂ ਦਰਬਾਰ ਸਾਹਿਬ ਅਜ਼ਾਦ ਕਰਵਾ ਕੇ ਹੀ ਸਾਹ ਲਵਾਂਗਾ।

ਜਦੋਂ ਬਾਬਾ ਦੀਪ ਸਿੰਘ ਨੇ ਇਹ ਸੁਣਿਆ ਤਾਂ ਉਹਨਾਂ ਨੇ ਇਕ ਹੱਥ ਦੀ ਤਲੀ 'ਤੇ ਆਪਣਾ ਸੀਸ ਟਿਕਾਇਆ ਅਤੇ ਦੂਜੇ ਹੱਥ ਨਾਲ ਫੇਰ ਤਲਵਾਰ ਵਾਹੁਣੀ ਸ਼ੁਰੂ ਕਰ ਦਿਤੀ। ਖੂਬ ਘਮਸਾਨ ਦੀ ਲੜਾਈ ਹੋਈ। ਧਰਮ ਸਿੰਘ, ਖੇਮ ਸਿੰਘ, ਮਾਨ ਸਿੰਘ ਅਤੇ ਰਾਮ ਸਿੰਘ ਨੇ ਵੈਰੀਆਂ ਦੇ ਆਹੂ ਲਾਹ ਦਿਤੇ। ਹੀਰਾ ਸਿੰਘ ਨੇ ਜਰਨੈਲ ਸਾਬਰ ਅਲੀ ਨੂੰ, ਬਲਵੰਤ ਸਿੰਘ ਨੇ ਜ਼ਬਰਦਸਤ ਖਾਂ ਨੂੰ, ਤਲਵਾਰ ਦੇ ਘਾਟ ਉਤਾਰ ਦਿਤਾ। ਜ਼ਬਰਦਸਤ ਖਾਂ ਦੀ ਮੌਤ ਨਾਲ ਮੁਸਲਮਾਨ ਸੈਨਾ ਦੇ ਹੌਂਸਲੇ ਟੁੱਟ ਗਏ ਅਤੇ ਉਸ ਨੇ ਨਸਦੇ ਹੋਏ ਅਟਾਰੀ ਜਾ ਕੇ ਸਾਹ ਲਿਆ।

ਓਧਰ ਚਾਟੀਵਿੰਡ ਦੇ ਲਾਗੇ ਪਹੁੰਚ ਕੇ ਬਾਬਾ ਦੀਪ ਸਿੰਘ ਸਖਤ ਜ਼ਖਮੀ ਹੋਣ ਕਾਰਨ ਰੁਕ ਗਏ ਅਤੇ ਰਾਮਸਰ ਸਰੋਵਰ ਦੇ ਲਾਗੇ ਸਵਾਸ ਦੇ ਦਿਤੇ। ਉਸ ਦਿਨ ਸੰਨ 1757 ਦੇ ਨਵੰਬਰ ਮਹੀਨੇ ਦੀ 11 ਤਰੀਕ ਸੀ। ਉਹਨਾਂ ਨੇ ਸ਼ਹੀਦ ਹੋਣ ਤੋਂ ਪਹਿਲਾਂ ਆਪਣਾ ਪ੍ਰਣ ਪੂਰਾ ਕਰ ਵਿਖਾਇਆ। ਉਸ ਵੇਲੇ ਉਨ੍ਹਾਂ ਦੀ ਉਮਰ 75 ਵਰ੍ਹਿਆ ਦੀ ਸੀ।

*ਧੰਨਵਾਦ ਸਹਿਤ*
*(ਸਿੱਖ ਇਤਿਹਾਸ ਵਿਚੋਂ)*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
2. **ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**
3. **'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।**

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ

*ਭਾਈ ਚਮਕੌਰ ਸਿੰਘ*

ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ-ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਤੇ ਸਹਿਮ ਨੂੰ ਦੂਰ ਕਰਨ ਲਈ ਹਥਿਆਰਬੰਦ ਖਾਲਸਾ ਪੰਥ ਦੀ ਸਿਰਜਨਾ ਕੀਤੀ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਨਿਆਂ ਅਤੇ ਇੱਜ਼ਤ, ਸਵੈਮਾਣ ਨਾਲ ਜ਼ਿੰਦਗੀ ਜੀਣ ਲਈ ਪ੍ਰੇਰਿਆ। ਗੁਰੂ ਜੀ ਦੇ ਇਸ ਇਨਕਲਾਬੀ ਮਿਸ਼ਨ ਨੂੰ ਕੱਟੜ ਮੁਗਲ ਹਕੂਮਤ ਸਹਾਰ ਨਾ ਸਕੀ। ਦੂਜੇ ਪਾਸੇ ਧੋਤੀਆਂ ਤੇ ਬੋਦੀਆਂ ਧਾਰਮਿਕ ਪਰੰਪਰਾਵਾਂ ਦੀ ਧਾਰਨੀ ਸਨਾਤਨੀ ਜਮਾਤ ਅਤੇ ਪਹਾੜੀ ਰਾਜਿਆਂ ਦੀ ਈਰਖਾ ਦਾ ਸੰਤਾਪ ਵੀ ਗੁਰੂ ਜੀ ਨੂੰ ਹੰਡਾਉਣਾ ਪਿਆ। ਇਨ੍ਹਾਂ ਸਮਾਜ ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੂੰ ਕਈ ਯੁੱਧ ਵੀ ਲੜਨੇ ਪਏ। ਇਸ ਸੰਘਰਸ਼ ਦੌਰਾਨ ਉਨ੍ਹਾਂ ਵਲੋਂ ਅਪਣਾਈ ਯੁੱਧ-ਮਰਯਾਦਾ ਨੂੰ ਵਿਚਾਰਨਾ ਬਹੁਤ ਹੀ ਅਹਿਮ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ ਤੇ ਵਿਚਾਰ ਕਰਨ ਤੋਂ ਪਹਿਲਾਂ, ਉਨ੍ਹਾਂ ਦੇ ਇਨਕਲਾਬੀ ਮਿਸ਼ਨ ਨੂੰ ਸਮਝਣਾ ਅਤੀ ਜ਼ਰੂਰੀ ਹੈ। 'ਬਚਿੱਤ੍ਰ ਨਾਟਕ' ਵਿਚ ਉਹ ਆਪਣੇ ਜੀਵਨ-ਉਦੇਸ਼ ਨੂੰ ਖ਼ੁਦ ਹੀ ਇਸ ਤਰ੍ਹਾਂ ਬਿਆਨ ਕਰਦੇ ਹਨ -

*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥*
*ਦੁਸਟ ਦੋਖੀਯਨਿ ਪਕਰਿ ਪਛਾਰੋ॥*

ਸਪੱਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਧਰਮ ਦੀ ਸਥਾਪਨਾ ਅਤੇ ਅਧਰਮੀ ਪ੍ਰਵਿਤੀਆਂ ਦਾ ਸ਼ੰਘਾਰ ਕਰਨਾ ਸੀ। ਇਹ ਉਦੇਸ਼ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਹੀ ਗੁਰਤਾ-ਗੱਦੀ ਦੀ ਵਿਰਾਸਤ ਬਣਿਆ ਆ ਰਿਹਾ ਸੀ। ਵਿਸ਼ੇ-ਵਿਕਾਰਾਂ, ਬੁਰਾਈਆਂ ਤੇ ਕੁਰੀਤੀਆਂ ਸਦਕਾ ਸਮਾਜ ਵਿਚ ਆ ਚੁੱਕੇ ਨਿਘਾਰ ਨੂੰ ਰੋਕਣ ਲਈ, ਗੁਰੂ ਸਾਹਿਬ ਧਰਤ-ਲੋਕਾਈ ਨੂੰ ਸੁਧਾਰਨ ਦੇ ਉਦੇਸ਼ ਨਾਲ ਉਦਾਸੀਆਂ 'ਤੇ ਨਿਕਲੇ ਸਨ। ਧਰਤੀ ਨੂੰ ਧਰਮਸਾਲ ਬਣਾਉਣ ਹਿਤ ਸ੍ਰੀ ਗੁਰੂ ਨਾਨਕ ਸਾਹਿਬ ਨੇ 'ਸੱਚ ਨੂੰ ਦ੍ਰਿੜ੍ਹ ਕਰਨਾ' ਹੀ ਮਨੁੱਖਤਾ ਦਾ ਇਕੋ-ਇਕ ਸਦੀਵੀ ਧਰਮ ਐਲਾਨ ਕਰ ਦਿਤਾ ਸੀ -

*ਏਕੋ ਧਰਮੁ ਦ੍ਰਿੜੈ ਸਚ ਕੋਈ॥*
*ਗੁਰਮਤਿ ਪੂਰਾ ਜੁਗਿ ਜੁਗਿ ਸੋਈ॥*

ਬਾਅਦ ਵਿਚ ਗੁਰਤਾ-ਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਸਾਰੇ ਗੁਰੂ ਸਾਹਿਬਾਨ, ਇਸ ਰੂਹਾਨੀ ਮਿਸ਼ਨ ਦੇ ਪਹਿਰੇਦਾਰ ਬਣੇ ਰਹੇ। 'ਸੱਚ' ਧਰਮ 'ਤੇ ਡਟਣ ਖ਼ਾਤਰ ਹੀ ਸ੍ਰੀ ਗੁਰੂ ਅਰਜਨ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹਾਦਤਾਂ ਦੇਣੀਆਂ ਪਈਆਂ। ਦਸਮ ਪਾਤਸ਼ਾਹ ਨੇ ਤਾਂ ਧਰਮ ਦੀ ਸਥਾਪਨਾ ਲਈ ਆਪਣਾ ਸਰਬੰਸ ਤਕ ਸਭ ਕੁਝ ਕੁਰਬਾਨ ਕਰ ਦਿਤਾ। ਬਿਨਾਂ ਸ਼ੱਕ ਉਨ੍ਹਾਂ ਦੁਆਰਾ ਲੜੇ ਗਏ ਯੁੱਧਾਂ ਦਾ ਮਨੋਰਥ ਧਰਮ ਦੀ ਸਥਾਪਨਾ, ਨੇਕ-ਜਨਾਂ ਦੀ ਰਖਿਆ ਅਤੇ ਦੁਸ਼ਟਾਂ ਦਾ ਨਾਸ਼ ਕਰਨਾ ਸੀ -

*ਧਰਮ ਚਲਾਵਨ ਸੰਤ ਉਬਾਰਨ॥*
*ਦੁਸ਼ਟ ਸਭਨ ਕੋ ਮੂਲ ਉਪਾਰਨ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਯੁੱਧਾਂ 'ਤੇ ਡੂੰਘੀ ਵਿਚਾਰ ਕਰਨ ਤੋਂ ਵੀ ਇਹੋ ਗੱਲ ਸਪੱਸ਼ਟ ਰੂਪ ਵਿਚ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਸੰਘਰਸ਼ ਦਾ ਉਦੇਸ਼ ਸੱਚ ਧਰਮ ਦੀ ਸਥਾਪਨਾ ਲਈ ਮਜ਼ਲੂਮਾਂ, ਨਿਤਾਣਿਆਂ ਦੀ ਰਾਖੀ ਕਰਨਾ ਅਤੇ ਹਰ ਤਰ੍ਹਾਂ ਦੇ ਜਬਰ ਜ਼ੁਲਮ ਦਾ ਟਾਕਰਾ ਕਰਨਾ ਸੀ। ਉਨ੍ਹਾਂ ਦੁਆਰਾ ਜੰਗ ਲੜਨ ਦਾ ਮਨੋਰਥ ਲੋਕਾਂ ਨਾਲ ਹੋ ਰਹੇ ਜਬਰ, ਧੱਕੇਸ਼ਾਹੀ ਤੇ ਅਨਿਆਂ ਨੂੰ ਠੱਲ੍ਹ ਪਾਉਣਾ ਸੀ, ਜੋ ਕਿ 'ਗਰੀਬ ਕੀ ਰਖਿਆ, ਜਰਵਾਣੇ ਕੀ ਭੱਖਿਆ' ਦੇ ਅਸੂਲ 'ਤੇ ਅਧਾਰਤ ਸੀ। ਅਜਿਹਾ ਇਸ ਲਈ ਵੀ ਸੀ ਕਿਉਂਕਿ ਗੁਰੂ ਜੀ ਦਾ ਕਿਰਦਾਰ ਐਸੇ ਅਕਾਲੀ-ਇਸ਼ਟ ਦੇ ਪ੍ਰੇਮ-ਰੰਗ ਵਿਚ ਰੰਗਿਆ ਹੋਇਆ ਸੀ, ਜਿਹੜਾ ਆਪ 'ਗ਼ਨੀਮੁਲ ਸ਼ਿਕਸਤੈ, ਗ਼ਰੀਬੁਲ ਪਰਸਤੈ ਦਾ ਸੁਭਾਅ ਰੱਖਣ ਵਾਲਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਤਕਾਲੀ ਹਾਲਤ ਦੀ ਪੜਚੋਲ ਕਰਕੇ ਭਾਂਪ ਲਿਆ ਸੀ ਕਿ ਸਮਾਜ ਦੇ ਪਤਨ ਦਾ ਮੁੱਖ ਕਾਰਨ ਲੋਕਾਂ ਦੀ ਗ਼ੁਲਾਮ ਮਾਨਸਿਕਤਾ ਹੈ। ਇਸ ਲਈ ਉਨ੍ਹਾਂ ਦੇ ਲੋਕਾਂ ਦੀ ਸੁੱਤੀ ਹੋਈ ਅਣਖ ਨੂੰ ਜਗਾਉਣ ਅਤੇ ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਭਰਨ ਲਈ ਖਾਲਸੇ ਦੀ ਸਾਜਨਾ ਕੀਤੀ। ਜਿਹੜੇ ਲੋਕ-ਹਕੂਮਤੀ ਕਰਿੰਦਿਆਂ ਦੇ ਸਾਹਮਣੇ ਵੀ ਜ਼ੁਬਾਨ ਖੋਲ੍ਹਣ ਦੀ ਹਿੰਮਤ ਨਹੀਂ ਰਖਦੇ ਸਨ, ਉਨ੍ਹਾਂ ਦੇ ਹੱਥਾਂ 'ਚ ਤੇਗ਼ਾਂ, ਖੰਡੇ ਫੜਾ ਯੋਧੇ ਬਣਾ ਦਿਤਾ। ਆਪਣੀ ਦੂਰ ਅੰਦੇਸ਼ ਅਗਵਾਈ ਦੁਆਰਾ ਹੋਲੇ ਮੁਹੱਲੇ ਦੀ ਪਰੰਪਰਾ ਸ਼ੁਰੂ ਕਰਕੇ ਦੱਬੇ ਕੁਚਲੇ ਅਤੇ ਸਾਹਸਤਲਹੀਣ ਲੋਕਾਂ ਨੂੰ ਜਬਰ-ਜ਼ੁਲਮ ਦੇ ਖਿਲਾਫ਼ ਜੂਝਣ ਦੇ ਸਮਰੱਥ ਬਣਾ ਦਿਤਾ। ਖਾਲਸੇ ਦੀ ਸਾਜਨਾ ਦੇ ਇਸ ਰਾਜ਼ ਨੂੰ 'ਗੁਰ ਸੋਭਾ' ਦੇ ਲਿਖਾਰੀ ਨੇ ਇਸ ਤਰ੍ਹਾਂ ਕਲਮਬੱਧ ਕੀਤਾ ਹੈ -

*ਅਸੁਰ ਸੰਘਾਰਬੇ ਕੋ ਦੁਰਜਨ ਕੇ ਮਾਰਬੇ ਕੋ,*

*ਸੰਕਟ ਨਿਵਾਰਬੋ ਕੋ ਖਾਲਸਾ ਬਨਾਯੋ ਹੈ।*

ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸੰਘਰਸ਼ ਕਿਸੇ ਧਰਮ, ਕੌਮ ਜਾਂ ਫਿਰਕੇ ਦੇ ਵਿਰੁੱਧ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੀ ਜੁਝਾਰੂ ਬਿਰਤੀ ਕਿਸੇ ਬਦਲਾਉ ਭਾਵਨਾ ਦੀ ਉਪਜ ਸੀ। ਉਨ੍ਹਾਂ ਦਾ ਮਨੋਰਥ ਕਿਸੇ ਨਾਲ ਜਬਰ ਜਾਂ ਧੱਕੇਸ਼ਾਹੀ ਕਰਨਾ ਨਹੀਂ, ਬਲਕਿ ਇਸ ਨੂੰ ਰੋਕਣਾ ਸੀ। ਉਹ ਜ਼ਿੰਦਗੀ ਭਰ ਹਿੰਦੂ ਮੁਸਲਮਾਨ ਦੇ ਭੇਦਭਾਵ ਤੋਂ ਬਿਨਾਂ ਜਬਰ, ਜ਼ੁਲਮ ਤੇ ਅਨਿਆ ਖਿਲਾਫ ਜੂਝਦੇ ਰਹੇ। ਰੱਬੀ ਪ੍ਰੇਮ ਅਤੇ ਪਰਉਪਕਾਰ ਨਾਲ ਭਿੱਜੇ ਹੋਏ ਗੁਰੂ ਜੀ ਉੱਚੇ ਸੁੱਚੇ ਕਿਰਦਾਰ ਦੇ ਮਾਲਕ ਸਨ, ਜੋ ਸਮੁੱਚੀ ਮਨੁੱਖਤਾ ਨੂੰ ਇਕ ਰੂਪ ਵੇਖਦੇ ਹੋਏ ਕਹਿੰਦੇ ਹਨ –

*ਹਿੰਦੂ ਤੁਰਕ ਕੋਊ ਰਾਫਿਜ਼ੀ ਇਮਾਮਸ਼ਾਫ਼ੀ*
*ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥*

ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਵੇਲੇ ਭਾਈ ਘਨ੍ਹਈਆ ਜੀ ਵਲੋਂ ਵੈਰੀ ਦਲ ਦੇ ਸੈਨਿਕਾਂ ਨੂੰ ਪਾਣੀ ਪਿਲਾਉਣ ਵਾਲੀ ਘਟਨਾ ਤੋਂ ਵੀ ਇਹੋ ਪ੍ਰਗਟ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਿਰਵੈਰ ਭਾਵਨਾ ਰੱਖਣ ਵਾਲੇ ਸਨ, ਨਹੀਂ ਤਾਂ ਉਹ ਜ਼ਰੂਰ ਭਾਈ ਸਾਹਿਬ ਨੂੰ ਅਜਿਹਾ ਕਰਨ ਤੋਂ ਵਰਜ ਦਿੰਦੇ। ਗੁਰੂ ਜੀ ਨੇ ਕਦੇ ਵੀ ਨਿੱਜੀ ਸਵਾਰਥ ਜਾਂ ਦੁਨਿਆਵੀ ਸ਼ੋਭਾ-ਸ਼ਕਤੀ ਦੀ ਪ੍ਰਾਪਤੀ ਲਈ ਜੰਗ ਨਹੀਂ ਕੀਤੀ। ਜਿੱਤ ਪ੍ਰਾਪਤੀ ਨੂੰ ਵੀ ਉਨ੍ਹਾਂ ਅਕਾਲ ਪੁਰਖ ਦੀ ਬਖਸ਼ਿਸ਼ ਹੀ ਸਮਝਿਆ।

*ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।*

ਅਜਿਹਾ ਇਸ ਲਈ ਕੀਤਾ ਤਾਂ ਜੋ ਜਿੱਤ ਨਾਲੋਂ ਵਧਿਆ ਹੋਇਆ ਮਨੋਬਲ ਬੁਰਾਈ ਦੇ ਰਾਹ ਨਾ ਪੈ ਜਾਵੇ। ਮੈਦਾਨਿ-ਜੰਗ ਵਿਚ ਅਕਾਲ ਪੁਰਖ ਦੀ ਭੈਅ-ਭਾਵਨੀ ਹੀ ਖਾਲਸੇ ਨੂੰ ਨਿਆਂਕਾਰੀ ਬਣਾਉਂਦੀ ਹੈ। ਤਾਂਹੀ ਤਾਂ ਗੁਰੂ ਜੀ ਉਨ੍ਹਾਂ ਸੂਰਮਿਆਂ ਨੂੰ ਧੰਨਤਾ ਦੇ ਲਾਇਕ ਸਮਝਦੇ ਹਨ, ਜਿਹੜੇ ਯੁੱਧ ਸਮੇਂ ਵੀ ਅਕਾਲ ਪੁਰਖ ਨੂੰ ਯਾਦ ਰਖਦੇ ਹਨ –

*ਧੰਨਿ ਜੀਓ ਤਿਹ ਕੋ ਜਗ ਮੈ*
*ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥*

ਗੁਰੂ ਜੀ ਦੀ ਮਨੋਬਿਰਤੀ ਮੱਲੋ-ਮੱਲੀ ਜੰਗਾਂ-ਯੁੱਧਾਂ ਵਿਚ ਉਲਝਣ ਵਾਲੀ ਬਿਲਕੁਲ ਨਹੀਂ ਸੀ। ਸਾਰੀਆਂ ਜੰਗਾਂ ਵਿਚ ਪਹਿਲ ਹਮੇਸ਼ਾਂ ਮੁਗ਼ਲ ਫੌਜ ਜਾਂ ਪਹਾੜੀ ਰਾਜਿਆਂ ਵਲੋਂ ਹੁੰਦੀ ਰਹੀ, ਪਰ ਗੁਰੂ ਜੀ ਨੇ ਕਦੇ ਵੀ ਪਹਿਲ ਨਹੀਂ ਕੀਤੀ। ਇਸ ਅਸੂਲ ਨੂੰ ਉਨ੍ਹਾਂ ਦੇ ਬਿਖੜੇ ਵੇਲੇ ਵੀ ਦ੍ਰਿੜ੍ਹਤਾ ਸਹਿਤ ਕਾਇਮ ਰੱਖਿਆ। ਗੁਰੂ ਜੀ ਦਾ ਇਹ ਦ੍ਰਿੜ੍ਹ ਵਿਸ਼ਵਾਸ਼ ਸੀ ਕਿ ਜਾਬਰ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਤਲਵਾਰ ਦੀ ਵਰਤੋਂ ਤਦ ਹੀ ਜਾਇਜ਼ ਹੈ, ਜਦ ਸਾਰੇ ਹੀਲੇ-ਵਸੀਲੇ ਨਾਕਾਮ ਹੋ ਜਾਣ –

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥*
*ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ॥*

ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਲਈ ਕਦੇ ਪਹਿਲ ਨਹੀਂ ਕੀਤੀ, ਪਰ ਵੈਰੀ ਵੱਲੋਂ ਹੋਏ ਹਰ ਹਮਲੇ ਦਾ ਉਨ੍ਹਾਂ ਹਮੇਸ਼ਾ ਹੀ ਮੂੰਹ ਤੋੜਵਾਂ ਜਵਾਬ ਦਿਤਾ। ਉਸ ਸਮੇਂ ਉਨ੍ਹਾਂ ਵੈਰੀ ਦਲ ਦੀ ਫੌਜੀ ਗਣਤੀ ਜਾਂ ਸਮਰੱਥਾ ਦੀ ਪਰਵਾਹ ਵੀ ਨਹੀਂ ਕੀਤੀ। ਸਾਹਸ ਤੇ ਹੌਂਸਲੇ ਨਾਲ ਸੀਮਤ ਸਾਧਨਾਂ ਦੇ ਹੁੰਦੇ ਹੋਏ ਵੀ ਉਨ੍ਹਾਂ ਪਹਾੜੀ ਰਾਜਿਆਂ ਅਤੇ ਮੁਗ਼ਲ ਫੌਜਾਂ ਨਾਲ ਹੋਏ ਯੁੱਧਾਂ ਵਿਚ ਜਿੱਤ ਪ੍ਰਾਪਤ ਕੀਤੀ। ਦ੍ਰਿੜ੍ਹ ਨਿਸ਼ਚੇ ਸਦਕਾ ਜਿੱਤ ਹਰ ਪੜਾਅ 'ਤੇ ਉਨ੍ਹਾਂ ਦੇ ਪੈਰ ਚੁੰਮਦੀ ਰਹੀ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ਼ ਸੀ –

*ਨ ਡਰੋ ਅਰਿ ਸੋ ਜਬ ਜਾਇ ਲਰੋ।*
*ਨਿਸਚੈ ਕਰਿ ਅਪੁਨੀ ਜੀਤ ਕਰੋ॥*

ਇਤਿਹਾਸ ਤੋਂ ਪਤਾ ਲਗਦਾ ਹੈ ਕਿ ਯੁੱਧ ਸਬੰਧੀ ਗੁਰੂ ਜੀ ਦਾ ਨਜ਼ਰੀਆ ਬਿਲਕੁਲ ਸਪੱਸ਼ਟ ਸੀ ਕਿ ਵੈਰੀ ਦੀ ਈਨ ਨਹੀਂ ਮੰਨਣੀ, ਹਥਿਆਰ ਨਹੀਂ ਸੁੱਟਣੇ, ਮਰਨਾ ਪ੍ਰਵਾਨ ਹੈ ਪਰ ਪਿੱਠ ਨਹੀਂ ਦਿਖਾਉਣੀ। ਉਨ੍ਹਾਂ ਨੇ ਇਕ ਸਿੰਘ ਵਿਚ ਸਵਾ-ਸਵਾ ਲੱਖ ਦੇ ਬਰਾਬਰ ਹੋਣ ਦਾ ਅਹਿਸਾਸ ਪੈਦਾ ਕੀਤਾ। ਇਹੋ ਕਾਰਨ ਹੈ ਕਿ ਭੀੜ ਪੈਣ 'ਤੇ ਇਕੱਲੇ-ਇਕੱਲੇ ਸਿੰਘ ਨੇ ਜਬਰ ਦਲ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਰਣ-ਤੱਤੇ ਵਿਚ ਸ਼ਹੀਦ ਹੋਣ ਨੂੰ ਪੁੰਨ ਕਰਮ ਸਮਝਿਆ। ਉਨ੍ਹਾਂ ਦੇ ਹਿਰਦੇ ਅੰਦਰ ਦਸ਼ਮੇਸ਼ ਪਿਤਾ ਜੀ ਦੀ ਇਹ ਧੁਨੀ ਲਗਾਤਾਰ ਗੂੰਜਦੀ ਰਹੀ –

*ਜਬ ਆਵ ਦੀ ਅਉਧ ਨਿਦਾਨ ਬਨੈ*
*ਅਤਿ ਹੀ ਰਨ ਮੈ ਤਬ ਜੂਝ ਮਰੋ॥*

ਗੁਰੂ ਜੀ ਵਲੋਂ ਖਾਲਸੇ ਨੂੰ ਯੁੱਧ ਦੇ ਦੌਰਾਨ ਜਬਤ ਵਿਚ ਰਹਿਣ ਦੇ ਸਖਤ ਆਦੇਸ਼ ਸਨ ਕਿ ਮਜ਼ਲੂਮ, ਮਾਸੂਮ ਅਤੇ ਅਬਲਾ ਉਤੇ ਹੱਥ ਨਹੀਂ ਚੁੱਕਣਾ, ਸ਼ਰਨ ਆਏ ਵੈਰੀ ਨੂੰ ਦੁਰਕਾਰਨਾ ਨਹੀਂ, ਨਿਰਦੋਸ਼ ਨੂੰ ਮਾਰਨਾ ਨਹੀਂ, ਬਿਨਾਂ ਚੇਤਾਵਨੀ ਪਿੱਠ ਪਿਛੋਂ ਵਾਰ ਨਹੀਂ ਕਰਨਾ। ਉਨ੍ਹਾਂ ਖਾਲਸੇ ਨੂੰ ਨਿਹੱਥੇ ਅਤੇ ਕਮਜ਼ੋਰ (ਜੋ ਲੜਨ ਦੇ ਕਾਬਲ ਨਾ ਹੋਵੇ) ਉਤੇ ਵਾਰ ਕਰਨ ਤੋਂ ਵੀ ਵਰਜਿਆ। 'ਜ਼ਫਰਨਾਮੇ' ਵਿਚ ਉਨ੍ਹਾਂ ਔਰੰਗਜ਼ੇਬ ਵਲੋਂ ਕਮਜ਼ੋਰਾਂ ਤੇ ਮਜ਼ਲੂਮਾਂ ਉਤੇ ਜਬਰ ਕਰਨ ਦੀ ਘੋਰ ਨਿੰਦਾ ਕੀਤੀ ਹੈ–

*ਮਜ਼ਨ ਤੇ.ਗ ਬਰ ਖ਼ੂਨਿ ਕਸ ਬੇਦਰੇ.ਗ।*
*ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬਤੇ.ਗ।*
*ਤੂ .ਗਾਫ਼ਿਲ ਮਸ਼ੌ ਮਰਦਿ ਯਜ਼ਦਾਂ ਹਿਰਾਸ।*
*ਕਿ ਓ ਬੇਨਯਾਜ਼ਸਤੁ ਓ ਬੇਸਿਪਾਸ।*

ਸ੍ਰੀ ਗੁਰੂ ਨਾਨਕ ਸਾਹਿਬ ਦਾ ਵੀ ਫੁਰਮਾਨ ਹੈ ਕਿ ਜੇ ਜਾਬਰ ਵਿਅਕਤੀ ਕਮਜ਼ੋਰਾਂ 'ਤੇ ਜ਼ੁਲਮ ਕਰੇ ਤਾਂ ਇਹ ਨਿੰਦਣਯੋਗ ਹੈ, ਪਰ ਜੇ ਮੁਕਾਬਲਾ ਬਰਾਬਰ ਦੇ ਨਾਲ ਹੋਵੇ ਤਾਂ ਕੋਈ ਇਤਰਾਜ਼ ਨਹੀਂ –

*ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸੁ ਨ ਹੋਈ॥*

(ਪੰਨਾ 39 ਦੀ ਬਾਕੀ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ ਮਾਨਵੀ ਅਸੂਲਾਂ ਅਤੇ ਇਖ਼ਲਾਕੀ ਕਦਰਾਂ-ਕੀਮਤਾਂ ਉਤੇ ਅਧਾਰਤ ਸੀ। ਇਸ ਲਈ ਇਤਿਹਾਸ ਵਿਚ ਅਜਿਹੀ ਕੋਈ ਵੀ ਘਟਨਾ ਨਹੀਂ ਮਿਲਦੀ, ਜਦ ਗੁਰੂ ਜੀ ਦੇ ਸੰਤ-ਸਿਪਾਹੀਆ ਨੇ ਨਿਰਦੋਸ਼ ਲੋਕਾਂ ਨੂੰ ਲੁੱਟਿਆ-ਮਾਰਿਆ ਹੋਵੇ ਜਾਂ ਕਿਸੇ ਔਰਤ ਨਾਲ ਦੁਰ-ਵਿਵਹਾਰ ਕੀਤਾ ਹੋਵੇ। ਇਕ ਵਾਰ ਗੁਰੂ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਮੁਸਲਮਾਨ ਸਿਪਾਹੀ ਹਿੰਦੂ ਔਰਤਾਂ ਦੀ ਬੇਪਤੀ ਕਰਦੇ ਹਨ, ਪਰ ਸਿੱਖਾਂ ਨੂੰ ਇਸ ਦਾ ਜਵਾਬੀ ਬਦਲਾ ਲੈਣ ਤੋਂ ਕਿਉਂ ਵਰਜਿਆ ਜਾਂਦਾ ਹੈ? ਤਾਂ ਗੁਰੂ ਜੀ ਨੇ ਸ਼ੰਕਾ ਨਵਿਰਤ ਕਰਦਿਆਂ ਜਵਾਬ ਦਿਤਾ ਕਿ ਮੈਂ ਖਾਲਸਾ ਪੰਥ ਨੂੰ ਬੁਰਾਈ (ਕਲਮਲ) ਤੋਂ ਉੱਚੇ ਰੱਖਣਾ ਚਾਹੁੰਦਾ ਹਾਂ। ਕਵੀ ਸੰਤੋਖ ਸਿੰਘ ਦੇ ਸ਼ਬਦਾਂ ਵਿਚ -

*ਸੁਨਿ ਸਤਿਗੁਰ ਬੋਲੇ ਤਿਸ ਬੇਰੇ।*
*ਹਮ ਲੇ ਜਾਨੋ ਪੰਥ ਉਚੇਰੇ।*
*ਨਹੀਂ ਅਧੋਗਤਿ ਬਿਖੈ ਪੁਚਾਵੈਂ।*
*ਯਾਂ ਤੇ ਕਲਮਲ ਕਰਨ ਹਟਾਵੈਂ।*

ਯੁੱਧ ਦੇ ਇਸ ਇਖਲਾਕੀ ਮਿਆਰ ਦਾ ਪ੍ਰਭਾਵ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਸਮੇਂ ਵੀ ਕਾਇਮ ਰਿਹਾ। ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹਮਲੇ ਦਾ ਚਸ਼ਮਦੀਦ ਲਿਖਾਰੀ 'ਕਾਜ਼ੀ ਨੂਰ ਮੁਹੰਮਦ' ਆਪਣੇ ਜੰਗਨਾਮੇ ਵਿਚ ਸਿੰਘਾਂ ਨੂੰ 'ਸਗ' (ਕੁੱਤੇ) ਲਿਖਦਾ ਹੋਇਆ ਵੀ ਉਨ੍ਹਾਂ ਦੇ ਉਚੇ ਇਖ਼ਲਾਕ ਦੀ ਪ੍ਰਸੰਸਾ ਕਰਨੋਂ ਨਹੀਂ ਰਹਿੰਦਾ। ਸ. ਕਰਮ ਸਿੰਘ ਹਿਸਟੋਰੀਅਨ ਦੁਆਰਾ 'ਜੰਗਨਾਮੇ' ਦੇ ਪੰਜਾਬੀ ਤਰਜਮੇ ਅਨੁਸਾਰ ਕਾਜ਼ੀ ਦਾ ਕਹਿਣਾ ਹੈ -

"ਇਹ (ਸਿੱਖ) ਨਮਰਦ ਨੂੰ (ਜੋ ਲੜਾਈ ਵਿਚ ਹਥਿਆਰ ਸੁੱਟ ਦੇਵੇ) ਕਦੇ ਵੀ ਨਹੀਂ ਮਾਰਦੇ, ਨਾ ਹੀ ਨੱਸੇ ਜਾਂਦੇ ਨੂੰ ਵਲਦੇ ਹਨ। ਨਾ ਹੀ ਕਿਸੇ ਤ੍ਰੀਮਤ ਦਾ ਗਹਿਣਾ ਜਾਂ ਰੁਪਈਆ ਲੁੱਟਦੇ ਹਨ ਭਾਵੇਂ ਸਵਾਣੀ ਹੋਵੇ, ਭਾਵੇਂ ਗੋਲੀ ਬਾਂਦੀ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ, ਨਾ ਹੀ ਇਹ ਚੋਰੀ ਕਰਦੇ ਹਨ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਐਸੇ ਜਰਨੈਲ ਅਤੇ ਉੱਚ ਕੋਟੀ ਦੇ ਨੀਤੀਵਾਨ ਹੋਏ ਹਨ, ਜਿਨ੍ਹਾਂ ਨੇ ਜ਼ਿੰਦਗੀ ਭਰ ਹੱਕ, ਸੱਚ ਇਨਸਾਫ਼ ਲਈ ਸੰਘਰਸ਼ ਕੀਤਾ ਅਤੇ ਦੱਬੇ ਕੁਚਲੇ ਲੋਕਾਂ ਨੂੰ ਅਣਖ ਨਾਲ ਜੀਣਾ ਸਿਖਾਇਆ। ਉਨ੍ਹਾਂ ਨੇ ਹਥਿਆਰਬੰਦ ਸੰਘਰਸ਼ ਦੁਆਰਾ ਜਿੱਥੇ ਜਬਰ-ਜ਼ੁਲਮ ਦੀ ਹਨ੍ਹੇਰੀ ਨੂੰ ਠੱਲ੍ਹ ਪਾਈ, ਉਥੇ ਯੁੱਧ ਦੌਰਾਨ ਉੱਚੇ ਇਖ਼ਲਾਕੀ ਮਿਆਰ ਨੂੰ ਵੀ ਕਾਇਮ ਰੱਖਿਆ। ਉਨ੍ਹਾਂ ਦੇ ਸੰਘਰਸ਼ਮਈ ਜੀਵਨ ਦਾ ਸੁਨਹਿਰੀ ਇਤਿਹਾਸ ਹਮੇਸ਼ਾ ਲਈ ਮਨੁੱਖਤਾ ਦਾ ਮਾਰਗ-ਦਰਸ਼ਨ ਕਰਦਾ ਰਹੇਗਾ।

ਗਈ। ਹਉਮੈ ਦਾ ਖਾਤਮਾ ਹੋ ਗਿਆ -

*ਜੇ ਕੋ ਜਨਮ ਮਰਣ ਤੇ ਡਰੈ ॥*
*ਸਾਧ ਜਨਾ ਕੀ ਸਰਨੀ ਪਰੈ ॥* *ਅੰਗ- ੨੬੬*

ਸਾਰੇ ਹੀ ਡਰਦੇ ਨੇ ਜਨਮ ਤੋਂ ਮਰਨ ਤੋਂ। ਇਹ ਦੁੱਖ ਬੜੇ ਵੱਡੇ ਨੇ -

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥ ੧ ॥* *ਅੰਗ- ੧੨੫੬*

ਇਹ ਵੀ ਕਹਿੰਦੇ ਸਾਰੇ ਦੁਖ ਖਤਮ ਹੋ ਜਾਣਗੇ ਕਿਉਂਕਿ ਜਨਮ ਸਮੇਂ ਵੀ ਲਿਵ ਲੱਗੀ ਹੁੰਦੀ ਹੈ। ਜਨਮ ਲੈਂਦੇ ਹੀ ਮਾਇਆ ਪੈਂਦੀ ਹੈ ਪਰ ਜੇ ਕ੍ਰਿਪਾ ਹੋਵੇ ਫੇਰ ਲਿਵ ਲੱਗੀ ਰਹਿੰਦੀ ਹੈ ਸਾਧੂਆਂ ਦੀ। ਆਖਰੀ ਸਵਾਸ 'ਤੇ ਵੀ ਗੁਰੂ ਆਉਂਦਾ ਹੈ।

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥* *ਅੰਗ- ੨੬੬*

ਬਲਿਹਾਰ ਜਾਈਏ ਜਿਨ੍ਹਾਂ ਦੇ ਅੰਦਰ ਇਹ ਥੋੜ੍ਹੀ ਜਿਹੀ ਵੀ ਇੱਛਾ ਹੈ -

*ਕਾਂਖੀ ਏਕੈ ਦਰਸ ਤੁਹਾਰੋ ॥*
*ਨਾਨਕ ਉਨ ਸੰਗਿ ਮੋਹਿ ਉਧਾਰੋ ॥* *ਅੰਗ- ੨੬੨*

ਬਲਿਹਾਰ ਜਾਈਏ। ਜੇ ਦਰਸ਼ਨਾਂ ਦੀ ਪਿਆਸ ਹੋਵੇ। ਸੋ ਇਹ ਘਰ ਸੋਹਣੇ ਬਣੇ ਨੇ ਕਿਉਂਕਿ ਇਹਨਾਂ ਵਿਚ ਬਾਣੀ ਪੜ੍ਹੀ ਕੀਰਤਨ ਹੋਏ। ਸਤਿਸੰਗ ਹੋਇਆ, ਸੰਗਤਾਂ ਦੀ ਸੇਵਾ ਹੋਈ। ਜੇ ਇਹ ਨਹੀਂ ਹੁੰਦਾ ਤਾਂ -

*ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥*
*ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥*
*ਅੰਗ- ੧੩੭੪*

*ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥*
*ਅੰਗ- ੬੫੯*

ਪਰ ਧੰਨ ਹਨ ਐਸੇ ਗੁਰਮੁਖ ਪਿਆਰੇ ਜੋ ਐਸੇ ਸਮਿਆਂ 'ਤੇ ਸਤਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਨੇ। ਸੋ ਪ੍ਰੇਮੀ ਪਰਿਵਾਰ ਨੇ, ਸ਼ੁਕਰਾਨਾ ਕੀਤਾ ਕਿ ਸ਼ੁਕਰ ਹੈ ਦਾਤਾ, ਤੇਰ ਸ਼ੁਕਰ ਗੁਜ਼ਾਰ ਹਾਂ ਕਿ ਤੂੰ ਸਾਨੂੰ ਇਹ ਬਖਸ਼ਿਸ਼ ਕੀਤੀ ਹੈ। ਸੰਗਤਾਂ ਦਾ ਵੀ ਧੰਨਵਾਦ ਹੈ ਜਿਨ੍ਹਾਂ ਨੇ ਚਰਨ ਪਾਏ। ਸਤਿਗੁਰਾਂ ਦਾ ਤਾਂ ਕੋਟਾਨ ਕੋਟਿ ਧੰਨਵਾਦ ਹੈ ਜਿਨ੍ਹਾਂ ਨੇ ਭਾਗ ਲਾਏ -

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*
*ਸੋ ਥਾਨੁ ਸੁਹਾਵਾ ਰਾਮ ਰਾਜੇ॥* *ਅੰਗ-੪੫੦*

ਸੋ ਆਓ, ਸਾਧਸੰਗਤ ਜੀ! ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ।

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-53)*

**ਸਿਰੀਰਾਗੁ ਮਹਲਾ ੫**
**ਤਿਚਰੁ ਵਸਹਿ ਸੁਹੇਲੜੀ**
**ਜਿਚਰੁ ਸਾਥੀ ਨਾਲਿ॥**

ਹੇ ਦੇਹ! ਤੂੰ ਤਿਚਰੁ=ਉਦੋਂ ਤਕ ਸੁਹੇਲੜੀ=ਸੁਖੀ ਵਸਹਿ=ਵਸਦੀ ਹੈ, ਜਿਚਰੁ=ਜਿੰਨਾ ਚਿਰ ਉਹ ਚੇਤਨ ਬ੍ਰਹਮ ਸਾਥੀ=ਸਾਖੀ (ਜੀਵ-ਆਤਮਾ) ਤੇਰੇ ਨਾਲਿ=ਸਾਥ ਹੈ।

**ਜਾ ਸਾਥੀ ਉਠੀ ਚਲਿਆ**
**ਤਾ ਧਨੁ ਖਾਕੂ ਰਾਲਿ॥੧॥**

ਜਦੋਂ ਜੀਵ-ਆਤਮਾ ਰੂਪੀ ਸਾਥੀ ਵਾਸਨਾ ਅਨੁਸਾਰ ਪਰਾਲਬਧ ਪੂਰੀ ਹੋਣ 'ਤੇ ਤੇਰੇ ਨਾਲੋਂ ਉੱਠ ਕੇ ਪਰਲੋਕ ਨੂੰ ਚਲਾ ਗਿਆ ਤਾਂ ਉਸ ਸਮੇਂ ਹੇ ਦੇਹ ਰੂਪ ਧਨੁ=ਇਸਤਰੀਏ! ਤੂੰ ਖਾਕੂ=ਮਿੱਟੀ 'ਚ ਰਾਲਿ=ਰੁਲ ਜਾਵੇਂਗੀ। ਚਿਖਾ 'ਚ ਪੈ ਗਈ ਤਾਂ ਵੀ ਜਾਂ ਕਬਰਾਂ 'ਚ ਪੈ ਗਈ ਤਾਂ ਵੀ ਖ਼ਾਕ ਬਣ ਕੇ ਮਿੱਟੀ 'ਚ ਰੁਲ ਜਾਵੇਂਗੀ।

**ਮਨਿ ਬੈਰਾਗੁ ਭਇਆ**
**ਦਰਸਨੁ ਦੇਖਣੈ ਕਾ ਚਾਉ॥**

ਮਨੁੱਖ ਸਰੀਰਾਂ ਦੀ ਇਹ ਹਾਲਤ ਵੇਖ ਕਰਕੇ ਮੇਰੇ ਮਨ ਵਿਚ ਬੈਰਾਗ ਪੈਦਾ ਹੋ ਗਿਆ ਹੈ ਅਤੇ ਚੇਤਨ ਪ੍ਰਭੂ ਦੇ ਦਰਸਨੁ=ਦੀਦਾਰ ਦੇਖਣ ਕਾ=ਦਾ ਚਾਉ=ਉਤਸ਼ਾਹ ਪੈਦਾ ਹੋ ਗਿਆ ਹੈ, ਜੋ ਦੇਹ ਦੇ ਅੰਦਰ ਰਹਿੰਦਾ ਹੈ, ਜਿਸ ਬਿਨਾਂ ਇਹ ਦੇਹ ਮੁਰਦਾ ਹੋ ਜਾਂਦੀ ਹੈ।

**ਧੰਨੁ ਸੁ ਤੇਰਾ ਥਾਨੁ॥੧॥ ਰਹਾਉ॥**

ਹੇ ਵਾਹਿਗੁਰੂ! ਤੇਰਾ ਸੁ=ਉਹ ਸਤਿਸੰਗ ਰੂਪੀ ਥਾਨੁ=ਥਾਂ ਧੰਨੁ=ਧੰਨਤਾ ਦੇ ਯੋਗ ਹੈ ਜਿਥੇ ਤੂੰ ਆਰਾਧਿਆ ਜਾਂਦਾ ਹੈਂ ਵਾ: ਤੇਰਾ ਬੈਕੁੰਠ ਰੂਪੀ ਥਾਨੁ=ਸਥਾਨ ਧੰਨ ਹੈ।

**ਜਿਚਰੁ ਵਸਿਆ ਕੰਤੁ ਘਰਿ**
**ਜੀਉ ਜੀਉ ਸਭਿ ਕਹਾਤਿ॥**

ਜਿਚਰੁ=ਜਿੰਨਾ ਚਿਰ ਜੀਵ-ਆਤਮਾ ਰੂਪ ਕੰਤੁ=ਪਤੀ ਇਸ ਘਰਿ=ਸਰੀਰ ਵਿਚ ਵਸਿਆ=ਵਸਦਾ ਹੈ, ਓਨਾ ਚਿਰ ਸਾਰੇ ਹੀ ਜੀਉ-ਜੀਉ=ਜੀ ਜੀ ਕਹਾਤਿ=ਕਹਿੰਦੇ ਹਨ, ਭਾਵ ਸਰਦਾਰ ਜੀ, ਲਾਲਾ ਜੀ, ਸਾਹਿਬ ਜੀ, ਸੰਤ ਜੀ, ਬਾਬਾ ਜੀ, ਪਿਤਾ ਜੀ, ਵੀਰ ਜੀ ਆਦਿ ਨਾਵਾਂ ਨਾਲ ਬੁਲਾਉਂਦੇ ਹਨ।

**ਜਾ ਉਠੀ ਚਲਸੀ ਕੰਤੜਾ**
**ਤਾ ਕੋਇ ਨ ਪੁਛੈ ਤੇਰੀ ਬਾਤ॥੨॥**

ਪਰ ਜਦੋਂ ਇਹ ਜੀਵ-ਆਤਮਾ ਰੂਪੀ ਕੰਤੜਾ=ਪਤੀ ਰੱਬੀ ਹੁਕਮ ਨਾਲ ਉਠ ਕੇ ਚਲਿਆ ਜਾਵੇਗਾ ਤਾਂ ਹੇ ਦੇਹ! ਫਿਰ ਕੋਈ ਵੀ ਤੇਰੀ ਬਾਤ=ਗੱਲ ਨਹੀਂ ਪੁੱਛੇਗਾ ਭਾਵ ਕਬਰ ਦੀ ਮਿੱਟੀ ਜਾਂ ਚਿਖਾ ਦੀ ਅਗਨੀ ਦੁਆਰਾ ਤੂੰ ਪੰਜ ਤੱਤਾਂ 'ਚ ਵਿਲੀਨ ਹੋ ਜਾਣਾ ਹੈ। ਫਿਰ ਤੇਰੀ ਕੋਈ ਗੱਲ ਨਹੀਂ ਪੁੱਛੇਗਾ। ਪ੍ਰਾਣ ਨਿਕਲਣ ਤੋਂ ਬਾਅਦ ਹੀ ਸਾਰੇ ਸਬੰਧੀ ਪਰਾਏ ਹੋ ਜਾਂਦੇ ਹਨ।

**ਪੇਈਅੜੈ ਸਹੁ ਸੇਵਿ ਤੂੰ**
**ਸਾਹੁਰੜੈ ਸੁਖਿ ਵਸੁ॥**

ਹੇ ਜੀਵ ਰੂਪੀ ਇਸਤ੍ਰੀ! ਵਾ: ਹੇ ਵਿਸ਼ਿਸ਼ਟ ਬੁੱਧ! ਤੂੰ ਪੇਈਅੜੈ=ਇਸ ਮਾਤਲੋਕ ਰੂਪੀ ਪੇਕੇ ਘਰ ਵਿਚ ਸਹੁ=ਕੰਤ ਰੂਪੀ ਵਾਹਿਗੁਰੂ ਨੂੰ ਸੇਵਨਾ ਕਰ, ਤਾਂ ਤੂੰ ਪਰਲੋਕ ਰੂਪੀ ਸਾਹੁਰੜੈ=ਸਹੁਰੇ ਘਰ ਵਿਚ ਸੁਖੀ ਵਸ ਸਕੇਂਗੀ, ਭਾਵ ਜਿਹੜੀ ਇਸਤ੍ਰੀ ਨੇ ਪੇਕੇ ਘਰ ਰਹਿੰਦਿਆਂ ਪਤੀ ਦੀ ਸੇਵਾ ਕਰਨ ਦੀ ਜਾਚ ਵੱਡਿਆਂ ਤੋਂ ਸਿੱਖੀ ਹੁੰਦੀ ਹੈ, ਉਹ ਸਹੁਰੇ ਘਰ 'ਚ ਆ ਕੇ ਸੱਸ, ਦਰਾਣੀਆਂ, ਜਠਾਣੀਆਂ, ਨਣਦਾਂ ਆਦਿ 'ਚ ਵੀ ਸੁਖੀ ਵਸਦੀ ਹੈ ਤੇ ਸਨਮਾਨ ਪਾਉਂਦੀ ਹੈ ਭਾਵ ਜੰਮਣ ਮਰਨ ਦੇ ਕਲੇਸ਼ਾਂ ਤੋਂ ਉਹ ਛੁੱਟ ਜਾਵੇਗੀ ਤੇ ਆਵਾਗਵਨ 'ਚ ਨਹੀਂ ਪੈਣਾ ਪਵੇਗਾ।

**ਗੁਰ ਮਿਲਿ ਚਜੁ ਆਚਾਰੁ ਸਿਖੁ**
**ਤੁਧੁ ਕਦੇ ਨ ਲਗੈ ਦੁਖੁ॥੩॥**

ਹੇ ਭਾਈ! ਤੂੰ ਵੀ ਉਸ ਸੁਚੱਜੀ ਇਸਤ੍ਰੀ ਵਾਂਗੂ ਆਪਣੇ ਸਤਿਗੁਰੂ ਨਾਲ ਮਿਲ ਕੇ ਗਿਆਨ ਰੂਪੀ ਚਜੁ=ਢੰਗ ਅਤੇ ਸ੍ਰੇਸ਼ਟ ਕਰਮਾਂ ਦਾ ਆਚਾਰੁ=ਵਿਵਹਾਰ ਸਿੱਖਣਾ ਕਰ। ਫਿਰ ਤੈਨੂੰ ਕਦੇ ਵੀ ਜੰਮਣ ਮਰਣ ਵਾ: ਆਵਾਗਮਨ ਦਾ ਦੁੱਖ ਨਹੀਂ ਲੱਗੇਗਾ ਤੇ ਚੌਰਾਸੀ ਦੇ ਗੇੜ ਦੇ ਦੁੱਖ 'ਚ ਨਹੀਂ ਪਵੇਂਗਾ।

**ਸਭਨਾ ਸਾਹੁਰੈ ਵੰਞਣਾ**
**ਸਭਿ ਮੁਕਲਾਵਣਹਾਰ॥**

ਹੇ ਭਾਈ! ਸਭਨਾ=ਸਭ ਰੂਪੀ ਇਸਤ੍ਰੀਆਂ ਨੇ ਪਰਲੋਕ ਰੂਪੀ ਸਹੁਰੇ ਘਰ ਨੂੰ ਇਕ ਦਿਨ ਵੰਞਣਾ=ਜਾਣਾ ਹੈ ਅਤੇ ਸਾਰੀਆਂ ਨੇ ਹੀ ਮੁਕਲਾਵੇ ਜਾਣਾ ਹੈ ਵਾ: ਸਭ ਨੂੰ (ਮੁਕ+ਲਾਵੇ)=ਮੁਕਾ ਕੇ ਦੂਤ ਲਾਵੇ=ਲੈ ਜਾਂਦਾ ਹੈ, ਭਾਵ ਕਾਲ ਨੇ ਸਭ ਨੂੰ ਮੁਕਲਾਵੇ ਲੈ ਜਾਣਾ ਹੈ।

**ਨਾਨਕ ਧੰਨੁ ਸੋਹਾਗਣੀ**
**ਜਿਨ ਸਹ ਨਾਲਿ ਪਿਆਰੁ॥੪॥੨੩॥੯੩॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਗਿਆਨਵਾਨ ਗੁਰਮੁਖ ਰੂਪੀ ਸੁਹਾਗਣਾਂ ਧੰਨੁ=ਧੰਨਤਾ ਦੇ ਯੋਗ ਹਨ, ਜਿਨ੍ਹਾਂ ਦਾ ਸਹ=ਪਤੀ ਪਰਮੇਸ਼ਰ ਨਾਲ ਪਿਆਰ ਹੈ ਭਾਵ ਉਹ ਸੱਚੇ ਪਿਆਰ ਦਾ ਸਦਕਾ ਉਸ ਵਾਹਿਗੁਰੂ ਨਾਲ ਆਤਮਿਕ ਤੌਰ 'ਤੇ ਅਭੇਦ ਹੋ ਜਾਂਦੀਆਂ ਹਨ।

**ਸਿਰੀਰਾਗੁ ਮਹਲਾ ੫ ਘਰੁ ੬॥**
**ਕਰਣ ਕਾਰਨ ਏਕੁ ਓਹੀ**
**ਜਿਨਿ ਕੀਆ ਆਕਾਰੁ॥**

ਹੇ ਗੁਰਸਿੱਖੋ! ਜਿਤਨੇ ਵੀ ਸ੍ਰਿਸ਼ਟੀ ਦੀ ਉਤਪਤੀ ਦੇ ਕਾਰਨ ਮੰਨੇ ਹਨ, ਉਹਨਾਂ ਸਾਰੇ ਕਾਰਨਾਂ ਦਾ ਕਰਤਾ ਇਕ ਉਹ ਵਾਹਿਗੁਰੂ ਹੈ। ਕਾਲ ਦਾ ਕਰਤਾ ਵੀ ਉਹ ਪਰਮੇਸ਼ਰ ਹੈ। ਜੇ ਪ੍ਰਮਾਣੂ ਨੂੰ ਕਾਰਨ ਮੰਨੀਏ ਤਾਂ ਉਹ ਵੀ ਚੇਤਨ ਦੇ ਆਸਰੇ ਜੁੜਦੇ ਹਨ ਕਿਉਂਕਿ ਪ੍ਰਮਾਣੂ ਆਪ ਜੜ੍ਹ ਹੈ ਤੇ ਜੜ੍ਹ ਕੁਝ ਨਹੀਂ ਕਰ ਸਕਦੇ। ਕਰਮ ਨੂੰ ਮੰਨੀਏ ਤਾਂ ਉਹ ਵੀ ਜੜ੍ਹ ਹੈ। ਜਦੋਂ ਤਕ ਸਰੀਰ ਵਿਚ ਚੇਤਨ ਸੱਤਾ ਹੈ, ਜੀਵ ਕਰਮ ਕਰ ਸਕਦਾ ਹੈ। ਮੁਰਦਾ ਸਰੀਰ ਕੁਝ ਨਹੀਂ ਕਰ ਸਕਦਾ। ਇਸ ਲਈ ਕਰਮ ਦਾ ਕਰਤਾ ਵੀ ਉਹੀ ਹੈ। ਇਸੇ ਪ੍ਰਕਾਰ ਮਾਇਆ ਵੀ ਪਰਮੇਸ਼ਰ ਦੀ ਇੱਛਾ ਨਾਲ ਪੈਦਾ ਹੋਈ ਹੈ। ਜੇ ਅਗਿਆਨ ਨੂੰ ਸ੍ਰਿਸ਼ਟੀ ਦਾ ਕਰਤਾ ਮੰਨੀਏ ਤਾਂ ਉਹ ਵੀ ਜੜ੍ਹ ਹੈ। ਅਗਿਆਨ ਤਾਈਂ ਪ੍ਰਮੇਸ਼ਰ ਆਪ ਹੀ ਸੱਤਾ ਦੇ ਰਿਹਾ ਹੈ।

**ਤਿਸਹਿ ਧਿਆਵਹੁ ਮਨ ਮੇਰੇ**
**ਸਰਬ ਕੋ ਆਧਾਰੁ॥੧॥**

ਹੇ ਮੇਰੇ ਮਨ! ਤੂੰ ਤਿਸਹਿ=ਉਸ ਪਰਮੇਸ਼ਰ ਨੂੰ ਧਿਆਉਣਾ ਕਰ, ਜੋ ਆਪ ਹੀ ਸਰਬ=ਸਾਰਿਆਂ ਦਾ ਆਧਾਰੁ=ਆਸਰਾ ਰੂਪ ਹੈ।

**ਗੁਰ ਕੇ ਚਰਨ ਮਨ ਮਹਿ ਧਿਆਇ॥**

ਹੇ ਗੁਰਸਿੱਖੋ! ਮਨ ਇਕਾਗਰ ਕਰਕੇ ਸਤਿਗੁਰਾਂ ਕੇ=ਦੇ ਪਵਿੱਤਰ ਚਰਨ ਕਮਲਾਂ ਨੂੰ ਮਨ ਮਹਿ=ਵਿਚ ਧਿਆਇ=ਧਿਆਉਣਾ ਕਰੋ।

**ਛੋਡਿ ਸਗਲ ਸਿਆਣਪਾ**
**ਸਾਚਿ ਸਬਦਿ ਲਿਵ ਲਾਇ॥੧॥ਰਹਾਉ॥**

ਬੁੱਧੀ ਦੀਆਂ ਸਗਲ=ਸਾਰੀਆਂ ਸਿਆਣਪਾ=ਚਤੁਰਾਈਆਂ ਨੂੰ ਛੋਡਿ=ਛੱਡ ਕੇ ਸੱਚੇ ਸਤਿਗੁਰਾਂ ਦੇ ਸਬਦਿ=ਉਪਦੇਸ਼ ਵਿਚ ਵਾ: ਸਬਦਿ=ਮੰਤ੍ਰ ਵਿਚ ਵਾ: ਬਾਨੀ ਵਿਚ ਲਿਵ=ਬਿਰਤੀ ਨੂੰ ਲਾਇ=ਲਾਉਣਾ ਜੋੜਨਾ ਕਰੋ।

**ਦੁਖੁ ਕਲੇਸੁ ਨ ਭਉ ਬਿਆਪੈ**
**ਗੁਰ ਮੰਤ੍ਰੁ ਹਿਰਦੈ ਹੋਇ॥**

ਜੇ ਤੁਹਾਡੇ ਹਿਰਦੇ ਵਿਚ ਗੁਰਮੰਤ੍ਰ=ਗੁਰ ਉਪਦੇਸ਼ ਵਾ: ਵਾਹਿਗੁਰੂ ਗੁਰ-ਮੰਤਰ ਵਸਿਆ ਹੋਵੇਗਾ ਤਾਂ ਫਿਰ ਤੁਹਾਨੂੰ ਜੰਮਣ ਮਰਨ ਦਾ ਦੁਖ, ਅਵਿਦਿਆ, ਮਮਤਾ, ਰਾਗ, ਦਵੈਖ, ਅਭਿਨਿਵੇਸ਼ ਪੰਜ ਪ੍ਰਕਾਰ ਦੇ ਕਲੇਸ਼ ਅਤੇ ਸੱਤ ਪ੍ਰਕਾਰ ਦਾ ਜੋ ਭਉ=ਡਰ ਹੈ, ਉਹ ਨਹੀਂ ਬਿਆਪੈ=ਲੱਗੇਗਾ।

**ਕੋਟਿ ਜਤਨਾ ਕਰਿ ਰਹੇ**
**ਗੁਰ ਬਿਨੁ ਤਰਿਓ ਨ ਕੋਇ॥੨॥**

ਸੰਸਾਰ ਸਮੁੰਦਰ ਨੂੰ ਤਰਨ ਲਈ ਕੋਟਿ=ਕ੍ਰੋੜਾਂ ਜੀਵ ਸਾਧਨਾ ਰੂਪੀ ਜਤਨਾ=ਉਪਾਵਾਂ ਨੂੰ ਕਰ ਚੁੱਕੇ ਅਤੇ ਕਰ ਰਹੇ ਹਨ, ਪਰ ਸਤਿਗੁਰਾਂ ਤੋਂ ਬਿਨਾਂ ਕੋਈ ਵੀ ਤਰਿਆ ਨਹੀਂ ਭਾਵ ਮੁਕਤ ਨਹੀਂ ਹੋਇਆ। ਸੰਸਾਰ-ਸਮੁੰਦਰ ਵਿਚ ਹੀ ਗੋਤੇ ਖਾਂਦੇ ਹਨ ਭਾਵ ਜੰਮਦੇ-ਮਰਦੇ ਹਨ। ਭਾਵੇਂ ਕੋਈ ਕਿਤਨਾ ਮਰਜ਼ੀ ਬੁੱਧੀਵਾਨ=ਸਿਆਣਾ ਕਿਉਂ ਨਾ ਹੋਵੇ ਪਰ ਉਹ ਗੁਰੂ ਦੇ ਸ਼ਬਦ ਰੂਪ ਬੇੜੇ ਤੋਂ ਬਿਨਾਂ ਪਦਾਰਥਾਂ ਰੂਪ ਪਾਣੀ ਵਿਚ ਹੀ ਡੁੱਬ ਜਾਂਦਾ ਹੈ।

**ਦੇਖਿ ਦਰਸਨੁ ਮਨੁ ਸਾਧਾਰੈ**
**ਪਾਪ ਸਗਲੇ ਜਾਹਿ॥**

ਸੱਚੇ ਸਤਿਗੁਰਾਂ ਦੇ ਦਰਸਨੁ=ਦੀਦਾਰ ਦੇਖਿ ਕਰ ਕੇ ਹੀ ਮਨ ਸਾਧਾਰੈ=ਸੁਧਰ ਜਾਂਦਾ ਹੈ ਵਾ: ਮਨ ਸਹਿਤ ਆਸਰੇ ਦੇ ਹੋ ਜਾਂਦਾ ਹੈ ਫਿਰ ਸਗਲੇ=ਸਾਰੇ ਪਾਪ ਮਿਟ ਜਾਂਦੇ ਹਨ। ਸਤਿਗੁਰਾਂ ਦੇ ਦਰਸ਼ਨਾਂ ਦਾ ਐਸਾ ਪਰਤਾਪ ਹੈ -

**ਹਉ ਤਿਨ ਕੈ ਬਲਿਹਾਰਣੈ**
**ਜਿ ਗੁਰ ਕੀ ਪੈਰੀ ਪਾਹਿ॥੩॥**

ਹਉ=ਅਸੀਂ ਤਿਨ=ਉਨ੍ਹਾਂ ਪਿਆਰਿਆਂ ਕੈ=ਦੇ ਉਪਰੋਂ ਬਲਿਹਾਰਣੈ=ਕੁਰਬਾਨ ਜਾਂਦੇ ਹਾਂ ਜਿ=ਜਿਹੜੇ ਸਤਿਗੁਰਾਂ ਦੇ ਪੈਰੀ=ਚਰਨਾਂ ਵਿਚ ਪਾਹਿ=ਪਏ ਹਨ ਵਾ: ਜਿਨ੍ਹਾਂ ਨੇ ਆਪਣੇ ਮਨ ਨੂੰ ਗੁਰੂ ਦੇ ਚਰਨਾਂ ਵਿਚ ਪਾਹਿ=ਪਾਇਆ ਹੈ।

**ਸਾਧਸੰਗਤਿ ਮਨਿ ਵਸੈ**
**ਸਾਚੁ ਹਰਿ ਕਾ ਨਾਉ॥**

ਸਾਧ ਸੰਗਤ ਵਿਚ ਸੱਚਾ ਗੁਰ ਪਰਮੇਸ਼ਰ ਵਸੈ=ਵਸਦਾ ਹੈ। ਸੰਗਤ ਕਰਦਿਆਂ-ਕਰਦਿਆਂ ਸਾਧਸੰਗਤ ਦੁਆਰਾ ਸੱਚੇ ਹਰਿ=ਪਰਮੇਸ਼ਰ ਕਾ=ਦਾ ਨਾਉ=ਨਾਮ ਮਨ ਵਿਚ ਵਸੈ=ਵਸ ਜਾਂਦਾ ਹੈ।

**ਸੇ ਵਡਭਾਗੀ ਨਾਨਕਾ**
**ਜਿਨਾ ਮਨਿ ਇਹੁ ਭਾਉ॥੪॥੨੪॥੯੪॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸੇ=ਉਹ ਵਡਭਾਗੀ=ਵੱਡਿਆਂ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਮਨ ਵਿਚ ਪਰਮੇਸ਼ਰ ਦੇ ਭਾਉ=ਪ੍ਰੇਮ ਦਾ ਇਹ ਪ੍ਰਕਾਸ਼ ਹੋਇਆ ਹੈ ਭਾਵ ਕਿ ਜਿਨ੍ਹਾਂ ਦੇ ਮਨ ਵਿਚ ਗੁਰੂ ਤੇ ਪਰਮੇਸ਼ਰ ਪ੍ਰਤੀ ਪ੍ਰੇਮ ਭਾਵਨਾ ਹੈ।

*'ਚਲਦਾ.................॥'*

# ਜਨ ਪਰਉਪਕਾਰੀ ਆਏ
# (ਭਾਗ - 3)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-53)*

## 3. ਬੇਬੇ ਨਾਨਕੀ ਜੀ

ਬੇਬੇ ਨਾਨਕੀ ਜੀ ਦਾ ਜਨਮ 1464 ਈਸਵੀ ਵਿਚ ਉਨ੍ਹਾਂ ਦੇ ਨਾਨਕੇ ਪਿੰਡ ਪੱਖੋਕੇ (ਚਾਹਲ) ਜ਼ਿਲ੍ਹਾ ਅੰਮ੍ਰਿਤਸਰ (ਲਾਹੌਰ) ਵਿਖੇ ਮਾਤਾ ਤਿਪ੍ਰਤਾ ਜੀ ਦੀ ਕੁਖੋਂ ਹੋਇਆ। ਆਪ ਜੀ ਦੇ ਨਾਨਾ ਰਾਮਾ ਜੀ, ਨਾਨੀ ਭਿਰਾਈ ਜੀ ਤੇ ਮਾਮਾ ਕ੍ਰਿਸ਼ਨਾ ਜੀ ਸਨ। ਨਾਨਕੇ ਪਿੰਡ ਜਨਮ ਹੋਣ ਕਰਕੇ ਨਾਨਕੇ ਪਰਿਵਾਰ ਨੇ ਲਾਡ ਨਾਲ ਨਾਨਕੀ ਨਾਮ ਰੱਖ ਦਿਤਾ। ਉਹ ਗੁਰੂ ਨਾਨਕ ਸਾਹਿਬ ਜੀ ਤੋਂ ਪੰਜ ਸਾਲ ਵ'ਡੇ ਸਨ। ਆਪ ਜੀ ਨੇ ਜਿਥੇ ਛੋਟੇ ਵੀਰ ਨਾਨਕ ਜੀ ਨੂੰ ਲਾਡ ਲਡਾਏ, ਉਥੇ ਉਨ੍ਹਾਂ ਨੂੰ ਸੰਸਾਰਕ ਭਰਾ ਦੇ ਰਿਸ਼ਤੇ ਤੋਂ ਉਪਰ ਉਠ ਕੇ ਰੱਬੀ ਨੂਰ ਸਮਝ ਕੇ ਸਤਿਕਾਰ ਦਿਤਾ। ਇਸੇ ਲਈ ਸਿੱਖ ਜਗਤ ਵਿਚ ਆਪ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਪਹਿਲਾ ਸਿਖ ਸਮਝ ਕੇ ਵੀ ਸਤਿਕਾਰ ਕੀਤਾ ਜਾਂਦਾ ਹੈ ਕਿਉਂਕਿ ਬੇਬੇ ਜੀ ਨੇ ਸਭ ਤੋਂ ਪਹਿਲਾਂ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਛਾਤਾ ਤੇ ਜਦੋਂ ਕਦੇ ਪਿਤਾ ਮਹਿਤਾ ਕਾਲੂ ਜੀ, ਵੀਰ ਨਾਨਕ ਜੀ ਨੂੰ ਕਦੀ ਗੁੱਸੇ ਹੁੰਦੇ ਤਾਂ ਆਪ ਅੱਗੇ ਹੋ ਕੇ ਗਲਵਕੜੀ ਵਿਚ ਲੈ ਕੇ ਕਹਿੰਦੇ, ਪਿਤਾ ਜੀ! "ਮੇਰੇ ਵੀਰ ਤੇ ਗੁੱਸਾ ਨਾ ਕਰੋ, ਇਹ ਆਮ ਮਨੁੱਖਾਂ ਵਰਗਾ ਨਹੀਂ, ਇਹ ਤਾਂ ਰੱਬੀ ਨੂਰ ਆਪ ਪ੍ਰਮੇਸ਼ਰ ਹੈ"। ਜਦੋਂ ਗੁਰੂ ਨਾਨਕ ਜੀ ਭੁੱਖੇ ਸਾਧੂਆਂ ਨੂੰ 20 ਰੁਪਏ ਦੀ ਰਸਦ ਲੈ ਕੇ, ਭੋਜਨ ਛਕਾ ਕੇ ਤਲਵੰਡੀ ਵਾਪਿਸ ਆਉਂਦੇ ਹਨ ਤਾਂ ਪਿੰਡ ਤੋਂ ਬਾਹਰ ਹੀ ਤਲਾਅ ਦੇ ਕੰਢੇ ਤੇ ਬੈਠ ਜਾਂਦੇ ਹਨ ਤੇ ਪਿਤਾ ਕਾਲੂ ਜੀ ਬੜੇ ਗੁਸੇ ਵਿਚ ਲੱਭਣ ਵਾਸਤੇ ਜਾਂਦੇ ਹਨ। ਉਸ ਵੇਲੇ ਉਨ੍ਹਾਂ ਦਾ ਗੁੱਸਾ ਠੰਡਾ ਕਰਨ ਲਈ, ਮਾਤਾ ਤ੍ਰਿਪਤਾ ਜੀ, ਬੇਬੇ ਨਾਨਕੀ ਜੀ ਨੂੰ ਹੀ ਭੇਜਦੇ ਹਨ। ਜਦੋਂ ਦੇਖਿਆ ਕਿ ਪਿਤਾ ਜੀ ਮੇਰੇ ਪਿਆਰੇ ਵੀਰ ਦੇ ਨੂਰੀ ਮੁਖੜੇ ਤੇ ਚਪੇੜਾਂ ਮਾਰਦੇ ਹਨ ਤਾਂ ਜਲਦੀ ਨਾਲ ਦੌੜ ਕੇ ਪਿਤਾ ਜੀ ਦਾ ਹ'ਥ ਫੜ ਲਿਆ

*ਸੁਨੀ ਮਾਤ ਸਭਿ ਧਨ ਕੀ ਗਾਥਾ।*
*ਖੋਜਨਗਾ ਕਾਲੂ ਰਿਸਿ ਸਾਥਾ।*
*ਬੁਤ ਤਬਹਿ ਤਨੀਜਾ ਕੋ ਭੇਜਾ।*
*ਪਤਿ ਰਿਸ ਤੇ ਉਠਿ ਧਰਕ ਕਰੇਜਾ।*
*ਪਹੁੰਚੀ ਨਿਕਟ ਨਾਨਕੀ ਤੂਰਨ।*
*ਪਿਤ ਕਰ ਗਹਯੋਂ ਜੁ ਰਿਸ ਮੈਂ ਪੂਰਨ।*

*(ਸ੍ਰੀ ਨਾਨਕ ਪ੍ਰਕਾਸ਼)*

ਬੇਬੇ ਨਾਨਕੀ ਜੀ ਨੇ ਮਾਤਾ ਤੇ ਪਿਤਾ ਨੂੰ ਬੜੇ ਮਾਣ ਨਾਲ ਕਿਹਾ ਸੀ ਕਿ ***"ਨਾਨਕ ਜੀ" ਨੂੰ ਆਮ ਪੁੱਤਰ ਕਰਕੇ ਨਾ ਜਾਣਿਓ "ਨਾਨਕ ਕੋਈ ਇਸ ਜਗਤ ਦਾ ਜੀਵਨ ਨਹੀਂ, ਫਕੀਰ ਦੋਸਤ ਹੈ"।*** ਕਵੀ 'ਜਾਚਕ' ਜੀ ਨੇ ਬੜੇ ਸੁੰਦਰ ਲਫਜ਼ਾਂ ਨਾਲ ਬੇਬੇ ਨਾਨਕੀ ਜੀ ਦੀ ਇਸ ਭਾਵ ਪੂਰਤ ਅਟੁੱਟ ਸ਼ਰਧਾ ਬਾਰੇ ਇਸ ਤਰ੍ਹਾਂ ਜ਼ਿਕਰ ਕੀਤਾ ਹੈ।

*ਨਾਨਕ ਰੂਪ ਦੇ ਵਿਚ ਨਿਰੰਕਾਰ ਆਇਐ*
*ਸਭ ਤੋਂ ਪਹਿਲਾਂ ਪਹਿਚਾਣਿਆ ਨਾਨਕੀ ਨੇ।*
*ਘਟ ਘਟ ਦੇ ਦਿਲਾਂ ਦੀਆਂ ਜਾਣਦਾ ਜੋ*
*ਸਭ ਤੋਂ ਪਹਿਲਾਂ ਸੀ ਜਾਣਿਆ ਨਾਨਕੀ ਨੇ।*
*ਰੱਬੀ ਰੰਗ ਵਿਚ ਖੇਡਾਂ ਜੋ ਖੇਡਦੇ ਰਹੇ*
*ਰੰਗ ਉਨ੍ਹਾਂ ਦਾ ਮਾਣਿਆਂ ਨਾਨਕੀ ਨੇ।*
*ਸਾਰੀ ਉਮਰ ਹੀ ਭੈਣ ਦੇ ਪਿਆਰ ਵਾਲਾ*
*ਛੱਤਰ 'ਨਾਨਕ' ਤੇ ਤਾਣਿਆ ਨਾਨਕੀ ਨੇ।*

ਜਿਸ ਤਰ੍ਹਾਂ ਬੇਬੇ ਨਾਨਕੀ ਜੀ ਦੀ ਆਪਣੇ ਵੀਰ ਤੇ ਸ਼ਰਧਾ ਸੀ, ਉਸੇ ਤਰ੍ਹਾਂ ਰਾਇ ਬੁਲਾਰ ਜੀ ਨੂੰ ਵੀ ਅਟੁੱਟ ਸ਼ਰਧਾ ਤੇ ਪਿਆਰ ਸੀ। ਇਸੇ ਕਰਕੇ ਉਸ ਨੂੰ ਗੁਰੂ ਨਾਨਕ ਸਾਹਿਬ ਦਾ ਦੂਜਾ ਸਿਖ ਕਿਹਾ ਜਾਂਦਾ ਹੈ। ਜਦੋਂ ਉਸ ਨੇ ਬਾਲ ਸਤਿਗੁਰੂ ਜੀ ਨੂੰ ਦਰਖਤ ਦੇ ਹੇਠਾਂ ਆਰਾਮ ਕਰਦੇ ਦੇਖਿਆ ਤੇ ਹੈਰਾਨ ਹੋਇਆ ਕਿ ਸੂਰਜ ਦੂਜੇ ਪਾਸੇ ਹੈ, ਉਨ੍ਹਾਂ ਤੇ ਛਾਂ ਜਿਉਂ ਦੀ ਤਿਉਂ ਹੈ। ਉਸ ਨੇ ਕਿਹਾ ਸੀ "ਕਾਲੂ! ਮਤ ਇਸ ਪੁੱਤਰ ਨੂੰ ਫਿੱਟੇ ਮੂੰਹ ਦਿੰਦਾ ਹੋਵੇਂ। ਇਸ ਦਾ ਸਦਕਾ ਤਾਂ ਮੇਰਾ ਸ਼ਹਿਰ ਵਸਦਾ ਹੈ"। ਮਹਿਤਾ ਕਾਲੂ ਜੀ ਨੂੰ ਤੇ ਕਿਹਾ "ਤੇਰਾ ਧਨ ਪ੍ਰਤੀ ਲੋਭ ਵਧੀ ਜਾਂਦਾ ਹੈ, ਤੂੰ ਇਸ ਦੀ ਮਹਿਮਾ ਨੂੰ ਨਹੀਂ ਜਾਣਦਾ ਕਿ ਤੇਰਾ ਪੁੱਤਰ ਅੱਲਾ ਦਾ ਨੂਰ ਹੈ, ਇਸ ਨੂੰ ਕੁਝ ਨਹੀਂ ਕਹਿਣਾ, ਜੋ ਨੁਕਸਾਨ ਹੋਵੇ ਮੈਥੋਂ ਲੈ ਲਿਆ ਕਰ।

*ਨੀਲ ਕਪੋਲ ਬਿਲੋਕਤਿ ਲੋਚਨ ।*
*ਮ੍ਰਿਦੁਲ ਲਖਹਿ ਕਰ ਅੱਸ਼ੂ ਮੋਚਨ ।*
*ਦਿਨਪ੍ਰਤਿ ਬ੍ਰਿ'ਧਤਿ ਮਨ ਧਨ ਲੋਭਾ ।*
*ਸੁਤ ਸੁਸ਼ੀਲ ਕੀ ਲਖਤਿ ਨ ਸੋਭਾ ।*

*(ਸ੍ਰੀ ਨਾਨਕ ਪ੍ਰਕਾਸ਼)*

ਸ਼ਾਹ ਰਾਇ ਬੁਲਾਰ ਜੀ ਦੇ ਕਹਿਣ ਤੇ ਹੀ ਆਪ (ਬੇਬੇ ਨਾਨਕੀ ਜੀ) ਦੀ ਸ਼ਾਦੀ ਸੁਲਤਾਨ ਪੁਰ ਵਾਸੀ ਭਾਈਆ ਜੈ ਰਾਮ ਜੀ ਨਾਲ ਹੋਈ ਜੋ ਕਿ ਨਵਾਬ ਦੌਲਤ ਖਾਨ ਦੇ ਦਰਬਾਰ ਵਿਚ ਚੰਗੇ ਅਹੁਦੇ ਤੇ ਨਿਯੁਕਤ ਸਨ। ਮੋਦੀ ਖਾਨੇ ਵਿਚ ਨੌਕਰੀ ਮਿਲਣ ਕਰਕੇ ਗੁਰੂ ਜੀ ਤੇ ਮਾਤਾ ਸੁਲੱਖਣੀ ਜੀ ਵੀ ਸੁਲਤਾਨਪੁਰ ਆ ਜਾਂਦੇ ਹਨ।

ਬੇਬੇ ਨਾਨਕੀ ਜੀ ਛੋਟੇ ਵੀਰ ਦੇ ਚਰਨਾਂ ਤੇ ਨਮਸ਼ਕਾਰ ਕਰਨ ਲਗਦੇ ਹਨ ਤਾਂ ਗੁਰੂ ਜੀ ਬਾਹਾਂ ਤੋਂ ਫੜ ਕੇ ਮਨ੍ਹਾਂ ਕਰਕੇ ਕਹਿੰਦੇ ਹਨ ਕਿ ਤੁਸੀਂ ਮੇਰੇ ਤੋਂ ਵੱਡੇ ਹੋ, ਮੱਥਾ ਟੇਕਣ ਦਾ ਮੇਰਾ ਹੱਕ ਹੈ। ਉਸ ਵੇਲੇ ਬੇਬੇ ਨਾਨਕੀ ਜੀ ਜਵਾਬ ਦਿੰਦੇ ਹਨ ਕਿ ਤੁਸੀਂ ਜਗਤ ਦੇ ਈਸ਼ਰ ਹੋ। ਮੈਂ ਆਪ ਨੂੰ ਭਰਾ ਕਰਕੇ ਨਹੀਂ, ਪ੍ਰਮੇਸ਼ਰ ਰੂਪ ਜਾਣਦੀ ਹਾਂ। ਜਨਮ ਸਾਖੀ ਦੇ ਕਰਤਾ ਨੇ ਵੀ ਇਸ ਪ੍ਰਕਾਰ ਬਚਨ ਲਿਖੇ ਹਨ, ਗੁਰੂ ਨਾਨਕ ਜੀ ਨੇ ਫੁਰਮਾਇਆ " ਬੇਬੇ ਜੀ! ਤੂੰ ਵੱਡੀ ਹੈਂ, ਮੈਂ ਤੇਰੇ ਪੈਰਾਂ ਤੇ ਪਵਾਂ ਕਿ ਤੂੰ ਪਵੇਂ? ਤਾਂ ਪ੍ਰੇਮ ਵਿਚ ਭਿਜੀ ਭੈਣ ਨੇ ਕਿਹਾ "ਭਾਈ ਜੀ! ਤੂੰ ਸੱਚ ਆਖਦਾ ਹੈਂ ਪਰ ਤੂੰ ਤਾਂ ਮੈਨੂੰ ਪ੍ਰਮੇਸ਼ਰ ਨਜ਼ਰ ਆਉਂਦਾ ਹੈਂ"।

*ਵਡੀ ਸੋਦਰੀ ਮੋਹਿ ਤੇ ਬੈਸ ਤੇਰੀ ।*
*ਕਰੋਨ ਬੰਦਨਾ ਯੋਗਤਾ ਹੈ ਸੁ ਮੇਰੀ ।*
*ਨਹੀਂ ਭ੍ਰਾਂਤ ਕਾਂਕੇ ਜਗੰਈਸ਼ ਪੇਖੋਂ ।*
*ਰਿਦੈ ਆਪਨੇ ਮੈਂ ਭ੍ਰਾਤਾ ਭਿ ਲੇਖੋਂ ।*

*(ਸ੍ਰੀ ਨਾਨਕ ਪ੍ਰਕਾਸ਼)*

ਜਿਵੇਂ ਬੇਬੇ ਨਾਨਕੀ ਜੀ ਗੁਰੂ ਨਾਨਕ ਸਾਹਿਬ ਜੀ ਦੇ ਆਉਣ ਤੇ ਖੁਸ਼ੀ ਵਿਚ ਨਹੀਂ ਸਮਾਉਂਦੇ, ਉਸੇ ਤਰ੍ਹਾਂ ਭਾਈਆ ਜੈ ਰਾਮ ਜੀ ਬਹੁਤ ਪ੍ਰਸੰਨ ਹੋਏ। ਕਹਿੰਦੇ ਜਿਸ ਤਰ੍ਹਾਂ ਨਾਲ ਤੁਸੀਂ ਗੁਰੂ ਨਾਨਕ ਸਾਹਿਬ ਜੀ ਦੀ ਭੈਣ ਹੋ ਕੇ ਧੰਨ ਹੋ ਗਏ ਹੋ ਉਸੇ ਤਰ੍ਹਾਂ ਅਸੀਂ ਵੀ ਤੁਹਾਡੇ ਨਾਲ ਸੰਸਾਰਕ ਸੰਬੰਧ ਹੋਣ ਕਰਕੇ ਧੰਨ ਹੋ ਗਏ ਹਾਂ। ਜੈ ਰਾਮ ਜੀ ਦੇ ਇਨ੍ਹਾਂ ਸ਼ਬਦਾਂ ਤੋਂ ਅੰਦਾਜ਼ਾ ਲ'ਗ ਸਕਦਾ ਹੈ ਕਿ ਬੇਬੇ ਨਾਨਕੀ ਜੀ ਨੂੰ ਸਿ'ਖੀ ਦਾ ਕਿੰਨਾਂ ਰੰਗ ਚੜ੍ਹਿਆ ਹੋਇਆ ਸੀ ਕਿ ਉਹ ਆਪਣੇ ਵੀਰ ਨੂੰ ਸੰਸਾਰੀ ਰਿਸ਼ਤੇ ਨਾਲ ਨਹੀਂ ਸਗੋਂ ਨਿਰੰਕਾਰੀ ਜੋਤ ਸਮਝਦੇ ਸੀ।

*ਸ਼੍ਰੀ ਨਾਨਕ ਜੀ ਧੰਨ! ਅਮਰ ਗਨ ਮੰਨਿ ਹੈਂ।*
*ਤੂੰ ਭਗਨੀ ਤਿਨ ਕੇਰਿ ਅਧਿਕ ਮਤ ਧੰਨ ਹੈਂ।*
*ਹੌਂ ਭੀ ਕਛੂਅਕ ਧੰਨ ਅਪਨ ਉਰ ਮਹਿਂ ਲਖੌਂ।*
*ਹੋ ਜਗ ਪ੍ਰਸੰਗ ਮਮ ਤੋਰ, ਭਯੋ ਅਸ ਬਿਧਿ ਪਿਖੌਂ।*

*(ਸ੍ਰੀ ਨਾਨਕ ਪ੍ਰਕਾਸ਼)*

ਉਸ ਵੇਲੇ ਗੁਰੂ ਨਾਨਕ ਦੇਵ ਜੀ ਨੇ ਕਿਹਾ, ਭਾਈਆ ਜੀ! "(ਜੀਜਾ ਜੀ) ਕਿਰਤ ਹੋਵੇ ਤਾਂ ਭਲਾ ਹੋਇ"। ਇਹ ਬਚਨ ਸੁਣ ਕੇ ਝੱਟ ਹੀ ਬੇਬੇ ਨਾਨਕੀ ਜੀ ਨੇ ਕਿਹਾ, "ਵੀਰ! ਤੂੰ ਪ੍ਰਮੇਸ਼ਰ ਰੂਪ ਹੈਂ। ਜੇਹਾ ਰੁਖਾ ਅਲੂਣਾ ਟੁੱਕਰ ਹੈ ਤੇਹਾ ਬੈਠਾ ਖਾਹਿ। ਤੂੰ ਇਨ੍ਹਾਂ ਜੰਜਾਲਾਂ ਵਿਚ ਨਾ ਪਉ। ਤੂੰ ਇਨ੍ਹਾਂ ਜੰਜਾਲਾਂ ਦੇ ਲਾਇਕ ਨਾਹੀਂ"। ਗੁਰੂ ਜੀ ਨੇ ਉਤਰ ਦਿਤਾ, "ਬੇਬੇ ਜੀ! ਕਿਰਤ ਕਰਕੇ ਖਾਈਏ ਤਾਂ ਦੇਹੀ ਪਵਿਤ੍ਰ ਹੋਇ"।

ਜਦੋਂ ਵੇਈਂ ਨਦੀ 'ਚ ਇਸ਼ਨਾਨ ਕਰਕੇ ਗੁਰੂ ਜੀ ਅਲੋਪ ਹੋ ਗਏ ਤਾਂ ਸਾਰੇ ਲੋਕੀਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ, ਕੋਈ ਕਹਿੰਦਾ ਕਿ ਮੋਦੀ ਖਾਨਾ ਲੁਟਾਣ ਕਰਕੇ ਘਾਟਾ ਪੈ ਗਿਆ, ਭੱਜ ਗਏ, ਉਹ ਡੁੱਬ ਗਏ ਆਦਿ। ਬੇਬੇ ਨਾਨਕੀ ਜੀ ਡੋਲਦੇ ਨਹੀਂ, ਉਨ੍ਹਾਂ ਦਾ ਅਟੱਲ ਵਿਸ਼ਵਾਸ਼ ਤੇ ਸ਼ਰਧਾ ਸੀ ਕਿ ਮੇਰਾ ਵੀਰ ਡੁੱਬਣ ਵਾਲਾ ਨਹੀਂ ਸਗੋਂ ਉਹ ਡੁੱਬਦਿਆਂ ਨੂੰ ਤਾਰਨ ਆਇਆ ਹੈ। ਮਾਤਾ ਸੁਲੱਖਣੀ ਜੀ ਵੀ ਰੁਦਨ ਕਰਦੇ ਹਨ ਤੇ ਬੇਬੇ ਨਾਨਕੀ ਜੀ ਇਸ ਤਰ੍ਹਾਂ ਨਾਲ ਧੀਰਜ ਦਿੰਦੇ ਹਨ, ਭਾਬੀ ਜੀ! ਵੀਰ ਰੱਬ ਰੂਪ ਹੈ, ਉਸ ਦਾ ਭੇਦ ਕੋਈ ਨਹੀਂ ਜਾਣ ਸਕਦਾ, ਤੁਸੀਂ ਫਿਕਰ ਨਾ ਕਰੋ, ਮੇਰਾ ਵੀਰ ਤਿੰਨ ਦਿਨ ਬਾਦ ਆ ਜਾਵੇਗਾ।

*ਭੇਦ ਕਛੂ ਨਹਿਂ ਜਾਨਤਿ ਤਾਂਹਿ ਕੋ*
*ਭਾਦ ਸ਼ੋਕ ਔ ਚਿੰਤ ਕਰੀਜੈ ।*
*ਤੋ ਪਤਿ ਆਇ ਮਿਲੈ ਨਿਸ਼ਚੈ ਕਰਿ*
*ਸੀਖ ਯੋਂ ਮੇਰੀ ਰਿਦੈ ਦ੍ਰਿੜ ਲੀਜੈ ।*
*ਤੀਨ ਦਿਨਾਂ ਲਗ, ਹੇ ਸੁ ਕੁਮਾਰਿ!*
*ਉਤਾਰਿ ਨ ਹਾਰ ਸ਼ਿੰਗਾਰ, ਮਨੀਜੈ ।*

ਗੁਰੂ ਨਾਨਕ ਸਾਹਿਬ ਤਿੰਨ ਦਿਨਾਂ ਬਾਦ ਵੇਈਂ ਨਦੀ ਚੋਂ ਬਾਹਰ ਆ ਕੇ ਸਭ ਤੋਂ ਪਹਿਲਾਂ ਬੇਬੇ ਨਾਨਕੀ ਜੀ ਤੇ ਭਾਈਆ ਜੈ ਰਾਮ ਜੀ ਪਾਸ ਟਹਿਲੂਏ ਨੂੰ ਭੇਜਦੇ ਹਨ ਕਿ ਉਨ੍ਹਾਂ ਦੇ ਚਰਨਾਂ ਤੇ ਸੀਸ ਰੱਖ ਕੇ ਮੇਰੇ ਵੱਲੋਂ ਨਮਸ਼ਕਾਰ ਕਰਕੇ ਦੱਸਣਾ ਕਿ ਮੈਂ ਮਿਲਣ ਲਈ ਆ ਰਿਹਾ ਹਾਂ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਬੇਬੇ ਜੀ, ਮੇਰੀ ਕੁਸ਼ਲਤਾ ਲਈ ਹਮੇਸ਼ਾ ਅਰਦਾਸਾਂ ਕਰਦੇ ਰਹਿੰਦੇ ਹਨ।

*ਪ੍ਰਿਥਮ ਭ੍ਰਿਤ ਕੋ ਭੇਜਿਓ, ਜਾਹੁ! ਜਰਾਮ ਅਗਾਰ।*
*ਜਹਿਂ ਬੈਸੀ ਸ਼੍ਰੀ ਨਾਨਕੀ, ਧਰਯੋ ਧਯਾਨ ਸੁਖਸਾਰ ।*

*(ਸ੍ਰੀ ਨਾਨਕ ਪ੍ਰਕਾਸ਼)*

ਸਤਿਗੁਰੂ ਜੀ ਕਈ ਕਈ ਦਿਨ ਮੋਦੀ ਖਾਨੇ ਵਿਚ ਹੀ ਰਹਿੰਦੇ ਹਨ ਤੇ ਘਰ ਬਹੁਤ ਘੱਟ ਆਉਂਦੇ ਹਨ। ਇਕ ਦਿਨ ਬੇਬੇ ਨਾਨਕੀ ਜੀ ਨੇ ਬੁਲਵਾਇਆ ਤੇ ਬੜੇ ਖੁਸ਼ ਹੋਏ ਤੇ ਕਹਿੰਦੇ ਬੇਬੇ ਜੀ! ਤੁਸੀਂ ਮੇਰੇ ਤੋਂ ਵੱਡੇ ਹੋ, ਤੁਸੀਂ ਨਿਤ ਬੁਲਾਵੋ ਮੈਂ ਤੁਹਾਡੀ ਅਗਿਆ ਦਾ ਪਾਲਨ ਕਰਕੇ ਆਂਵਾਂਗਾ।

*ਮੁਝ ਤੇ ਬਯ ਦੀਰਘ ਹੈ ਤੁਮਰੀ।*
*ਨਿਤ ਆਇਸ ਮੈਂ ਲਿਪਸਾ ਹਮਰੀ।*
*ਤੁਮ ਵਾਕ ਨ ਮੋਰਹੁਂ ਮੈਂ, ਕਬਹੀ।*
*ਪਰਤਾਪ ਅਹੈ ਤੁਮਰਾ ਸਭਹੀ।* *(ਸ੍ਰੀ ਨਾਨਕ ਪ੍ਰਕਾਸ਼)*

ਸਤਿਗੁਰ ਜੀ ਕਹਿਣ ਲੱਗੇ ਬੇਬੇ ਜੀ ! ਦੱਸੋ ਕਿਵੇਂ ਯਾਦ ਕੀਤਾ? ਕਹਿਣ ਲੱਗੇ, ਵੀਰ ਜੀ! ਤੁਸੀਂ ਸਾਰੇ ਸੰਸਾਰ ਨੂੰ ਤਾਰਨ ਆਏ ਹੋ, ਸੇਵਕਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਹੋ। ਜੇ ਆਗਿਆ ਹੋਵੇ, ਮੈਂ ਵੀ ਇਕ ਬੇਨਤੀ ਕਰਨੀ ਹੈ। ਬੜੇ ਪ੍ਰਸੰਨ ਹੋ ਕੇ ਕਹਿਣ ਲੱਗੇ, ਬੇਬੇ ਜੀ! ਜੋ ਤੁਹਾਡੇ ਮਨ ਵਿਚ ਹੈ, ਕਹੋ, ਮੈਂ ਤੁਹਾਡਾ ਅਨੁਸਾਰੀ ਹਾਂ।

*'ਇਕ ਸੋਦਰ! ਮੇ ਬਿਨਤੀ ਸੁਨਿਯੇ ।*
*ਇਹ ਬੈਨ ਭਲੇ ਮਨ ਮੈਂ ਗੁਨਿਯੇ ।*
*ਜਬ ਆਇਸੁ ਦੇਹੁ ਕਹੌਂ ਤਬ ਹੀ ।*
*ਉਚਰੋਂ ਨ ਕਦਾਚਿਤ ਯੌਂ ਕਬ ਹੀ ।*

*ਜਨ ਤਾਰਨ ਬੈਨ ਬਿਨੈ ਸੁਨਿ ਕੈ ।*
*ਪਰਸੀਦਤਿ ਭੇ ਨਮਤਾ ਗੁਨਿਕੈ ।*
*ਮਨ ਜੌਨ ਮਨੋਰਥ ਸ਼ੰਕ ਬਿਨਾ ।*
*ਮੁਖ ਭਾਖਹੁ ਮੈਂ ਅਨੁਸਾਰਿ ਸਨਾ ।*

*(ਸ੍ਰੀ ਨਾਨਕ ਪ੍ਰਕਾਸ਼)*

ਕਹਿਣ ਲੱਗੇ ਕਿ ਮੇਰੇ ਮਨ ਦੀ ਇਛਾ ਹੈ ਕਿ ਮੈਨੂੰ (ਆਪਣੇ ਭਤੀਜੇ) ਤੁਹਾਡੇ ਪੁੱਤਰ ਨੂੰ ਖਿਡਾਉਣ ਦੀ ਲਾਲਸਾ ਹੈ ਤਾਕਿ ਸਾਡੇ ਵਿਹੜੇ ਵਿਚ ਖੁਸ਼ੀਆਂ ਦਾ ਆਗਮਨ ਹੋਵੇ, ਮੇਰੀ ਇਹ ਮੰਗ ਪੂਰੀ ਕਰੋ।

*ਸੁਨਿ ਸੋਦਰ ਲਾਲਸ ਰੈਨ ਦਿਨਾ ।*
*ਤੁਮ ਤਾਤ ਪਿਖੌਂ ਤੁ ਅਨੰਦ ਘਨਾ ।*
*ਤਿਹ ਲਾਲਤਿ ਹੋਇ ਖੁਸ਼ੀ ਹਮਰੇ ।*
*ਅਸ ਜਾਚਿ ਕਰੋਨ ਢਿਗ ਮੈਂ ਤੁਮਰੇ ।*

*(ਸ੍ਰੀ ਨਾਨਕ ਪ੍ਰਕਾਸ਼)*

ਬੇਬੇ ਨਾਨਕੀ ਜੀ ਬੜੇ ਸਬਰ-ਸ਼ੁਕਰ-ਸੰਤੋਖ ਤੇ ਧੀਰਜ ਦੇ ਧਾਰਨੀ ਸਨ। ਉਨ੍ਹਾਂ ਦੇ ਆਪਣੀ ਕੋਈ ਉਲਾਦ ਨਹੀਂ ਸੀ, ਆਪਣੇ ਵਾਸਤੇ ਪੁੱਤਰ ਦੀ ਦਾਤ ਨਹੀਂ ਮੰਗੀ ਸਗੋਂ ਵੀਰ ਦੇ ਵਿਹੜੇ ਦੀਆਂ ਖੁਸ਼ੀਆਂ ਦੀ ਮੰਗ ਕੀਤੀ। ਗੁਰੂ ਨਾਨਕ ਸਾਹਿਬ ਜੀ ਨੇ ਉਸੇ ਵੇਲੇ ਬਚਨ ਕਰ ਦਿਤਾ ਕਿ ਇਸਦੀ ਪਾਲਣਾ ਤੁਸੀਂ ਕਰਨੀ ਹੈ, ਇਹ ਤੁਹਾਡਾ ਹੀ ਪੁੱਤਰ ਹੋਵੇਗਾ। ਜਦੋਂ ਬਾਬਾ ਸਿਰੀ ਚੰਦ ਜੀ ਨੇ ਜਨਮ ਲਿਆ ਤਾਂ ਬੇਬੇ ਨਾਨਕੀ ਜੀ ਦੀ ਝੋਲੀ ਵਿਚ ਪਾ ਦਿਤਾ।

ਜਿਸ ਵੇਲੇ ਗੁਰੂ ਨਾਨਕ ਸਾਹਿਬ ਮੋਦੀ ਖਾਨੇ ਦੀ ਕਾਰ ਕਰ ਰਹੇ ਹੁੰਦੇ ਹਨ ਤਾਂ ਉਥੇ ਜਿੰਨੇ ਵੀ ਗਰੀਬ ਲੋੜਵੰਦ ਆਉਂਦੇ ਹਨ, ਸਭ ਦੀਆਂ ਝੋਲੀਆਂ ਭਰ ਕੇ ਭੇਜਦੇ ਹਨ। ਪਹਿਲਾਂ ਮਾਤਾ ਸੁਲੱਖਣੀ ਜੀ ਦੇ ਪਿਤਾ ਮੂਲ ਚੰਦ ਜੀ ਗੁਰੂ ਜੀ ਨੂੰ ਕੌੜੇ ਸ਼ਬਦ ਬੋਲ ਕੇ ਜਾਂਦੇ ਹਨ ਫੇਰ ਮਾਤਾ ਚੰਦੋ ਰਾਨੀ ਜੀ ਬੇਬੇ ਨਾਨਕੀ ਕੋਲ ਆ ਕੇ ਰੋਸ ਕਰਦੇ ਹਨ ਕਿ ਉਹ ਘਰ ਦਾ ਧਿਆਨ ਨਹੀਂ ਕਰਦਾ, ਆਪਣੇ ਭਰਾ ਨੂੰ ਸਮਝਾ, ਲੋਕਾਂ ਨੂੰ ਧਨ ਲੁਟਾਈ ਜਾਂਦਾ ਹੈ। ਮਾਤਾ ਚੰਦੋਂ ਰਾਨੀ, ਗੁਰੂ ਜੀ ਬਾਰੇ ਫਿਕੇ ਬੋਲ ਬੋਲਦੇ ਹਨ। ਉਸ ਵੇਲੇ ਬੇਬੇ ਨਾਨਕੀ ਬੜੇ ਪਿਆਰ ਤੇ ਸਹਿਜ ਨਾਲ ਸਮਝਾਉਂਦੇ ਹਨ ਤੇ ਇਸ ਤਰ੍ਹਾਂ ਨਾਲ ਗੁਰੂ ਜੀ ਦੀ ਆਤਮਿਕ ਉਚਤਾ ਤੇ ਦੈਵੀ ਗੁਣਾਂ ਬਾਰੇ ਦਸ ਕੇ ਨ੍ਰਿਉਤਰ ਕਰ ਦਿੰਦੇ ਹਨ। ਜਨਮ ਸਾਖੀ ਵਿਚ ਇਸ ਤਰ੍ਹਾਂ ਦੇ ਬਚਨ ਲਿਖੇ ਹਨ, "ਸੁਣਿ ਮਾਸੀ ਜੀ! ਮੈਂ ਭਿਰਾਉ ਤਾਂਈ ਕੀ ਸਮਝਾਵਾਂ। ਭਿਰਾਉ ਮੇਰਾ ਚੋਰ ਨਾਹੀ, ਜਾਰ ਨਾਹੀ, ਜੁਆਰੀ ਨਾਹੀ, ਕੋਈ ਬੁਰਾ ਕੰਮ ਨਹੀਂ ਕਰਦਾ। ਮੈਂ ਉਸ ਨੂੰ ਕਿਆ ਸਮਝਾਵਾਂ। ਉਹ ਪੁੰਨ ਦਾਨ ਕਰਦਾ ਹੈ, ਨੰਗੇ ਭੁੱਖੇ ਨੂੰ ਦਿੰਦਾ ਹੈ ਤਾਂ ਆਪਣੀ ਖੱਟੀ ਕਮਾਈ ਵਿਚੋਂ ਕਰਦਾ ਹੈ। ਮੈਂ ਕੀ ਸਮਝਾਵਾਂ? ਆਪਣੀ ਕਮਾਈ ਵਿਚੋਂ ਭਾਵੇ ਸੋ ਕਰੇ"।

*ਬੋਲੀ ਮ੍ਰਿਦੁਲ ਮਾਧੁਰੀ ਬਾਨੀ ।*
*ਸੁਨਿ, ਮਾਸੀ! ਤੂੰ ਪਰਮ ਸਯਾਨੀ ।*
*ਕਿਆ ਸਮਝਾਵੌਂ ਮੈ ਭਲਿ ਬਾਤਾ ।*
*ਕੋ ਕੁਕਰਮ ਨਹਿੰ ਕਰਹੀ ਭਰਾਤਾ ।*
*ਮਹਾਂ ਸੁਸ਼ੀਲੰ ਕਰੁਨਾਖਾਨੀ ।*
*ਅਸਨ ਬਸਨ ਰੰਕਨ ਕੋ ਦਾਨੀ ।*
*ਪਰ ਦੁਖ ਪਿਖਿ ਨਹਿੰ ਜਾਤਿ ਸਹਾਰਾ ।*
*ਸੁਖਦਾਨੀ ਜਿਉਂ ਬ੍ਰਿਖ ਉਪਕਾਰਾ ।*

*(ਸ੍ਰੀ ਨਾਨਕ ਪ੍ਰਕਾਸ਼)*

ਮੋਦੀ ਖਾਨੇ ਦੀ ਨੌਕਰੀ ਛੱਡਣ ਤੋਂ ਬਾਦ ਗੁਰੂ ਜੀ ਨਾਲ ਦੇ ਜੰਗਲ ਵਿਚ ਆਸਨ ਲਾ ਕੇ ਬੈਠ ਜਾਂਦੇ ਹਨ ਤੇ ਰਬਾਬ ਖਰੀਦਣ ਲਈ ਪੈਸਿਆਂ ਵਾਸਤੇ, ਭਾਈ ਮਰਦਾਨਾ ਜੀ ਨੂੰ ਭੈਣ ਨਾਨਕੀ ਜੀ ਪਾਸ ਭੇਜਦੇ ਹਨ। ਬੇਬੇ ਨਾਨਕੀ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ, ਕਹਿਣ ਲ'ਗੇ, ਧੰਨ ਭਾਗ ਮੇਰੇ ਵੀਰ ਜੀ ਨੇ ਮੇਰੇ ਵਾਸਤੇ ਇਹ ਸੇਵਾ ਲਾਈ ਹੈ। ਇਕ ਰਬਾਬ ਦੀ ਕਿਹੜੀ ਗੱਲ ਹੈ, ਮੈਂ ਸੱਤ ਰਬਾਬ ਲੈ ਕੇ ਦਿਆਂਗੀ ਤੇ ਵੀਰ ਇਕ ਵਾਰ ਘਰ ਆ ਕੇ ਸੋਹਣਾ ਮੁਖੜਾ ਵਿਖਾ ਦੇਵੇ।

*ਅਬਹਿ ਰਬਾਬ ਖਰੀਦਨ ਭੇਜਾ ।*
*ਕਹਯੋ ਮੋਲ ਭਗਨੀ ਤੇ ਲੇ ਜਾ ।*
*ਭਨਤਿ ਨਾਨਕੀ ਭਲਾ ਭਯੋ ਹੈ ।*
*ਜੇ ਤੂੰ ਭ੍ਰਾਤਾ ਨਿਕਟਿ ਰਹਯੋ ਹੈ ।*
*ਇਕ ਰਬਾਬ ਕਯਾ ਵਸਤੁ ਹੈ*
*ਸਤਿ ਰਬਾਬ ਲੇ ਦੇਉਂ ।*
*ਬਦਹੁ ਜਾਇ ਸੋਦਰ ਜਸੋ*
*ਸਦਨਹਿ ਬਦਨ ਦਿਖੇਉ*  *(ਸ੍ਰੀ ਨਾਨਕ ਪ੍ਰਕਾਸ਼)*

ਬੇਬੇ ਨਾਨਕੀ ਜੀ ਦਾ ਇਹ ਸੁਨੇਹਾ ਜਦੋਂ ਮਰਦਾਨਾ ਜੀ ਜਾ ਕੇ ਦੱਸਦੇ ਹਨ ਤਾਂ ਸਤਿਗੁਰੂ ਜੀ ਕਹਿੰਦੇ, ਚਲੋ, ਬੇਬੇ ਜੀ ਵੱਡੇ ਹਨ, ਉਨ੍ਹਾਂ ਦਾ ਕਹਿਆ ਅਸੀਂ ਮੋੜ ਨਹੀਂ ਸਕਦੇ। ਉਸ ਵੇਲੇ ਬੇਬੇ ਜੀ ਨੇ ਗੁਰੂ ਜੀ ਨੂੰ ਪਲੰਘ ਤੇ ਬਿਠਾਇਆ, ਖਾਣਾ ਤਿਆਰ ਕਰਕੇ ਭਾਈ ਬਾਲਾ, ਮਰਦਾਨਾ ਸਮੇਤ ਤਿੰਨਾਂ ਨੂੰ ਭੋਜਨ ਛਕਾਇਆ। ਮਰਦਾਨਾ ਜੀ ਨੂੰ ਰਬਾਬ ਖਰੀਦਣ ਵਾਸਤੇ ਮਾਇਆ ਭੇਟ ਕੀਤੀ। ਮਰਦਾਨਾ ਜੀ ਰਬਾਬ ਲੈਣ ਵਾਸਤੇ ਚਲੇ ਗਏ ਤੇ ਗੁਰੂ ਜੀ ਇਕਾਂਤ ਵੇਖ ਕੇ ਫੇਰ ਉਸ ਜੰਗਲ ਵਿਚ ਸਮਾਧੀ ਸਥਿਤ ਹੋ ਕੇ ਬੈਠ ਗਏ।

*ਅਸਨ ਅਚਨ ਹਿਤ ਤੀਨੋਂ ਤਿੰਹ ਛਿਨ*
*ਗਏ ਰਸੋਈ ਥਾਨਾ ।*
*ਪਾਨ ਨਾਨਕੀ ਆਪ ਪਰੋਸਿਤ*
*ਪਰਮੰ ਸਵਾਦਿਨ ਸਾਨਾ ।*
*ਮਰਦਾਨਾ! ਅਬ ਖੋਜਹੁ ਜਾਈ*
*ਮੋਲ ਲੇਹੁ ਜੋ ਹੋਊ ।*
*ਸੁੰਦਰ ਹੇਰ ਰਬਾਬ ਲਿਆਵਹੁ*
*ਸਰਫਾ ਮੋਲ ਨ ਕੋਊ ।*

*(ਸ੍ਰੀ ਨਾਨਕ ਪ੍ਰਕਾਸ਼)*

ਪਹਿਲੀ ਉਦਾਸੀ ਉਪਰੰਤ ਜਦੋਂ ਸਤਿਗੁਰੂ ਜੀ

ਮੱਕੇ-ਮਦੀਨੇ ਦੇ ਲੋਕਾਂ ਉਪਦੇਸ਼ ਬਖਸ਼ ਕੇ ਇਕ ਮਹੀਨਾ ਰਹਿੰਦੇ ਹਨ। ਉਸ ਵੇਲੇ ਇਕ ਜਗ੍ਹਾ ਤੇ ਬੈਠੇ ਹੋਏ ਭਾਈ ਮਰਦਾਨਾ ਜੀ ਨੂੰ ਬਚਨ ਕਰਦੇ ਹਨ, ਕਹਿੰਦੇ ਮਰਦਾਨਿਆ! ਹੁਣ ਦੇਰ ਨਾ ਕਰੀਏ, ਕਿਉਂਕਿ ਭੈਣ ਜੀ ਨਾਲ ਮੇਰਾ ਬਚਨ ਹੈ। ਛੇਤੀ ਨਾਲ ਸੁਲਤਾਨਪੁਰ ਚਲੀਏ, ਬੇਬੇ ਜੀ ਯਾਦ ਕਰ ਰਹੇ ਹਨ।

*ਹੌਹੁਂ ਮਰਦਾਨਾ ਬੈਸੇ ਪਾਸ ਤਹਿ ਥਾਨਾ*
*ਆਜ ਹਮੈਂ ਯਾਦ ਕੀਨੋ*
*ਮਨ ਸੁਸਾ ਨਾਨਕੀ ।*
*ਚਲਯੋ ਅਬ ਚਹਿਯੇ*
*ਨ ਬਿਲੰਬ ਕੋ ਲਗ'ਯੇ*
*ਸੁਧਿ ਲੀਜੈ ਬੇਗ ਜਾਇ ਕਰਿ*
*ਪੁਰ ਸੁਲਤਾਨ ਕੀ ।*
*ਗੁਰੂ ਕਹੈਂ ਤੂਰਨ ਚਲੇਂ*
*ਅਬ ਹੀ ਪੁਰ ਸੁਲਤਾਨ ।*
*ਸੁਸਾ ਸੰਗ ਮਮ ਬਚਨ ਹੈ*
*ਕਿਉਂ ਕਰਿ ਸਕੈਂ ਹੁ ਹਾਨ ।* *(ਸ੍ਰੀ ਨਾਨਕ ਪ੍ਰਕਾਸ਼)*

ਜਿਸ ਵੇਲੇ ਪਹੁੰਚਦੇ ਹਨ ਤਾਂ ਤੁਲਸਾਂ ਦਾਸੀ ਨੇ ਦੂਰੋਂ ਦੇਖ ਲਿਆ ਤੇ ਵਧਾਈ ਦਿੰਦੀ ਹੈ ਕਿ ਤੇਰਾ ਵੀਰ ਗੁਰੂ ਨਾਨਕ ਆ ਗਿਆ ਹੈ। ਸੁਣ ਕੇ ਐਨੀ ਖੁਸ਼ ਹੋਈ ਕਿ ਛੇਤੀ ਨਾਲ ਆ ਕੇ ਚਰਨਾਂ ਨਾਲ ਲਿਪਟ ਜਾਂਦੀ ਹੈ। ਸਤਿਗੁਰੂ ਜੀ ਬਾਹਾਂ ਤੋਂ ਫੜ ਕੇ ਉਠਾ ਕੇ ਕਹਿੰਦੇ ਹਨ ਕਿ ਬੇਬੇ ਜੀ! ਤੂੰ ਮੇਰੇ ਤੋਂ ਵੱਡੀ ਹੈਂ, ਇਹ ਮੇਰਾ ਫਰਜ਼ ਹੈ, ਤੇਰਾ ਆਦਰ ਤੇ ਸਤਿਕਾਰ ਮੇਰੇ ਲਈ ਮਹਾਨ ਹੈ।

*ਤੁਲਸਾਂ ਜੋ ਦਾਸੀ ਸੋਊ*
*ਦੇਖ ਹਰਖਾਈ ਕਹੈ*
*ਬਹੁ ਜੀ! ਵਧਾਈ,*
*ਤੁਮ ਭ੍ਰਾਤ ਆਯੋ ਜਾਨਿਯੇ ।*
*ਧਾਈ ਹਰਖਾਈ*
*ਫਨਰਇ ਮਨ ਪਾਈ ਮਨੋ*
*ਘਰੀ ਸੁਖਦਾਈ ਸੋਊ ਭਈ ਅਪ੍ਰਮਾਨਿਯੇ ।*
*ਦੇਖ ਨਿਜ ਭਾਈ*
*ਪਦਕੰਜ ਲਪਟਾਈ*
*ਗੁਰੂ ਹਾਥ ਸੋਂ ਉਚਾਈ ਸਨਮਾਨਿਤ ਮਹਾਨਿਯੇ ।*
*(ਸ੍ਰੀ ਨਾਨਕ ਪ੍ਰਕਾਸ਼)*

ਪਲੰਘ ਤੇ ਆਦਰ ਨਾਲ ਬਿਠਾ ਕੇ ਬਚਨ ਬਿਲਾਸ ਕਰਦੇ ਹਨ ਤੇ ਸਤਿਗੁਰੂ ਜੀ ਪੁਛਦੇ ਹਨ ਕਿ ਬੇਬੇ ਜੀ! ਕਿਵੇਂ ਯਾਦ ਕੀਤਾ? ਕਹਿੰਦੇ ਤੁਹਾਨੂੰ ਵਿਛੜਿਆਂ ਕਈ ਸਾਲ ਹੋ ਗਏ ਜਦੋਂ ਤੁਸੀਂ ਮੋਦੀਖਾਨਾ ਲੁਟਾਇਆ ਸੀ, ਮੇਰਾ ਚਿਤ ਦਰਸ਼ਨਾਂ ਵਾਸਤੇ ਬਿਹਬਲ ਸੀ। ਭਾਈ ਮਰਦਾਨਾ ਜੀ ਨੇ ਜਦੋਂ ਗੁਰੂ ਨਾਨਕ ਸਾਹਿਬ ਜੀ ਦੇ ਕੌਤਕਾਂ ਦੀਆਂ ਅਨੇਕਾਂ ਸਾਖੀਆਂ ਸੁਣਾਈਆਂ ਤਾਂ ਬੇਬੇ ਜੀ ਉਚੀ ਆਤਮਿਕ ਅਵਸਥਾ ਨਾਲ ਸੁਣ ਸੁਣ ਕੇ ਪ੍ਰਸੰਨ ਹੋਏ ਤੇ ਕਹਿਣ ਲੱਗੇ, ਭਾਈ ਮਰਦਾਨਾ! "ਫਿਰ ਇਹ ਗ'ਲਾਂ ਕਿਸੇ ਨੂੰ ਨਾ ਕਹੀਂ। ਪ੍ਰਮੇਸ਼ਰ ਲੋਕਾਂ ਦੀ ਗੱਲ ਸੰਸਾਰ ਦੇ ਲੋਕਾਂ ਨੂੰ ਨਹੀਂ ਦੱਸੀਦੀ"। ਉਸ ਵੇਲੇ ਬਚਨ ਕਰਦੇ ਹੋਏ ਸਤਿਗੁਰ ਜੀ ਕਹਿੰਦੇ ਬੇਬੇ ਜੀ! ਅਸੀਂ ਜ਼ਿਆਦਾ ਸਮਾਂ ਠਹਿਰਨਾ ਨਹੀਂ, ਅਸੀਂ ਅੱਗੇ ਜਾਣਾ ਹੈ। ਐਨੀ ਗੱਲ ਕਹਿਣ ਦੀ ਦੇਰ ਸੀ ਕਿ ਬੇਬੇ ਜੀ ਦੇ ਨੈਣਾਂ ਚੋਂ ਛਮ-ਛਮ ਹੰਝੂ ਵਹਿ ਤੁਰੇ ਤੇ ਭਾਈਆ ਜੈ ਰਾਮ ਜੀ ਵੀ ਆ ਗਏ।

*ਸੁਸਾ ਮੋਹ ਨਾਸ਼ ਕਰਿ,*
*ਗਯਾਨ ਕੋ ਬਿਚਾਰ ਉਰ*
*ਮਿਲਨ ਬਿਯੋਗ ਤਨ ਧਰਮ ਜਨੀਜਿਯੇ ।*
*(ਸ੍ਰੀ ਨਾਨਕ ਪ੍ਰਕਾਸ਼)*

ਸਤਿਗੁਰੂ ਜੀ ਕਹਿਣ ਲੱਗੇ ਕਿ ਤੁਸੀਂ ਸਰੀਰਕ ਮੋਹ ਦਾ ਤਿਆਗ ਕਰੋ, ਸਰੀਰ ਦਾ ਧਰਮ ਹੈ ਵਿਛੜਨਾ, ਅਸੀਂ ਤਾਂ ਹਮੇਸ਼ਾ ਹੀ ਅੰਤਰ-ਆਤਮੇ ਮਿਲੇ ਹੋਏ ਹਾਂ, ਜਦ ਤੁਸੀਂ ਯਾਦ ਕਰੋਗੇ, ਉਸੇ ਵੇਲੇ ਆ ਜਾਂਵਾਂਗੇ। ਜੈ ਰਾਮ ਜੀ ਨੇ ਵੀ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਕਿਹਾ ਤੁਸੀਂ ਲੰਮੇ ਸਫਰ ਤੋਂ ਥੱਕ ਕੇ ਆਏ ਹੋ, ਇਥੇ ਹੀ ਕੁਝ ਸਮਾਂ ਹੋਰ ਰਹਿ ਕੇ ਸਾਨੂੰ ਦਰਸ਼ਨ ਦੇ ਕੇ ਨਿਹਾਲ ਕਰੋ। ਬੇਬੇ ਜੀ ਨੇ ਬੜੇ ਪਿਆਰ ਨਾਲ ਪ੍ਰਸ਼ਾਦਾ ਛਕਾਇਆ। ਸਤਿਗੁਰੂ ਜੀ ਕਹਿੰਦੇ, ਬੇਬੇ ਜੀ! ਹੁਣ ਅਸੀਂ ਚਲਦੇ ਹਾਂ, ਜਦੋਂ ਯਾਦ ਕਰੋਗੇ ਆਵਾਂਗੇ, ਹੁਣ ਆਗਿਆ ਦੇਵੋ। ਬੇਬੇ ਜੀ ਤੇ ਭਾਈਆ ਜੀ ਨੂੰ ਧਰਵਾਸ ਦੇ ਕੇ ਸਤਿਗੁਰੂ ਜੀ ਅਗਲੇ ਸਫਰ ਲਈ ਰਵਾਨਾ ਹੋ ਗਏ।

ਦੂਜੀ ਉਦਾਸੀ ਤੋਂ ਜਦੋਂ ਗੁਰੂ ਨਾਨਕ ਸਾਹਿਬ ਵਾਪਸ ਸੁਲਤਾਨਪੁਰ ਆਏ ਤਾਂ ਬੇਬੇ ਨਾਨਕੀ ਜੀ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ ਸਤਿਗੁਰੂ ਜੀ ਨੂੰ ਰੋਕ ਲਿਆ। ਸਤਿਗੁਰੂ ਜੀ ਆਪਣੇ ਹੱਥੀਂ ਬੇਬੇ ਜੀ ਦਾ ਅੰਤਿਮ ਸਸਕਾਰ ਕੀਤਾ ਤੇ ਤਿੰਨ ਦਿਨ ਬਾਦ ਭਾਈਆ ਜੈ ਰਾਮ ਜੀ ਵੀ ਚੜ੍ਹਾਈ ਕਰ ਗਏ। ਦੋਵਾਂ ਦੇ ਫੂਲ ਵੇਈਂ ਨਦੀ ਵਿਚ ਪ੍ਰਵਾਹ ਕੀਤੇ। ਐਸੀ ਮਹਾਨ ਪਵਿਤ੍ਰ ਆਤਮਾ, ਪਿਆਰ, ਵੈਰਾਗ ਤੇ ਤਿਆਗ ਦੀ ਮੂਰਤ ਬੇਬੇ ਨਾਨਕੀ ਜੀ ਸਦਾ ਵ ਾਸਤੇ ਅਮਰ ਹਨ ਤੇ ਸਿਖ ਜਗਤ ਦੇ ਦਿਲਾਂ ਵਿਚ ਵਸੇ ਹੋਏ ਅਤੀ ਸਤਿਕਾਰਯੋਗ ਹਸਤੀ ਹਨ। ਵੀਰ ਨਾਨਕ ਪ੍ਰਤੀ ਬੇਬੇ ਨਾਨਕੀ ਜੀ ਦੀ ਪ੍ਰੇਮ ਗਾਥਾ ਅਕਿਹ ਹੈ, ਵਰਨਣ ਨਹੀਂ ਕੀਤੀ ਜਾ ਸਕਦੀ। ਆਪ ਜੀ ਕਿੰਨੇ ਧੰਨਤਾ ਦੇ ਯੋਗ ਹਨ ਜਿਨ੍ਹਾਂ ਨੂੰ ਸਤਿਗੁਰੂ ਜੀ ਦੇ ਵੱਡੇ ਭੈਣ ਜੀ ਹੋਣ ਦਾ ਮਾਣ ਪ੍ਰਾਪਤ ਹੋਇਆ ਅਤੇ ਜਿਸ ਕਰਕੇ ਗੁਰੂ ਨਾਨਕ ਸਾਹਿਬ ਜੀ ਦਾ ਨਾਮ ਲੈਂਦਿਆਂ ਉਹ ਆਪਣੇ ਆਪ ਹੀ ਚੇਤੇ ਵਿਚ ਆ ਕੇ ਪਵਿਤ੍ਰ ਯਾਦ ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਆਰ ਵਾਲੀ ਰੱਬੀ ਝਰਨਾਹਟ ਦੇ ਕੇ ਸਰਸ਼ਾਰ ਕਰ ਜਾਂਦੇ ਹਨ।

*'ਚਲਦਾ...............।'*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਦਸੰਬਰ ਅੰਕ, ਪੰਨਾ-61)*

ਪੰਡਾ (ਅੱਖਾਂ ਮੀਟ ਕੇ, ਫਿਰ ਖੋਲ੍ਹ ਕੇ) - ਮਿਹਰ?

ਗੁਰੂ ਜੀ - ਹਾਂ ਮਿਹਰ, ਰੱਬ ਦੇ ਘਰ ਮਿਹਰ ਰੱਬ ਦੇ ਬੰਦੇ ਘਰ ਮਿਹਰ, ਹਾਜ਼ਰਾਂ ਕੂੰ ਮਿਹਰ।

ਪੰਡਾ ਉੱਠ ਕੇ ਬੇ-ਸੁੱਧ ਬ੍ਰਾਹਮਣ ਨੂੰ ਚਾ ਲਿਆਇਆ ਤੇ ਚਰਨਾਂ ਅੱਗੇ ਪਾ ਦਿਤਾ। ਜੋਗੀ ਰਾਜ ਦੀਆਂ ਅੱਖਾਂ ਤਾੜੇ ਲਗ ਰਹੀਆਂ ਸਨ, ਸਾਹ ਕਿਸੇ ਅਨੋਖੀ ਤਰ੍ਹਾਂ ਆ ਰਹੇ ਸਨ, ਹੱਥ ਪੈਰ ਢਿੱਲੇ ਸਟੀਜੇ ਪਏ ਸਨ, ਸਤਿਗੁਰੂ ਵੇਖ ਕੇ ਮੁਸਕਰਾਏ ਤੇ ਬੋਲੇ -

ਚਿਟਾਨ ਨਾਲ ਟੱਕਰ ਮਾਰਿਆਂ ਆਪਣਾ ਸਿਰ ਪਾਟਦਾ ਹੈ, ਖੂਹ ਖੱਟਿਆਂ ਖਾਤਾ ਮਿਲਦਾ ਹੈ, ਜਾਦੂ ਕੀਤਿਆਂ ਜਾਦੂ ਪੈਂਦਾ ਹੈ। ਨਿਰਵੈਰ ਪਿਆ ਹੈ ਚਿਟਾਨ, ਉਸ ਨੂੰ ਵੈਰ ਦੀ ਟੱਕਰ ਮਾਰਿਆਂ ਆਪਣਾ ਸਿਰ ਖੁੱਲ੍ਹਦਾ ਹੈ। 'ਨਿਰਵੈਰ' ਇਕ ਬਲੋਰ ਦੀ ਚਿਟਾਨ ਹੈ, ਜਿਸ ਵਲ ਮਾਨਸਿਕ ਲਹਿਰਾਂ ਘੱਲੀਆਂ ਟਕਰਾ ਕੇ ਪਰਤਦੀਆਂ ਤੇ ਆਪਣੇ 'ਤੇ ਆ ਕੇ ਪੈਂਦੀਆਂ ਤੇ ਆਪੇ ਨੂੰ ਮੂਰਛਤ ਕਰਦੀਆਂ ਹਨ। ਮਾਨਸਿਕ ਬਲ ਨਿਰਵੈਰ ਬਲ ਨਾਲ ਟਕਰਾ ਕੇ ਆਪੇ ਨੂੰ ਮਾਰਦਾ ਹੈ। ਕੌਣ ਕਿਸ ਨੂੰ ਮਾਰਦਾ ਹੈ? ਆਪਾ ਆਪੇ ਨੂੰ ਮਾਰਦਾ ਹੈ। ਆਪਾ ਸੱਤਿ ਨੂੰ ਉਲਟਾ ਕੇ ਅਸੱਤਿ ਦੀ ਓਟ ਲੈ ਕੇ ਸਤਿ ਨਾਲ ਟਕਰਾਉਂਦਾ ਹੈ ਤੇ ਲੰਮੇ ਸਾਹ ਲੈਂਦਾ ਹੈ। ਹਾਂ ਮਰਦਾਨਿਆਂ! ਬਈ ਲਾ ਇਸ ਬ੍ਰਾਹਮਣ ਨੂੰ ਆਪਣੇ ਅਛੂਤ ਜਾਤੀ ਦੇ ਚਰਨ ਜੋ ਕੁਲੀਨ ਮਹਾਂ ਰਿਸ਼ੀ ਦੀ ਹੋਸ਼ ਪਰਤੇ ਤੇ ਜਾਗ ਜੀ ਉੱਠੇ।

ਮਰਦਾਨੇ ਨੇ ਉਠ ਕੇ ਹਿਲਾਯਾ, ਸਿਰ ਤੇ ਰਬਾਬ ਦੀ ਠੁਹਕਰ ਨਾਲ ਪਿਆਰ ਦਿਤਾ, ਤਾਂ ਜੋਗੀ ਰਾਜ ਦੀਆਂ ਅੱਖਾਂ ਬੰਦ ਹੋ ਗਈਆਂ, ਸੁਆਸ ਠੀਕ ਹੋ ਗਿਆ ਤੇ ਚਿਹਰੇ ਦੀ ਕ੍ਰਾਂਤਿ ਬਦਲ ਗਈ ਤੇ ਕੋਈ ਕੱਚੀ ਘੜੀ ਵਿਚ ਉੱਠ ਕੇ ਬੈਠ ਗਿਆ। ਇਹ ਕ੍ਰਿਸ਼ਮਾਂ ਵੇਖ ਕੇ ਪੰਡੇ ਦਾ ਹਿਰਦਾ ਹੁਣ ਸਾਰਾ ਬਦਲ ਗਿਆ ਕਿ ਇਹ ਜ਼ਰੂਰ ਮਹਾਂਪੁਰਖ ਹੈ, ਇਸ ਵਿਚ ਮਹਾਨ ਸ਼ਕਤੀ ਹੈ, ਜਿਸ ਤੋਂ ਬੇਸੁੱਧ ਕਰ ਕੇ ਸੱਟ ਦੇਣ ਵਾਲਾ ਅਸਰ ਪਾਉਂਦਾ-ਪਾਉਂਦਾ ਬ੍ਰਾਹਮਣ ਆਪ ਬੇਸੁੱਧ ਹੋ ਕੇ ਮਰ ਚੱਲਿਆ ਸੀ। ਇਸ ਵਿਚ ਫਿਰ ਕਿੱਡੀ ਤਾਕਤ ਹੈ ਕਿ ਝੱਟ ਵਲ ਕਰ ਦਿਤਾ ਹੈਸੁ। ਇਹ ਫਿਰ ਬਖਸ਼ਿਸ਼ ਦਾ ਸਮੁੰਦਰ ਹੈ, ਸ਼ਾਂਤੀ ਦਾ ਭੰਡਾਰ ਹੈ, ਫਿਰ ਅਭੈ ਹੈ। ਗੱਲ ਕਰਦਾ ਹੈ ਤਾਂ ਪੰਡਤਾਈ ਤੇ ਵਿਦਵਤਾ ਮਾਤ ਪੈਂਦੀਆਂ ਹਨ, ਸੱਚਮੁੱਚ ਇਹ ਅਵਤਾਰ ਹੈ। ਅਵਤਾਰ ਤੋਂ ਘੱਟ ਕਿਸੇ ਵਿਚ ਇਹ ਗੁਣ ਨਹੀਂ ਹੋ ਸਕਦੇ, ਹੁਣ ਸ਼ਰਣ ਲੈਣੀ ਹੀ ਠੀਕ ਹੈ।

ਪੰਡਾ - ਮਹਾਰਾਜ! ਮੇਰਾ ਉਧਾਰ ਕੀਕੂੰ?

ਗੁਰੂ ਜੀ - ਕੁਲੱਛਨ ਛੱਡਿਆਂ।

ਪੰਡਾ - ਕੁਲੱਛਨ ਕੀ-ਕੀ ਹਨ?

ਗੁਰੂ ਜੀ - ਅਸੱਤਿ, ਝੂਠ।

ਪੰਡਾ - ਜੀ ਹੋਰ?

ਗੁਰੂ ਜੀ - ਜਿੱਥੇ ਵਾਹਿਗੁਰੂ ਦਾ ਸਿਮਰਨ ਹੋ ਕੇ ਕੀਰਤਨ ਹੋਵੇ, ਪਰਮੇਸ਼ੁਰ ਦਾ ਪਿਆਰ ਧਿਆਨ ਹੋਵੇ, ਅਰਥਾਤ, ਜਿੱਥੇ 'ਨਾਮ' ਹੈ ਉਥੇ ਅਦਬ ਕਰਿਆ ਕਰ, ਪਰਮੇਸ਼ੁਰ ਦੇ ਪਿਆਰਿਆਂ ਨੂੰ ਡਰਾਇਆ ਨਾ ਕਰ।

ਪੰਡਾ - ਮੇਰਾ ਉਧਾਰ?

ਗੁਰੂ ਜੀ - ਨਾਮ ਜਪੁ। ਨਾਮ ਸਿਮਰ, ਨਾਮ ਧਯਾਉ, ਨਾਮ ਵਿਚ ਖੇਡ, ਇੱਲਤਾਂ ਛੱਡ ਦੇਹ।

